
Monthly Atam Marg Magazine April 2007
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
20/-
ਆਤਮ ਮਾਰਗ

ਸਾਲ ਤੇਰ੍ਹਵਾਂ, ਅੰਕ ਪਹਿਲਾ, ਮਹੀਨਾ ਅਪ੍ਰੈਲ 2007

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**
**ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**
**ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM**

## FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order, Cheque, Draft & correspondence**
V.G.R.M Charitable Trust 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb. India.

**Office 'Atam Marg' Ph. No. - 0160-2255002, 2255009**
**Gurudwara Ishar Parkash Ratwara Sahib - 98551-32009**
***Mobile - 9417214391,79***
**For more information please visit us on internet at:-**
**Email : atammarg1@yahoo.co.in**
Wbsite. www.ratwarasahib.org
www.atammarguk.com

***ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।***

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।**

## ਤੱਤਕਰਾ


1. ਬਾਰਾਮਾਹਾ 2
2. ਸੰਪਾਦਕੀ 3
3. ਚਉਥੈ ਪਹਿਰ ਸਬਾਹ ਕੈ 4
4. ਗੁਰ ਕੀ ਪ੍ਰਤੀਤ 8
5. ਵਿਸਾਖੀ 15
6. ਸੰਤ ਸਰਨ ਜੋ ਜਨ ਪਰੈ 41
7. ਪਵਨ ਗੁਰੂ ਤੋਂ ਸ਼ਬਦ ਗੁਰੂ 44
8. ਸੰਤ ਬਿਮਲਾ ਸਿੰਘ ਜੀ 46
7. ਕਰਮ ਬੰਧਨ ਤੋਂ ਮੁਕਤੀ 50
8. ਯੋਗਾ ਉਪਰ ਲੈਕਚਰ 55


## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

ਪਰਮ ਸਤਿਕਾਰ ਯੋਗ ਬੀਜੀ - 9417214381
ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383
ਸਕੂਲ ਟਰਾਂਸਪੋਰਟ - 9417214384, ਕਾਲਜ - 94172 14382
ਸੰਤ ਬਾਬਾ ਰਾਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰਾਂ ਵਾਲੇ 9417214380
ਆਡੀਓ ਵੀਡੀਓ ਲਾਇਬ੍ਰੇਰੀ 94172 14385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥***
***ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥***
***ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥***
***ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥***
***ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥***
***ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥***
***ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥***
***ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥***
***ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ਪੰਨਾ - 133***

ਵੈਸਾਖ ਦਾ ਮਹੀਨਾ ਬੜੀ ਸੁਹਾਵਣੀ ਰੁੱਤ ਵਾਲਾ ਹੈ ਅਤੇ ਹਰ ਇਸਤ੍ਰੀ ਪੁਰਸ਼ ਲਈ ਖੁਸ਼ੀਆਂ ਭਰਿਆ ਰੀਝਾਂ ਵਾਲਾ ਮਹੀਨਾ ਮੰਨਿਆ ਜਾਂਦਾ ਹੈ ਪਰ ਵੈਸਾਖ ਦੇ ਇਸ ਸੁਹਾਵਣੇ ਮਹੀਨੇ ਵਿਚ ਵੀ ਉਨ੍ਹਾਂ ਇਸਤ੍ਰੀਆਂ ਦਾ ਦਿਲ ਕਿਵੇਂ ਟਿਕ ਸਕਦਾ ਹੈ, ਖੁਸ਼ ਹੋ ਸਕਦਾ ਹੈ ਜੋ ਆਪਣੇ ਪ੍ਰੀਤਮ ਤੋਂ ਵਿਛੁੜੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੇ ਅੰਦਰ ਪਤੀ-ਪਿਆਰ ਦੀ ਅਣਹੋਂਦ ਹੈ ਅਤੇ ਵਿਛੋੜੇ ਦਾ ਅਨੁਭਵ ਹੀ ਨਹੀਂ। ***(ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ)*** ਵਿਛੋੜਾ ਸਭ ਤੋਂ ਵੱਡਾ ਦੁਖ ਹੈ ਪਰ ਇਸ ਤੋਂ ਵੀ ਵੱਡਾ ਦੁਖ ਹੈ ਵਿਛੋੜੇ ਦੇ ਅਨੁਭਵ ਦਾ ਖਤਮ ਹੋ ਜਾਣਾ। ਜੇ ਵਿਛੋੜੇ ਦਾ ਅਹਿਸਾਸ ਹੋਵੇਗਾ ਤਾਂ ਮਿਲਾਪ ਲਈ ਉਦਮ-ਸ਼ੀਲ ਹੋਇਆ ਜਾ ਸਕਦਾ ਹੈ ਪਰ ਜੇ ਭਾਵਨਾ ਹੀ ਮਰ ਜਾਵੇ, ਤਾਂ ਬੜੀ ਦੁਖਦਾਈ ਅਵਸਥਾ ਹੁੰਦੀ ਹੈ। ਇਸ ਤਰ੍ਹਾਂ ਜਿਹੜੇ ਜੀਵਾਂ ਨੂੰ ਮਨ-ਮੋਹਣੀ ਮਾਇਆ ਚੰਬੜ ਜਾਂਦੀ ਹੈ, ਉਹ ਸੱਜਣ ਪ੍ਰਭੂ ਨੂੰ ਭੁੱਲ ਹੀ ਜਾਂਦੇ ਹਨ। ਉਨ੍ਹਾਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦਾ ਹੈ? ***(ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹ)*** ਮਾਇਆ ਦੇ ਪਿਆਰ ਵਿਚ ਉਹ ਇਹ ਸਚਾਈ ਭੁੱਲ ਜਾਂਦੇ ਹਨ ਕਿ ਨਾ ਪੁੱਤਰ, ਨਾ ਇਸਤ੍ਰੀ, ਨਾ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸ਼ੀ ਪ੍ਰਮਾਤਮਾ ਹੀ ਨਾਲ ਨਿਭਣ ਵਾਲਾ ਅਸਲ ਸਾਥੀ ਹੈ ਜਿਸ ਨੇ ਸਹਿਜ ਸੁਖ ਸ਼ਾਂਤੀ ਬਖਸ਼ਿਸ਼ ਕਰਨੀ ਹੈ ਅਤੇ ਜਿਸ ਦੇ ਮਿਲਾਪ ਤੋਂ ਜੀਵਨ-ਮਨੋਰਥ ਦੀ ਸਿੱਧੀ ਹੋਣੀ ਹੈ ***(ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ)***

ਇਸ ਸਬੰਧ ਵਿਚ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥***
***ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥***
***ਪੰਨਾ - 700***

ਇਸ ਸਚਾਈ ਦੇ ਬਾਵਜੂਦ ਸਾਰੀ ਲੋਕਾਈ ਨਾਸ਼ਵੰਦ ਸੰਸਾਰਕ ਧੰਦਿਆਂ ਦੇ ਮੋਹ ਵਿਚ, ਉਲਝ ਉਲਝ ਕੇ ਆਪਾ ਬਰਬਾਦ ਕਰ ਰਹੀ ਹੈ, ਆਤਮਿਕ ਮੌਤ ਮਰ ਰਹੀ ਹੈ, ਦੁਖ ਸਹੇੜ ਰਹੀ ਹੈ। ***(ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ)*** ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿਚ ਮਨੁੱਖ ਇਹ ਭੁਲੀ ਬੈਠਾ ਹੈ ਕਿ ਕੇਵਲ ਪ੍ਰਭੂ-ਨਾਮ ਹੀ ਨਾਲ ਨਿਭਣ ਵਾਲੀ ਅਮੋਲਕ ਵਸਤੂ ਹੈ, ਨਾਮ ਤੋਂ ਬਿਨਾਂ ਹੋਰ ਸਾਰੀਆਂ ਕਿਰਿਆਵਾਂ, ਰਜੋ, ਤਮੋ, ਸਤੋ ਤਿੰਨਾਂ ਗੁਣਾਂ ਵਿਚ ਕੀਤੇ ਸਾਰੇ ਕਰਮ ਪਹਿਲਾਂ ਹੀ ਖੋਹ ਲਏ ਜਾਂਦੇ ਹਨ, ਜੀਵ ਦੇ ਕਲਿਆਣ ਹਿਤ ਇਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ। ***(ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ)***

ਪੰਚਮ ਪਾਤਸ਼ਾਹ ਦਾ ਫੁਰਮਾਨ ਹੈ -

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥ ਪੰਨਾ - 747***

ਇਹ ਅਟੱਲ ਸਚਾਈ ਹੈ ਕਿ ਪਿਆਰੇ ਪ੍ਰਭੂ ਨੂੰ ਵਿਸਾਰਨ ਨਾਲ, ਭੁੱਲਣ ਨਾਲ ਜੀਵਨ ਵਿਚ ਖੁਆਰੀ ਹੀ ਖੁਆਰੀ ਹੈ ***(ਹਰਿ ਬਿਸਰਤਿ ਸਦਾ ਖੁਆਰੀ)*** ਕਿਉਂਕਿ ਪ੍ਰਮਾਤਮਾ ਤੋਂ ਬਿਨਾਂ ਜਿੰਦ ਦਾ ਕੋਈ ਸੱਚਾ ਸਾਥੀ ਨਹੀਂ ਹੁੰਦਾ, ਨਾ ਹੀ ਹੋ ਸਕਦਾ ਹੈ ***(ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ)*** ਇਸ ਲਈ ਜਿਹੜੇ ਜੀਵ ਪ੍ਰਭੂ ਪ੍ਰੀਤਮ ਦੀ ਚਰਨੀਂ ਲਗਦੇ ਹਨ ਉਨ੍ਹਾਂ ਦੀ ਲੋਕ ਪ੍ਰਲੋਕ ਵਿਚ ਭਲੀ ਸੋਭਾ ਹੁੰਦੀ ਹੈ। ***(ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ)***

ਤਾਂ ਤੇ ਹੇ ਪ੍ਰਭੂ! ਤੇਰੇ ਦਰ ਤੇ ਸੰਨਿਮਰ ਬੇਨਤੀ ਹੈ ਕਿ ਮੈਨੂੰ ਵੀ ਤੇਰਾ ਦਿਲ ਰੱਜਵਾਂ ਪਿਆਰ ਤੇ ਮਿਲਾਪ ਨਸੀਬ ਹੋਵੇ। ***(ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ)*** ਵਿਸਾਖ ਦਾ ਮਹੀਨਾ ਸੁਹਾਵਣਾ ਹੈ, ਸੋਹਣਾ ਹੈ, ਖੇੜੇ ਤੇ ਹਰਿਆਵਲ ਵਾਲਾ ਹੈ ਪਰ ਜਿੰਦ ਨੂੰ ਵਿਸਾਖ ਦਾ ਖੁਸ਼ੀਆਂ ਭਰਿਆ ਮਹੀਨਾ ਵੀ ਤਾਂ ਹੀ ਸੋਹਣਾ ਲਗਦਾ ਹੈ ਜੇ ਹਰੀ ਸੰਤ ਪ੍ਰਭੂ ਦਾ ਮਿਲਾਪ ਹੋ ਜਾਵੇ। ***(ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ)*** ਤਾਂ ਤੇ ਪ੍ਰਭੂ ਮਿਲਾਪ ਲਈ ਨਾਮ-ਸਿਮਰਨ ਵਿਚ ਜੁੱਟ ਜਾਣਾ ਹੀ ਸਰਵੋਤਮ ਕਿਰਿਆ ਹੈ, ਸੁਖ, ਸਹਿਜ ਸ਼ਾਂਤੀ ਦਾ ਮਾਰਗ ਹੈ। ਇਹੋ ਜੀਵਨ ਮਨੋਰਥ ਹੈ।

# ਸੰਪਾਦਕੀ

ਵਿਸ਼ਵ ਪ੍ਰਸਿਧੀ ਪ੍ਰਾਪਤ ਰੂਹਾਨੀ ਮੈਗਜ਼ੀਨ ਆਤਮ ਮਾਰਗ ਵੈਸਾਖੀ 1995 ਨੂੰ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਨੇ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਹਸਤਕੰਵਲਾਂ ਰਾਹੀਂ ਸ਼ੁਰੂ ਕਰਵਾਇਆ ਸੀ। ਹੁਣ ਇਹ ਆਪਣਾ ਰੂਹਾਨੀ ਸਫਰ ਦੇ ਪੂਰੇ 12 ਸਾਲ ਤਹਿ ਕਰਦਾ ਹੋਇਆ 13ਵੇਂ ਸਾਲ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਮਹਾਂਪੁਰਸ਼ਾਂ ਨੇ 31 ਅਕਤੂਬਰ 2001 ਤੱਕ ਆਪਣੇ ਸਰੀਰਕ ਜੀਵਨ ਕਾਲ ਵਿੱਚ ਬਹੁਤ ਹੀ ਚੜ੍ਹਦੀ ਕਲਾ ਦੇ ਵਿੱਚ ਇਸ ਦਾ ਸੰਚਾਲਿਤ ਕੀਤਾ ਹੈ। ਹੁਣ ਪਰਮ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਚੜ੍ਹਦੀ ਕਲਾ ਵੱਲ ਜਾ ਰਿਹਾ ਹੈ। ਪਿਆਰ ਵਾਲੇ ਪ੍ਰੇਮੀ ਜਗਿਆਸੂ ਨਾਮ ਜਪਣ ਦੇ ਪਾਂਧੀ ਇਸ ਮੈਗਜ਼ੀਨ ਦੀ ਤਨ ਮਨ ਧਨ ਨਾਲ ਮਹਾਨ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਸਾਨੂੰ ਇਸ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਦੀ ਯਾਦ ਆ ਰਹੀ ਹੈ ਕਿ ਕਿਵੇਂ ਉਨ੍ਹਾਂ ਵੱਲੋਂ ਰੂਹਾਨੀ ਸੰਦੇਸ਼ ਨੂੰ ਸੰਸਾਰ ਦੇ ਕੋਨੇ ਕੋਨੇ ਵਿੱਚ ਪਹੁੰਚਾਉਣ ਵਾਸਤੇ ਮਹਾਨ ਉਪਰਾਲਾ ਕੀਤਾ ਗਿਆ ਸੀ। ਆਪ ਜੀ ਦੇ ਅਗੰਮੀ ਅਟੱਲ ਬਚਨ ਯਾਦ ਆ ਰਹੇ ਹਨ। ਕਿ ਜਿਸ ਘਰ ਦੇ ਵਿੱਚ ਆਤਮ ਮਾਰਗ ਜਾਵੇਗਾ ਉਸ ਘਰ ਅੰਦਰ ਖੁਸ਼ਿਆਲੀ ਦੇ ਨਾਲ ਸੁਖ ਸ਼ਾਂਤੀ ਆਤਮਿਕ ਅਨੰਦ ਦੀ ਪ੍ਰਾਪਤੀ ਹੋਵੇਗੀ ਕਿਉਂਕਿ ਇਸ ਅੰਦਰ ਸਰੀਰਕ ਘਰ ਦੀ ਖੋਜ ਦਾ ਮਾਰਗ ਬਹੁਤ ਹੀ ਸਿਧੇ ਸਪਸ਼ਟ ਸ਼ਬਦਾਂ ਅੰਦਰ ਪ੍ਰਕਾਸ਼ਿਤ ਹੋ ਰਿਹਾ ਹੈ। ਮਹਾਨ ਗੁਰਮਤਿ ਸਿਧਾਂਤ, ਫਿਲਾਸਫੀ ਨੂੰ ਬਹੁਤ ਹੀ ਸਰਲ ਸ਼ਬਦਾਂ ਅੰਦਰ ਇਹ ਮੈਗਜ਼ੀਨ ਪ੍ਰਗਟ ਕਰਦਾ ਹੈ। ਇਸ ਦੀ ਇਹ ਵਿਲੱਖਣਤਾ ਹੁਣ ਤੱਕ ਕਾਇਮ ਰਹੀ ਹੈ ਕਿ ਕੋਈ ਵੀ ਇੱਕ ਅੱਖਰ ਕਿਸੇ ਦੇ ਦਿਲ ਨੂੰ ਠੇਸ ਪਹੁੰਚਾਉਣ ਵਾਲਾ ਨਹੀਂ ਲਿਖਿਆ ਜਾਂਦਾ ਹੈ। ਮਹਾਨ ਗੁਰਮਤਿ ਸਿਧਾਂਤ ਦੀ ਧੁਰ ਦਰਗਾਹੀ ਸਰਵ ਸਾਂਝੀ ਗੁਰਬਾਣੀ ਦੇਸ਼ਾਂ, ਕੌਮਾਂ, ਨਸਲਾਂ, ਫਿਰਕਿਆਂ, ਮਜ਼੍ਹਬਾਂ ਤੋਂ ਉਪਰ ਚੁੱਕ ਕੇ ਸਭ ਨੂੰ ਆਪਣੇ ਪਿਆਰ ਭਰੇ ਕਲਾਵੇ ਵਿੱਚ ਲੈ ਰਹੀ ਹੈ। ਰਾਗ ਅਤੇ ਦਵੈਸ਼ ਦਾ ਤਾਂ ਨਾਮ ਨਿਸ਼ਾਨ ਵੀ ਨਹੀਂ ਹੈ।

ਇਸ ਮੈਗਜ਼ੀਨ ਨੂੰ ਵੈਸਾਖ ਮਹੀਨੇ ਦੀ ਗੁਰਬਾਣੀ ਕਥਾ ਦੇ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਮਹੀਨੇ ਵਿੱਚ ਜੋ ਸਤਿਗੁਰ ਜੀ ਸਾਨੂੰ ਫੁਰਮਾਨ ਕਰਦੇ ਹਨ, ਉਸ ਤੱਤਵ ਗਿਆਨ ਨੂੰ ਸਮਝ ਕੇ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ।

ਗੁਰ ਕੀ ਪ੍ਰਤੀਤ ਸਿਰਲੇਖ ਹੇਠ ਮਹਾਂਪੁਰਸ਼ਾਂ ਦਾ ਮਹਾਨ ਅਨੁਭਵ ਗੁਰਮਤਿ ਪ੍ਰਕਾਸ਼ ਅੰਦਰ ਪ੍ਰਗਟ ਹੋਇਆ ਹੈ। ਇਸ ਲੇਖ ਨੂੰ ਪੜ੍ਹ ਕੇ ਸਡੇ ਅੰਦਰ ਗੁਰੂ ਦਾ ਭਰੋਸਾ ਵਿਸ਼ਵਾਸ਼ ਪਰਪੱਕ ਹੁੰਦਾ ਹੈ। ਗੁਰੂ ਏਕ ਹੈ ਅਤੇ ਸੇਵਾ ਅਨੇਕ ਹੈ। ਇਸ ਲਈ ਇਕ ਹੀ ਗੁਰੂ ਉਪਰ ਭਰੋਸਾ ਹਰ ਕਾਰਜ ਵਿੱਚ ਸਹਾਈ ਹੁੰਦਾ ਹੈ।

ਵੈਸਾਖੀ ਦੀ ਮਹਾਨਤਾ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਇਸ ਦਿਨ ਨੂੰ ਖੁਸ਼ੀਆਂ ਚਾਵਾਂ ਮਲਾਰਾਂ ਨਾਲ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਜਾਂਦਾ ਹੈ। ਇਸ ਦੀ ਮਹਾਨਤਾ ਦੇ ਵੱਖੋ ਵੱਖਰੀਆਂ ਇਤਿਹਾਸਕ ਘਟਨਾਵਾਂ ਨੂੰ ਪ੍ਰਗਟਾਉਂਦਾ ਹੋਇਆ ਮਹਾਂਪੁਰਸ਼ਾਂ ਦਾ ਅਨੁਭਵ ਖਾਲਸੇ ਦੇ ਪ੍ਰਕਾਸ਼ ਉਤਸਵ ਉਪਰ ਚਾਨਣਾ ਪਾ ਰਿਹਾ ਹੈ।

'ਸੰਤ ਸ਼ਰਨ ਜੋ ਜਨ ਪਰੇ' ਮਹਾਂਪੁਰਸ਼ਾਂ ਦੇ ਨਾਲ ਆਪ ਬੀਤੀ ਦਾ ਝਲਕਾਰਾ ਪਾਉਣ ਵਾਲਾ ਲੇਖ ਪਿਆਰੇ ਦੇ ਪਿਆਰ ਭਰੇ ਦੇਸ਼ ਅੰਦਰ ਪਹੁੰਚਾ ਸਕਦਾ ਹੈ।

'ਪਵਣ ਗੁਰੂ ਤੋਂ ਸ਼ਬਦ ਗੁਰੂ' ਭਾਈ ਕਰਤਾਰ ਸਿੰਘ ਜੀ ਨੀਲ ਧਾਰੀ ਦਾ ਖੋਜ ਭਰਪੂਰ ਲੇਖ ਵੀ ਪੜ੍ਹ ਕੇ ਵਿਚਾਰਨ ਯੋਗ ਹੈ।

ਸੰਤ ਬਿਮਲਾ ਸਿੰਘ ਜੀ ਦੇ ਮਹਾਨ ਪ੍ਰਉਪਕਾਰੀ ਜੀਵਨ ਦੀ ਝਲਕ ਰਸਕ ਬੈਰਾਗੀ ਮਹਾਨ ਯੁੱਗ ਪੁਰਸ਼ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਰਚਨਾਂ ਹੈ। ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਵਿਲੱਖਣ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ।

ਕਰਮ ਬੰਧਨ ਤੋਂ ਮੁੱਕਤੀ ਅਤੇ ਯੋਗਾ ਉਪਰ ਲੈਕਚਰ ਸੰਸਾਰ-ਸੁ-ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ ਦੀ ਰਚਨਾਂ ਨੂੰ ਸਤਿਕਾਰਯੋਗ ਡਾ. ਬੀਬੀ ਤਜਿੰਦਰ ਕੌਰ ਮਲਹੋਤਰਾ ਅਨੁਵਾਦ ਕਰਕੇ ਹਰ ਮਹੀਨੇ ਹੀ ਮਹਾਂਪੁਰਸ਼ਾਂ ਦੇ ਪਿਆਰ ਅੰਦਰ ਨਿਸ਼ਕਾਮ ਸੇਵਾ ਕਰ ਰਹੇ ਹਨ।

ਸਤਿਪੁਰਸ਼ਾਂ ਦੀ ਸੰਗਤ ਸੋਭਤ ਸ਼ੋਰਤ ਦਾ ਸਾਨੂੰ ਪੂਰਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਜੇਕਰ ਸੰਤਾਂ ਦਾ ਇੱਕ ਵੀ ਬਚਨ ਆਪਣੇ ਜੀਵਨ ਵਿੱਚ ਅਮਲੀ ਤੌਰ ਉਪਰ ਕਮਾ ਲਿਆ ਜਾਵੇ ਉਹ ਹੀ ਸਾਡਾ ਭਲਾ ਕਰ ਸਕਦਾ ਹੈ। ਇਸ ਲਈ ਆਪ ਤਾਂ ਆਤਮ ਮਾਰਗ ਮੈਗਜ਼ੀਨ ਨੂੰ ਪੜ੍ਹਦੇ ਹੀ ਹੋ ਹੋਰਨਾਂ ਨੂੰ ਵੀ ਪੜ੍ਹਾਉਣ ਦਾ ਉਪਰਾਲਾ ਕਰਨ ਦੀ ਕੋਸ਼ਿਸ਼ ਜਾਰੀ ਰੱਖਣੀ ਚਾਹੀਦੀ ਹੈ।

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

**ਬਹੁਤ** ਜੁੱਗ ਲੰਘ ਗਏ, ਜੋ ਹਿੰਦੂ ਮਤ ਦੀ ਗਿਣਤੀ-ਮਿਣਤੀ ਹੈ ਉਸ ਦੇ ਵਿਚ ਬੜੀ ਇਨ੍ਹਾਂ ਨੇ ਖੋਜ ਕਰੀ ਹੈ ਵੇਦਾਂ ਦੇ ਵਿਚ ਆਰੀਅਨ ਨਸਲ ਨੇ। ਬਹੁਤ ਗਹਿਰੇ ਗਏ ਹੋਏ ਨੇ ਅਜੇ ਤੱਕ ਸਾਇੰਸ ਨਹੀਂ ਉਥੇ ਤੱਕ ਪਹੁੰਚੀ। ਜੋ ਬਾਤਾਂ ਉਨ੍ਹਾਂ ਨੇ ਲਿਖ ਦਿਤੀਆਂ ਜਾਂ ਅਨੁਭਵ ਵਿਚ ਯੋਗੀਆਂ ਨੇ ਲਿਆਂਦੀਆਂ ਸੋ ਉਸ ਦੇ ਵਿਚ 'ਕਲਪਾਂ' ਦਾ ਜ਼ਿਕਰ ਆਉਂਦਾ ਹੈ। ਹਜ਼ਾਰ ਵਾਰੀ ਜਦੋਂ ਚਾਰ ਯੁੱਗ ਲੰਘ ਜਾਣ - ਚਾਰ ਅਰਬ ਬੱਤੀ ਕਰੋੜ ਸਾਲ ਲੰਘ ਜਾਵੇ ਉਸ ਵੇਲੇ ਇਕ ਕਲਪ ਹੋ ਜਾਇਆ ਕਰਦਾ ਹੈ। ਫੇਰ ਇਨ੍ਹਾਂ ਦੇ ਵਿਚ ਮਨਮੰਤਰ ਹੁੰਦੇ ਨੇ, ਹਜ਼ਾਰਾਂ ਹੀ ਕਲਪ ਲੰਘ ਜਾਣ ਤਾਂ ਇਕ ਮਨਮੰਤਰ ਹੋਇਆ ਕਰਦਾ ਹੈ। ਇਸ ਤਰ੍ਹਾਂ ਇਹ ਗਿਣਤੀ ਬਹੁਤ ਵੱਡੀ ਹੈ, ਕੋਈ 50-60 ਸਿਫਰ ਜਾ ਪਹੁੰਚਦੀ ਹੈ। ਸੋ ਮਹਾਰਾਜ ਨੇ ਇਸ ਗੱਲ ਵਿਚ ਨਹੀਂ ਸਾਨੂੰ ਪਾਇਆ। ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਕਿ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥* *ਅੰਗ - ੬੩੧*

ਪਿਆਰਿਆ! ਤੈਨੂੰ ਮਨੁੱਖ ਦਾ ਸਰੀਰ ਬਹੁਤ ਜੁੱਗਾਂ ਦੇ ਵਿਚ ਫਿਰਦੇ ਨੂੰ ਲੱਭਿਆ। ਇਥੇ ਹੁਣ ਇਹ ਵੀ ਹੋ ਜਾਂਦਾ ਹੈ ਕਿ ਇਹ ਕੁਝ ਹੋਰ ਵੀ ਬਣਿਆ। ਆਪ ਫੁਰਮਾਨ ਕਰਦੇ ਨੇ ਕਿ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

ਪਸ਼ੂ ਵੀ ਅਸੀਂ ਬਣਦੇ ਰਹੇ ਹਾਂ, ਦਰਖਤ ਵੀ ਬਣਦੇ ਰਹੇ ਹਾਂ, 24 ਲੱਖ ਕਿਸਮ ਦੇ ਜੜ੍ਹੀਆਂ-ਬੂਟੀਆਂ ਦਰਖਤਾਂ ਦੇ ਵਿਚੀਂ ਇਹ ਜੀਵ ਆਤਮਾ ਨੇ ਉਪਰ ਨੂੰ ਤਰੱਕੀ ਕਰੀ। ਸਾਢੇ ਸੱਤ ਲੱਖ ਕਿਸਮ ਦੇ ਉਡਣ ਵਾਲੇ ਪਰਿੰਦੇ ਨੇ। ਇਸ ਤਰ੍ਹਾਂ ਨਾਲ ਗਿਣਤੀ ਹੈ ਬੜੀ ਲੰਮੀ-ਚੌੜੀ ਜਿਸ ਨੂੰ 83 ਲੱਖ ਤੱਕ ਗਿਣਿਆ ਗਿਆ ਹੈ। ਮਹਾਰਾਜ ਨੇ ਵੀ ਉਸ ਨੂੰ 84 ਕਹਿ ਦਿਤਾ ਕਹਿੰਦੇ ਇਸ ਦੇ ਵਿਚੋਂ ਆਇਆ ਹੈਂ ਤੂੰ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਬੰਦੇ ਦੇ ਮਨ ਵਿਚ ਇਹ ਬਾਤ ਨਹੀਂ ਆਉਂਦੀ ਕਿ ਮੈਂ ਵਾਹਿਗੁਰੂ ਨੂੰ ਮਿਲਣਾ ਹੈ ਕਿਉਂਕਿ ਉਹ ਸੁਰਤ ਨਹੀਂ ਇਸਨੂੰ ਮਿਲੀ ਹੋਈ। ਕੋਈ-ਕੋਈ ਭਾਗਾਂ ਵਾਲਾ ਬੰਦਾ ਹੈ ਜਿਸ ਦੇ ਪੂਰਬਲੇ ਕਰਮ ਬਹੁਤ ਉਤਮ ਹੋਣ ਉਸਨੂੰ ਇਹ ਖਿਆਲ ਆਉਂਦਾ ਹੈ ਕਿ ਮੈਂ ਇਹ ਮਾਨਸ ਦੇਹੀ ਵਾਹਿਗੁਰੂ ਮਿਲਣ ਵਾਸਤੇ ਪਾਈ ਹੈ ਲੇਕਿਨ ਰਸਤਾ ਲੱਭਦਾ ਨਹੀਂ ਹੈ। ਰਸਤਾ ਲੱਭੇ ਕਿਵੇਂ? ਵਾਹਿਗੁਰੂ ਹੈ ਕਿੱਥੇ? ਜਿਸਨੂੰ ਅਸੀਂ ਮਿਲਣਾ ਹੈ? ਉਸ ਦਾ ਸੁਭਾਅ ਕਿਹੋ ਜਿਹਾ ਹੈ? ਉਸ ਦੇ ਬਾਰੇ ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਮਨੁੱਖ ਕੋਸ਼ਿਸ਼ ਕਰਦਾ ਚਲਿਆ ਆ ਰਿਹਾ ਹੈ, ਬੇਅੰਤ ਰਸਤੇ ਕੱਢੇ ਨੇ, ਬੇਅੰਤ ਰਸਤਿਆਂ ਦੇ ਵਿਚੀਂ ਮਨੁੱਖ ਨੇ ਜਾਨਣ ਦਾ ਯਤਨ ਕੀਤਾ ਹੈ। ਮਹਾਰਾਜ ਜੀ ਕਹਿੰਦੇ ਨਹੀਂ ਫੇਰ ਵੀ ਵਿਚਾਲੇ ਰਹਿ ਗਏ ਪਹੁੰਚ ਨਹੀਂ ਸਕੇ, ਕੋਈਓ ਪਹੁੰਚਿਆ ਹੈ। ਨਾ ਦੇਵਤੇ ਪਹੁੰਚ ਸਕੇ ਨੇ, ਦੇਵਤਿਆਂ ਦੇ ਬਾਰੇ ਤਾਂ ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਕਿ ਜਿਹੜੇ ਮੁਖੀ ਦੇਵਤੇ ਨੇ ਉਨ੍ਹਾਂ ਨੂੰ ਵੀ ਪਤਾ ਨਹੀਂ ਲੱਗਿਆ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਅੰਗ - ੭*

ਇਨ੍ਹਾਂ ਨੂੰ ਦੂਜੀ ਬੋਲੀ ਦੇ ਅੰਦਰ ਤ੍ਰਿਮੂਰਤੀ (ਵਿਸ਼ਨੂੰ, ਬ੍ਰਹਮਾ ਤੇ ਸ਼ਿਵ) ਕਹਿੰਦੇ ਨੇ। ਬ੍ਰਹਮ, ਵਿਸ਼ਨੂੰ, ਮਹੇਸ਼ ਜੋ ਦੇਵਤਿਆਂ ਦੇ ਮੁਖੀ ਤੇ ਸਭ ਤੋਂ ਵੱਡੇ ਨੇ ਕਹਿੰਦੇ ਇਹ ਕੰਮ ਤਾਂ ਕਰ ਰਹੇ ਨੇ ਵੱਡੀ ਤਾਕਤ ਦੇ ਮਾਲਕ ਨੇ - ਇਕ ਸੰਸਾਰ ਨੂੰ ਪੈਦਾ ਕਰ ਰਿਹਾ ਹੈ, ਇਕ ਪਾਲ ਰਹੇ ਨੇ ਤੇ ਇਕ ਇਸਨੂੰ ਲੈਅ, ਖਤਮ ਕਰ ਰਹੇ ਨੇ, ਨਵਿਆਂ ਨੂੰ ਲਿਆ ਰਹੇ ਨੇ। ਇਹ ਤਿੰਨ ਸ਼ਕਤੀਆਂ ਕੰਮ ਕਰਦੀਆਂ ਨੇ। ਅਸੀਂ ਮਨੁੱਖਾਂ ਨੇ ਉਨ੍ਹਾਂ ਨੂੰ ਕੋਈ ਨਾ ਕੋਈ ਸ਼ਕਲ ਦੇ ਕੇ ਆਪਣੇ ਵਰਗੀ ਸਮਝਣ ਲਈ ਸੌਖ ਪੈਦਾ ਕਰ ਲਈ। ਸ਼ਕਤੀ ਤਾਂ ਬਿਜਲੀ ਵੀ ਹੈ, ਹੋਰ ਵੀ ਅਨੇਕਾਂ ਕਿਸਮ ਦੀਆਂ ਸ਼ਕਤੀਆਂ ਨੇ ਪਰ ਇਹ ਨਿਰਜਿੰਦ ਸ਼ਕਤੀਆਂ ਨੇ,

ਜਿੰਦ ਨਹੀਂ ਹੈ ਇਨ੍ਹਾਂ ਵਿਚ, ਅਨੁਭਵ ਨਹੀਂ ਹੈ, ਸੁਰਤ ਨਹੀਂ ਹੈ ਤੇ ਜਿਨ੍ਹਾਂ ਸ਼ਕਤੀਆਂ ਦਾ ਜ਼ਿਕਰ ਮਹਾਰਾਜ ਜੀ ਕਰਦੇ ਨੇ ਇਹ ਸੁਰਤ ਵਾਲੀਆਂ ਸ਼ਕਤੀਆਂ ਨੇ, ਜਿੰਦ ਵਾਲੀਆਂ ਸ਼ਕਤੀਆਂ ਨੇ। ਇਨਸਾਨ ਤੋਂ ਬੇਅੰਤ ਵੱਧ ਸ਼ਕਤੀਆਂ ਦੇ ਮਾਲਕ ਨੇ, ਤਾਕਤ ਦੇ ਮਾਲਕ ਨੇ ਪਰ ਇਹ ਵੀ -

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ - ੭*

ਅਸਚਰਜ ਗੱਲ ਇਹ ਹੈ ਕਿ ਵਾਹਿਗੁਰੂ ਤਾਂ ਇਨ੍ਹਾਂ ਨੂੰ ਦੇਖਦਾ ਹੈ ਪਰ ਵਾਹਿਗੁਰੂ ਨੂੰ ਇਹ ਨਹੀਂ ਦੇਖ ਸਕਦੇ ਕਿਉਂਕਿ ਉਸ ਦਾ ਕੋਈ ਰੂਪ-ਰੰਗ ਨਹੀਂ ਹੈ -

***ਚੱਕ੍ਰ ਚਿਹਨ ਅਰੁ ਬਰਨ ਜਾਤਿ***
***ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥***
***ਜਾਪੁ ਸਾਹਿਬ***

ਬੇਅੰਤ ਸੰਸਾਰ ਏਸ ਤਰ੍ਹਾਂ ਦਾ ਸਰੂਪ ਦੇਖ ਕੇ ਨਾਸਤਕ ਹੋ ਜਾਂਦਾ ਹੈ ਕਿ ਫੇਰ ਹੋਇਆ ਕੀ ਉਹ ਕਿਉਂਕਿ ਰੂਪ ਤੇ ਰੰਗ ਹਮੇਸ਼ਾ ਪ੍ਰਕ੍ਰਿਤੀ ਦਾ ਹੋਇਆ ਕਰਦਾ ਹੈ, ਮਾਇਆ ਦਾ ਹੋਇਆ ਕਰਦਾ ਹੈ। ਪ੍ਰਮੇਸ਼ਰ ਸ਼ਕਤੀ ਹੈ ਹੋਂਦ ਹੈ, 'ਸਤਿ' ਹੋਂਦ। ਉਸ ਦੇ ਗੁਣ ਨੇ ਬੇਅੰਤ - ਕ੍ਰਿਪਾਲੂ ਹੈ, ਦਇਆਲੂ ਹੈ। ਬਦਲੇ ਨਹੀਂ ਉਹ ਲੈਂਦਾ, ਨਾ ਉਹ ਕਿਸੇ ਦੇ ਖਿਲਾਫ ਹੈ, ਨਿਰਭਉ ਹੈ, ਨਿਰਵੈਰ ਹੈ, ਕਰਤਾ ਹੈ, ਪੁਰਖ ਹੈ ਜੋ ਸਾਰੇ ਸਮਾਇਆ ਹੋਇਆ ਹੈ, ਜੂਨਾਂ ਵਿਚ ਨਹੀਂ ਆਉਂਦਾ ਫੇਰ ਆਪਣੇ-ਆਪ ਪੂਰਨ ਗਿਆਨਵਾਨ ਹੈ, ਸਭ ਤੋਂ ਵੱਡਾ ਹੈ ਤੇ ਕ੍ਰਿਪਾ ਦਾ ਘਰ ਹੈ ਪਰ ਨਾਲ ਇਹ ਹੈ ਕਿ ਗੁਰੂ ਤੋਂ ਬਗੈਰ ਉਸਦਾ ਮਿਲਾਪ ਨਹੀਂ ਹੁੰਦਾ। ਅਸੀਂ ਕਿਤਾਬਾਂ ਵੀ ਪੜ੍ਹਦੇ ਹਾਂ, ਹੋਰ ਵੀ ਅਨੇਕਾਂ ਕਿਸਮ ਦੇ ਵਿਚਾਰ ਸੁਣਦੇ ਹਾਂ ਫੇਰ ਸਾਨੂੰ ਇਸ ਰਸਤੇ ਦਾ ਗਿਆਨ ਕਿਉਂ ਨਹੀਂ ਹੁੰਦਾ? ਕਿਉਂ ਨਹੀਂ ਅਸੀਂ ਪਹੁੰਚ ਸਕਦੇ? ਇਹ ਜਿਹੜਾ ਸ਼ਬਦ ਹੈ ਇਸ ਦੇ ਵਿਚ ਮਹਾਰਾਜ ਜੀ ਨੇ ਵੈਰਾਗ ਦੀ ਹੱਦ ਦੱਸੀ ਹੈ ਕਿ ਮੇਰੇ ਹਿਰਦੇ ਵਿਚ ਪਿਆਰ ਪੈਦਾ ਹੋ ਗਿਆ, ਖਿੱਚ ਪੈਦਾ ਹੋ ਗਈ ਕਿ ਮੈਂ ਕਿਸ ਤਰੀਕੇ ਦੇ ਨਾਲ ਮਿਲਾਂ। ਬੇਅੰਤ ਥਾਵਾਂ ਤੇ ਮੈਂ ਬੇਅੰਤ ਯਤਨ ਕੀਤੇ ਤੇ ਫਿਰਦੇ-ਫਿਰਦੇ ਮੈਨੂੰ ਇਹ ਪਤਾ ਲਗ ਗਿਆ ਕਿ ਇਹ ਪ੍ਰਭੂ ਤੇ ਜੀਵਨ ਬਿਲਕੁਲ ਐਉਂ ਨੇ ਜਿਵੇਂ ਇਕ ਬਿਸਤਰ ਤੇ ਪਤੀ ਅਤੇ ਪਤਨੀ ਹੁੰਦੇ ਨੇ, ਐਨਾ ਨੇੜੇ ਹੋਣ ਦੇ ਬਾਵਜੂਦ ਫੇਰ ਮਿਲਾਪ ਕਿਉਂ ਨਹੀਂ ਹੁੰਦਾ? ਮਹਾਰਾਜ ਜੀ ਕਹਿੰਦੇ ਇਕ ਨੂੰ ਨੀਂਦ ਆਈ ਹੋਈ ਹੈ ਗਾੜ੍ਹੀ ਜੇ ਵਾਹਿਗੁਰੂ ਜਗਾਵੇ ਤਾਂ ਉਹ ਜਾਗੇ ਤੇ ਨੀਂਦ ਦੇ ਵਿਚ ਹੀ ਉਸ ਦੇ ਕਰੋੜਾਂ ਸਾਲ ਲੰਘ ਗਏ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ - ੯੨੦*

ਪ੍ਰਾਕ੍ਰਿਤੀ ਦੀ ਗਾੜ੍ਹੀ ਨੀਂਦ ਨੇ ਉਸ ਨੂੰ ਐਨਾ ਬੇਹੋਸ਼ ਕਰ ਦਿਤਾ ਕਿ ਉਸ ਨੂੰ ਜਾਗ ਹੀ ਨਹੀਂ ਆਉਂਦੀ ਸਮਾਂ ਲੰਘਦਾ ਜਾਂਦਾ ਹੈ। ਅਸੀਂ ਰਾਤ ਨੂੰ ਪੈਂਦੇ ਹਾਂ ਸਾਡੇ ਸਰੀਰ ਨੂੰ ਪੰਜ ਸੱਤ ਘੰਟੇ ਨੀਂਦ ਆਉਣ ਤੋਂ ਬਾਅਦ ਜਾਗ ਆ ਜਾਂਦੀ ਹੈ ਲੇਕਿਨ ਇਸ ਨੂੰ ਜਾਗ ਨਹੀਂ ਆਉਂਦੀ, ਇਹ ਸੁੱਤੀ ਪਈ ਸੁਪਨੇ ਲੈ ਰਹੀ ਹੈ, ਸੁਪਨੇ ਦੇ ਨਾਲ ਹੀ ਇਹ ਪਰਚੀ ਹੋਈ ਹੈ -

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਅੰਗ - ੭੦੭*

ਸੁਪਨੇ ਵਿਚ ਹੀ ਚਿੱਤ ਲਾ ਕੇ, ਸੁਪਨੇ ਵਿਚ ਹੀ ਵਿਹਾ ਕੇ ਫੇਰ ਦੂਸਰੇ ਸੁਪਨੇ ਵਿਚ, ਫੇਰ ਤੀਸਰੇ ਵਿਚ, ਫੇਰ ਚੌਥੇ ਵਿਚ। ਮਹਾਰਾਜ ਕਹਿੰਦੇ ਇਹ ਸੁਰਤ ਦਾ ਨੀਵਾਂਪੁਣ ਹੈ, ਸੁਰਤ ਨੂੰ ਉਚਿਆਈ ਪ੍ਰਾਪਤ ਨਹੀਂ ਹੁੰਦੀ, ਨੀਵੇਂ ਦਰਜੇ ਤੇ ਸੁਰਤ ਰਹਿ ਕੇ ਇਹ ਸਮਾਂ ਬਤੀਤ ਕਰਦੀ ਜਾਂਦੀ ਹੈ। ਸੋ ਸੁਰਤਾਂ ਅਨੇਕ ਕਿਸਮ ਦੀਆਂ ਨੇ ਜਿਹੋ ਜਿਹੀ ਕਿਸੇ ਨੂੰ ਸੁਰਤ ਬਖਸ਼ੀ ਹੈ -

***ਜੈਸੀ ਮਤਿ ਦੇਇ ਤੈਸਾ ਪਰਗਾਸ ॥***
***ਪਾਰਬ੍ਰਹਮੁ ਕਰਤਾ ਅਬਿਨਾਸ ॥ ਅੰਗ - ੨੭੫***

ਉਸੇ ਸੁਰਤ ਦੇ ਵਿਚ ਚਲਿਆ ਜਾ ਰਿਹਾ ਹੈ ਕਿਨਾਰਾ ਕੋਈ ਲੱਭਦਾ ਨਹੀਂ ਹੈ, ਹੱਠ ਕਰੀ ਜਾਂਦਾ ਹੈ, ਨਮਾਜ਼ ਪੜ੍ਹਨ ਵਾਲਾ, ਨਮਾਜ਼ਾਂ ਪੜ੍ਹੀ ਜਾਂਦਾ ਹੈ, ਰੋਜ਼ੇ ਰੱਖੀ ਜਾਂਦਾ ਹੈ, ਜ਼ਕਾਤ ਦੇਈ ਜਾਂਦਾ ਹੈ, ਗਾਇਤ੍ਰੀ ਪੜ੍ਹਨ ਵਾਲਾ ਗਾਇਤ੍ਰੀ ਪੜ੍ਹੀ ਜਾਂਦਾ ਹੈ, ਗੀਤਾ ਪੜ੍ਹੀ ਜਾਂਦਾ ਹੈ, ਵੇਦਾਂ ਦਾ ਪਾਠ ਕਰੀ ਜਾਂਦਾ ਹੈ, ਆਹੀ ਹਾਲ ਸਾਡਾ ਹੈ। ਕੋਈ ਕੁਝ ਕਰਦਾ ਹੈ, ਕੋਈ ਕਿਸੇ ਤਰੀਕੇ ਨਾਲ ਚਲਦਾ ਹੈ, ਕਿਸੇ ਨੇ ਇਹ ਤਰੀਕਾ ਕੱਢ ਲਿਆ ਕਿ ਸਮ, ਦਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ। ਤਿੰਨਾਂ ਨਾੜੀਆਂ ਦੇ ਵਿਚਕਾਰਲੀ ਜੋ ਨਾੜੀ ਹੈ, ਸੁਖਮਨਾ ਨਾੜੀ ਜਿਸਨੂੰ ਕਹਿੰਦੇ ਨੇ ਇਸ ਦੇ ਵਿਚੀਂ ਪ੍ਰਾਣਾਂ ਨੂੰ ਦਾਖਲ ਕਰਕੇ 'ਕੁੰਡਲਨੀ' ਨੂੰ ਜਾਗ੍ਰਤ ਕਰਕੇ ਫੇਰ 'ਬ੍ਰਹਮ ਰੁੰਦਰ' ਤੱਕ ਗਗਨ ਮੰਡਲ ਵਿਚ ਪਹੁੰਚਿਆ ਜਾਵੇ। ਇਸ ਤਰ੍ਹਾਂ ਦੇ ਬੇਅੰਤ ਯਤਨ ਹੋਏ ਨੇ ਲੇਕਿਨ ਮਹਾਰਾਜ ਜੀ ਕਹਿੰਦੇ ਪਹੁੰਚਣਾ ਬਹੁਤ ਔਖਾ ਹੈ, ਯੋਗੀ ਵੀ ਨਹੀਂ ਪਹੁੰਚ ਸਕਦੇ ਥੱਲੇ ਰਹਿ ਜਾਂਦੇ ਨੇ।

ਸੋ ਇਸ ਤਰ੍ਹਾਂ ਸੁਰਤ ਨਹੀਂ ਆਉਂਦੀ ਉਲਟ ਸੁਰਤ ਵਿਚ ਪਏ ਹਾਂ। ਕਿਤੇ ਸੁਰਤ ਹੈ ਕਿ ਮਕਾਨ ਬਣਾਈ ਜਾਈਏ, ਕੋਠੀਆਂ ਪਾਈ ਜਾਈਏ, ਦੁਕਾਨਾਂ ਬਣਾਈ

ਜਾਈਏ, ਵਪਾਰ ਕਰੀਏ, ਦੇਸਾਂ-ਪਰਦੇਸ਼ਾਂ ਵਿਚ ਪੈਸਾ ਕਮਾਉਣ ਜਾਈਏ, ਵਿਆਹ-ਸ਼ਾਦੀਆਂ ਕਰਾਈਏ, ਬੱਚੇ ਪੈਦਾ ਹੋਣ ਫੇਰ ਉਨ੍ਹਾਂ ਨੂੰ ਪੜ੍ਹਾਈਏ ਤੇ ਉਨ੍ਹਾਂ ਨੂੰ ਸੈਟ ਕਰੀਏ ਇਹ ਇਕ ਲਗਾਤਾਰ ਧਾਰਾ ਚਲਦੀ ਹੈ ਜਿਵੇਂ ਪ੍ਰਵਾਹ ਵਹਿੰਦਾ ਹੁੰਦਾ ਹੈ। ਸਾਡੇ ਬਾਰ ਵੀ ਇਹੀ ਕੰਮ ਕਰਦੇ ਗਏ, ਦਾਦੇ ਵੀ ਇਹੀ, ਪੜਦਾਦੇ ਵੀ ਇਹੀ ਤੇ ਜਦੋਂ ਤੋਂ ਸੰਸਾਰ ਬਣਿਆ ਹੈ ਤੇ ਜਦੋਂ ਤੱਕ ਸੰਸਾਰ ਰਹਿਣਾ ਹੈ ਇਹ ਪ੍ਰਵਾਹ ਚਲਦਾ ਹੀ ਰਹਿਣਾ ਹੈ ਇਸੇ ਤਰ੍ਹਾਂ ਦੇ ਨਾਲ। ਇਹ ਸੁਰਤ ਇਸ ਦੇ ਵਿਚ ਹੀ ਉਲਝੀ ਰਹਿੰਦੀ ਹੈ ਤੇ ਸੁਰਤ ਦੇ ਨਾਲ ਹੀ ਸਾਡੇ ਰਿਸ਼ਤੇ ਬਣਦੇ ਨੇ ਜਿਸਨੂੰ ਸੁਰਤ ਨਾ ਹੋਵੇ ਕਹਿੰਦੇ ਇਹ ਬੇਸੁਰਤਾ ਹੈ, ਇਸਨੂੰ ਤਾਂ ਪਤਾ ਹੀ ਨਹੀਂ ਕਿ ਮਾਂ ਕੌਣ ਹੈ? ਪਿਓ ਕੌਣ ਹੈ? ਇਸ ਦੇ ਨਾਲ ਹੀ ਸਾਡੇ ਰਿਸ਼ਤੇ, ਇਸ ਦੇ ਨਾਲ ਹੀ ਸਾਡੀ ਹਉਮੈ ਕਾਇਮ ਹੁੰਦੀ ਹੈ, ਹਉਮੈ ਹੰਗਤਾ ਤੇ ਮਮਤਾ ਕਹਿੰਦੇ ਨੇ। ਇਸ ਦੇ ਨਾਲ ਹੀ ਦੇਹ ਦਾ ਪਤਾ ਲਗਦਾ ਹੈ। ਸੋ ਇਹ ਸੁਰਤ ਜਿਹੜੀ ਹੈ ਐਨੀ ਹੇਠਲੇ ਪੱਧਰ ਦੀ ਹੈ ਕਿ ਨੀਂਦ ਆਈ ਹੋਈ ਹੈ ਇਸਨੂੰ। ਇਸ ਨੀਂਦ ਵਿਚੋਂ ਇਸਨੂੰ ਜਾਗ ਨਹੀਂ ਆਉਂਦੀ ਮਹਾਤਮਾ ਜਗਾਉਂਦੇ ਨੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਮੱਤਾਂ ਦਿੰਦੇ ਨੇ ਮਹਾਤਮਾ ਜੋ ਪੂਰਨ ਪੁਰਖ ਨੇ। ਚਾਰੇ ਵੇਦ, ਛੇਈ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਅੰਜੀਲ, ਬਾਈਬਲ, ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਰੇ ਜਗਾ ਰਹੇ ਨੇ ਹਾਕਾਂ ਮਾਰ-ਮਾਰ ਕੇ ਲੇਕਿਨ ਕਹਿੰਦੇ ਇਹ ਜਾਗਦਾ ਕਿਉਂ ਨਹੀਂ? ਇਸੇ ਸ਼ਬਦ ਵਿਚ ਆਇਆ ਹੈ ਕਿ ਇਸ ਨੇ ਐਸਾ ਨਸ਼ਾ ਪੀ ਲਿਆ ਕਿ ਨਹੀਂ ਇਸਨੂੰ ਜਾਗ ਆ ਰਹੀ, ਨਸ਼ਾ ਹੀ ਨਹੀਂ ਉਤਰਦਾ ਤਿੰਨਾਂ ਗੁਣਾਂ ਦਾ ਨਸ਼ਾ ਪੀ ਲਿਆ, ਬੇਅੰਤ ਉਸ ਦੇ ਵਿਚ ਹੋਰ ਨਸ਼ੇ ਮਿਲਾ ਲਏ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ, ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਜਿਹੜੇ ਜਜ਼ਬੇ ਸੀ ਉਹ ਹੋਰ ਵਧਾ ਲਏ, ਨੀਂਦ ਹੋਰ ਗਾੜ੍ਹੀ ਤੋਂ ਗਾੜ੍ਹੀ ਹੁੰਦੀ ਤੁਰੀ ਜਾਂਦੀ ਹੈ ਜਿਉਂ-ਜਿਉਂ ਸਮਾਂ ਬੀਤਦਾ ਹੈ। ਸਤਿਜੁਗ ਵਿਚ ਨੀਂਦ ਘੱਟ ਸੀ, ਤ੍ਰੇਤੇ ਦੇ ਅੰਦਰ ਕੁਝ ਨੀਂਦ ਵਧ ਗਈ, ਦੁਆਪਰ ਵਿਚ ਹੋਰ ਵਧ ਗਈ, ਕਲਜੁਗ ਵਿਚ ਤਾਂ ਬਿਲਕੁਲ ਹੀ ਸੌਂ ਗਿਆ ਜੀਵਨ ਇਸਨੂੰ ਜਾਗ ਨਹੀਂ ਆ ਰਹੀ। ਕਹਿੰਦੇ ਮਦ ਪੀ ਕੇ ਸੌਂ ਗਿਆ, ਨਸ਼ਾ ਪੀ ਕੇ ਸੁੱਤੀ ਪਈ ਹੈ ਸੁਰਤ। ਮਹਾਰਾਜ ਕਹਿੰਦੇ ਪਿਆਰਿਆ! ਤੂੰ ਇਹ ਦੇਖ ਕਿ ਪਹਿਲਾਂ ਮੰਨ ਲੈ ਤਾਂ ਲੈ ਕਿ ਮੈਂ ਸੁੱਤਾ ਪਿਆ ਹਾਂ। ਕਹਿੰਦਾ ਜੀ! ਮੈਂ ਤਾਂ ਜਾਗਦਾ ਹਾਂ। ਜਾਗ ਹੀ ਤੇਰੀ ਨੀਂਦ ਹੈ। ਤੂੰ ਅਗਿਆਨ ਦੀ ਗਾੜ੍ਹੀ ਨੀਂਦ ਵਿਚ ਸੁੱਤਾ ਪਿਆ ਹੈਂ ਵਾਹਿਗੁਰੂ ਤੇਰੇ ਕੋਲ ਰਹਿੰਦਾ ਹੈ, ਅੰਦਰ ਰਹਿੰਦਾ ਹੈ, ਨਾਲ ਰਹਿੰਦਾ ਹੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩*

ਇਥੇ ਮਹਾਰਾਜ ਜੀ ਨੇ ਹਉਮੈ ਦਾ ਦ੍ਰਿਸ਼ਟਾਂਤ ਦੇ ਦਿਤਾ, ਉਸ ਸ਼ਬਦ ਦੇ ਅੰਦਰ ਨੀਂਦ ਦਾ ਦਿਤਾ ਹੋਇਆ ਹੈ। ਕਹਿੰਦੇ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਹੈ ਨੇੜੇ ਹੀ ਲੇਕਿਨ ਕੰਧ ਬਣ ਗਈ। ਮਹਾਰਾਜ ਕਹਿੰਦੇ ਇਸ ਸੁਰਤ ਨੂੰ ਪਹਿਲਾਂ ਵਿਸਾਰ ਤੂੰ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ - ੧੧੯੮*

ਜਿਹੜੀ ਤੈਨੂੰ ਇਹ ਹੈ ਕਿ ਮੈਂ ਹਿੰਦੂ ਹਾਂ, ਮੁਸਲਮਾਨ ਹਾਂ, ਮੈਂ ਸਿੱਖ ਹਾਂ, ਇਸਾਈ ਹਾਂ, ਮੈਂ ਫਲਾਣਾ ਹਾਂ, ਮੇਰਾ ਆਹ ਧਰਮ ਹੈ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ ਕਿਉਂਕਿ ਇਸ ਸੁਰਤ ਦੇ ਵਿਚ ਹੀ ਜ਼ਿੰਦਗੀ ਲੰਘ ਜਾਂਦੀ ਹੈ। ਉਹ ਸੁਰਤ ਹੋਰ ਹੈ ਜਿਸ ਵਲ ਮਹਾਰਾਜ ਇਸ਼ਾਰਾ ਕਰਦੇ ਨੇ ਤੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਰੋਂਦਿਆਂ-ਕੁਰਲਾਂਦਿਆਂ ਤੇ ਤਰਸ ਆ ਗਿਆ ਪ੍ਰਮੇਸ਼ਰ ਨੂੰ। ਉਸ ਨੇ ਕ੍ਰਿਪਾ ਕਰਕੇ ਸਤਿਸੰਗ ਮਿਲਾ ਦਿਤਾ। ਸਤਿਸੰਗ ਦੇ ਵਿਚ ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ anti ਨੀਂਦ ਦੀ ਦਵਾਈ ਦੇ ਦਿਤੀ ਕਿ ਇਸਨੂੰ ਬੇਹੋਸ਼ੀ ਵਿਚੋਂ ਕੱਢਿਆ ਜਾਵੇ, ਮੰਤਰ ਦੇ ਦਿਤਾ। ਸ਼ਬਦ ਦੀ ਦਵਾਈ ਦੇ ਦਿਤੀ, ਜਿਉਂ-ਜਿਉਂ ਇਹ ਸ਼ਬਦ ਦੀ ਦਵਾਈ ਦਾ ਪ੍ਰਯੋਗ ਕਰਦਾ ਹੈ, ਖੁਰਾਕਾਂ ਲੈਂਦਾ ਹੈ ਤਿਉਂ-ਤਿਉਂ ਇਸਨੂੰ ਜਾਗ ਆਉਣੀ ਸ਼ੁਰੂ ਹੋ ਜਾਂਦੀ ਹੈ। ਸੋ ਜਦੋਂ ਜਾਗ ਆਉਂਦੀ ਹੈ ਤਾਂ ਹੈਰਾਨ ਹੀ ਰਹਿ ਗਏ ਕਿ ਜਿਸਨੂੰ ਮਿਲਣ ਵਾਸਤੇ ਤਰਸਦੇ ਸੀ, ਵਿਲਕਦੇ ਸੀ ਉਹ ਤਾਂ ਘਰ ਵਿਚ ਹੀ, ਇਸ ਸਰੀਰ ਵਿਚ ਹੀ ਲੱਭ ਗਿਆ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*

*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥੨॥ ਅੰਗ - ੧੦੩੩*

ਉਹ ਜਿਹੜੀ ਸ਼ਬਦ ਦੀ ਦਵਾਈ ਦਿਤੀ, ਉਸ ਦੇ ਨਾਲ ਇਕ ਦਰਵਾਜ਼ਾ ਖੁਲ੍ਹ ਗਿਆ, ਜਿਸ ਨੇ ਨੀਂਦ ਪਾਈ ਹੋਈ ਸੀ, ਦੂਸਰੀ ਹਵਾ ਆ ਗਈ ਸੋਹਣਾ ਵਾਤਾਵਰਣ ਆ ਗਿਆ ਉਸ ਦੇ ਵਿਚ ਜਾਗ ਆਉਣੀ ਸ਼ੁਰੂ ਹੋ ਗਈ, ਬੇਹੋਸ਼ੀ ਦੂਰ ਹੋ ਗਈ। ਕਹਿੰਦੇ ਫੇਰ ਅੰਦਰ ਜਾ ਕੇ ਦੇਖਿਆ-

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਉਹ ਜਿਹੜੇ ਪ੍ਰਮੇਸ਼ਰ ਨੂੰ ਕਹਿੰਦੇ ਸੀ ਕਿ ਦੂਰ ਹੈ ਉਸ ਦਾ ਇਹ ਪਤਾ ਲੱਗਿਆ ਕਿ ਦੂਰ ਨਹੀਂ ਹੈ, ਮੇਰਾ ਤਾਂ ਕਣ-ਕਣ ਉਸ ਦੇ ਵਿਚ ਰਹਿੰਦਾ ਹੈ - ਉਹ ਮੇਰੇ ਕਣ-ਕਣ ਦੇ ਵਿਚ ਸਮਾਇਆ ਹੋਇਆ ਹੈ। ਸਿਰਫ ਨੀਂਦ ਆਉਣ ਕਰਕੇ ਈਗੋ ਦੀ, ਹਉਮੈ ਦੀ, ਬੇਸੁਰਤੀ ਹੋਣ ਕਰਕੇ ਕੋਲ ਰਹਿੰਦੇ ਵਾਹਿਗੁਰੂ ਦਾ ਸਾਨੂੰ ਪਤਾ ਨਾ ਲੱਗ ਸਕਿਆ। ਜੋ ਸਾਡੇ ਨਾਲ ਰਹਿੰਦਾ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਸੋ ਮਹਾਰਾਜ ਜੀ ਕਹਿੰਦੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ - ੧੧੬੯*

ਜੇ ਤੂੰ ਰਸਤੇ ਪੈਣਾ ਹੈ ਤਾਂ ਪਹਿਲਾਂ ਜਿਹੜੀ ਹਉਮੈ ਨਾਲ ਤੂੰ ਸੁਰਤ ਬਣਾਈ ਹੋਈ ਹੈ, ਆਪਣੇ-ਆਪ ਹੀ ਆਪਣੇ ਰਿਸ਼ਤੇ ਕਾਇਮ ਕਰੇ ਹੋਏ ਨੇ, ਆਪਣੇ-ਆਪ ਹੀ ਆਪਣੇ ਸੰਸਕਾਰ ਕਾਇਮ ਕਰੇ ਹੋਏ ਨੇ ਇਨ੍ਹਾਂ ਨੂੰ ਵਿਸਾਰ ਪਹਿਲਾਂ ਵਿਸਾਰਨ ਦਾ ਯਤਨ ਕਰ। ਆਪਣੇ ਆਪ ਨਹੀਂ ਵਿਸਾਰ ਸਕਦਾ। ਸਤਿਸੰਗ ਮਿਲ ਜਾਵੇ, ਕਿਸੇ ਪੂਰੇ ਤੱਤ-ਬੇਤੇ ਮਹਾਂਪੁਰਸ਼ ਦਾ ਮਿਲਾਪ ਹੋ ਜਾਵੇ, ਉਸ ਦੇ ਬਚਨ ਉਤੇ ਭਰੋਸਾ ਆ ਜਾਵੇ, ਉਸ ਦੇ ਬਚਨ ਦੀ ਕਮਾਈ ਕਰੇ ਫੇਰ ਜਾ ਕੇ ਨਸ਼ਾ ਉਤਰਦਾ ਹੈ, ਨਸ਼ਾ ਉਤਰਨ ਦੇ ਨਾਲ ਜਦੋਂ ਜਾਗ ਆਉਂਦੀ ਹੈ ਫੇਰ ਤਾਂ ਹੈਰਾਨ ਹੋ ਜਾਂਦਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥ ਅੰਗ - ੨੯੩*

ਹਵਾ ਵਿਚ ਵੀ ਮਹਿਸੂਸ ਹੁੰਦਾ ਹੈ, ਨਹਾਉਣ ਵੇਲੇ ਪਾਣੀ ਵਿਚ ਵੀ ਮਹਿਸੂਸ ਹੁੰਦਾ ਹੈ, ਸੇਕਣ ਵੇਲੇ ਅੱਗ ਵਿਚ ਵੀ ਮਹਿਸੂਸ ਹੁੰਦਾ ਹੈ -

*ਚਾਰਿ ਕੁੰਟ ਦਹ ਦਿਸੇ ਸਮਾਹਿ ॥ ਅੰਗ - ੨੯੩*

ਜਿੰਨਾ ਆਲਾ-ਦੁਆਲਾ ਹੈ ਜਿੱਥੇ ਤੱਕ ਮੇਰੀ ਸੁਰਤ ਜਾਂਦੀ ਹੈ ਬੱਸ ਓਹੀ-ਓਹ ਹੈ, ਦੂਜਾ ਨਹੀਂ ਹੈ ਕੋਈ -

*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੩*

ਉਸ ਤੋਂ ਭਿੰਨ ਕੋਈ ਜਗ੍ਹਾ ਹੀ ਨਹੀਂ ਹੈ ਹੁਣ ਇਹ ਹੁੰਦਾ ਹੈ ਕਿ ਜਿਹੜੀ ਸੁਰਤ ਹਉਮੈ ਦੀ ਹੈ ਇਸ ਦੇ ਵਿਚ ਤਾਂ ਦੱਸਿਆ ਹੋਇਆ ਵੀ ਯਾਦ ਨਹੀਂ ਰਹਿੰਦਾ, ਭੁੱਲ ਪੈ ਜਾਂਦੀ ਹੈ। ਜਦੋਂ ਤੱਕ ਇਹ ਜਾਗਣ ਦੀ ਦਵਾਈ ਦਾ ਪ੍ਰਯੋਗ ਨਹੀਂ ਕਰਦਾ ਜੋ ਸਤਿਸੰਗ ਵਿਚੋਂ ਏਸ ਨੂੰ ਪ੍ਰਾਪਤ ਹੁੰਦੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਦੋਂ ਤੱਕ ਐਸੇ ਸਤਿਪੁਰਸ਼ਾਂ ਦਾ ਮਿਲਾਪ ਨਹੀਂ ਹੁੰਦਾ, ਸਤਿਪੁਰਸ਼ਾਂ ਦੇ ਬਚਨਾਂ ਦੀ ਕਮਾਈ ਨਹੀਂ ਕਰਦਾ ਓਨੀਂ ਦੇਰ ਤਕ ਇਸਨੂੰ ਜਾਗ ਨਹੀਂ ਆਉਂਦੀ ਕਦੇ ਵੀ, ਐਵੇਂ ਜਿਵੇਂ ਸੁੱਤੇ ਦਾ ਸੁੱਤਾ ਪੈਦਾ ਹੁੰਦਾ ਹੈ। ਮਹਾਰਾਜ ਜੀ ਕਹਿੰਦੇ ਤੈਨੂੰ ਜੁਗਾਂ-ਜੁਗਾਂਤਰ ਬੀਤ ਗਏ ਸੁੱਤੇ ਨੂੰ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥*
*ਅੰਗ - ੭੨੬*

ਕਿਉਂਕਿ ਮਾਇਆ ਨਾਲ ਸੌਂ ਗਿਆ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਅੰਗ - ੧੮੨*

ਅੱਖਾਂ ਸੌਂ ਗਈਆਂ ਪਰਾਏ ਰੂਪ ਦੇਖਦੀਆਂ -

*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ ਅੰਗ - ੧੮੨*

ਇਹ ਜਿਹੜੇ ਦਿਬਜ ਕੰਨ ਸੀ ਇਨ੍ਹਾਂ ਨੂੰ ਹਰ ਥਾਂ ਤੇ ਨਾਮ ਦੀ ਧੁਨ ਸੁਣਨੀ ਸੀ, ਹਰ ਥਾਂ 'ਚੋਂ ਤੇ ਨੇਤਰਾਂ ਨੂੰ ਹਰ ਥਾਂ ਤੋਂ ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸੀ, ਹਰ ਵਸਤ ਦੇ ਵਿਚ ਚਾਹੇ ਤਾਰਿਆਂ ਨੂੰ ਦੇਖਦਾ ਹੈ, ਚਾਹੇ ਦਰਖਤਾਂ ਨੂੰ ਦੇਖਦਾ ਹੈ, ਚਾਹੇ ਪਸ਼ੂਆਂ ਨੂੰ ਦੇਖਦਾ ਹੈ, ਚਾਹੇ ਪੰਛੀਆਂ ਨੂੰ ਦੇਖਦਾ ਹੈ ਹਰ ਥਾਂ ਪ੍ਰਮੇਸ਼ਰ ਦਾ ਹੀ ਝਲਕਾਰਾ ਵੱਜਣਾ ਸੀ ਪਰ ਇਹ ਨੈਣ ਸੌਂ ਗਏ, ਕੰਨ ਵੀ ਸੌਂ ਗਏ, ਰਸਨਾ ਜਿਸ ਨੇ ਪੂਰਨ ਰਸ ਲੈਣਾ ਸੀ -

*ਰਸਨਾ ਸੋਈ ਲੋਭਿ ਮੀਠੈ ਸਾਦਿ ॥ ਅੰਗ - ੧੮੨*

*(ਬਾਕੀ ਪੰਨਾ 63 ਤੇ)*

# ਗੁਰ ਕੀ ਪ੍ਰਤੀਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸ਼ਾਨ--------------।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
*ਅੰਗ - ੮੨੭*

*ਧਾਰਨਾ - ਗੁਰ ਕੀ ਪ੍ਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ - ੨੮੩*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਫੀ ਸਮੇਂ ਤੋਂ ਆਪ ਗੁਰੂ ਦਰਬਾਰ ਵਿਚ ਬੈਠੇ ਹਰੀ ਦਾ ਜਸ ਸਰਵਣ ਕਰ ਰਹੇ ਹੋਂ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਇਕ ਗੁਰਸਿੱਖ ਦੇ ਬਾਰੇ ਆਪ ਨੇ ਸਰਵਣ ਕੀਤਾ ਮਨ ਵਿਚ ਪ੍ਰਤੀਤ ਸੀ ਉਸਦੇ ਕਿ ਮੇਰਾ ਗੁਰੂ ਸਮਰੱਥ ਹੈ, ਮੇਰਾ ਗੁਰੂ ਸਰਬ ਕਲਾ ਸਮਰੱਥ ਸਭ ਕੁਛ ਕਰਨਹਾਰਾ ਹੈ, ਮੇਰੇ ਅੰਦਰ ਦੀ ਗੱਲ ਉਹ ਹਰ ਵਕਤ ਜਾਣਦਾ ਹੈ, ਮੇਰੀ ਅਰਦਾਸ ਸੁਣਦਾ ਹੈ।

ਗੁਰੂ ਉਪਰ ਜੇ ਨਿਹਚਾ ਪੂਰਾ ਨਾ ਹੋਵੇ ਤਾਂ ਗੱਲ ਨਹੀਂ ਬਣਿਆ ਕਰਦੀ। ਚਾਰ ਕਿਸਮ ਦੇ ਨਿਹਚੇ (ਨਿਸ਼ਚੇ) ਹੁੰਦੇ ਨੇ, ਪਹਿਲਾ ਨਿਹਚਾ ਹੁੰਦਾ ਹੈ ਮੇਰਾ ਗੁਰੂ ਚੰਗਾ ਸੰਤ ਹੈ, ਇਸ ਤੋਂ ਉਚਾ ਨਿਹਚਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ, ਤੀਸਰਾ ਨਿਹਚਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਰੱਬ ਵਰਗਾ ਹੈ, ਚੌਥੀ ਕਿਸਮ ਦਾ ਤੇ ਸੁਪਰੀਮ ਨਿਸ਼ਚਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਆਪ ਪ੍ਰਮੇਸ਼ਰ ਹੈ। ਇਹਦੇ ਵਿਚ ਕੋਈ ਅਤਿਕਥਨੀ ਨਹੀਂ ਹੈ, ਮਨੋਕਲਪਤ ਬਾਤ ਨਹੀਂ ਹੈ। ਇਹ ਧੁਰ ਦਰਗਾਹ ਤੋਂ ਆਇਆ ਹੋਇਆ status ਹੈ ਗੁਰੂ ਦਾ, ਜੋ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਆਉਂਦਾ ਹੈ, ਉਸ ਦੇ ਮੁਤਾਬਿਕ ਬੇਨਤੀ ਕੀਤੀ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨ ਭਾਈ।*

ਐਸਾ ਨਿਸ਼ਚਾ ਆਪਣੇ ਆਪ ਬਣਾਇਆ ਹੋਇਆ ਨਿਸ਼ਚਾ ਨਹੀਂ ਹੈ। ਜੇ ਇਹ ਕਿਹਾ ਜਾਵੇ ਕਿ ਨਿਸ਼ਚਾ ਐਸਾ ਬਣਾਓ, ਇਹ ਗੱਲ ਨਹੀਂ ਹੈ। ਇਹ ਤਾਂ ਧੁਰ ਦਰਗਾਹ ਤੋਂ ਫੁਰਮਾਨ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਭਰੋਸਾ ਸਰਲ ਮਨ ਵਿਚ ਹੋਇਆ ਕਰਦਾ ਹੈ, ਸਾਦਾ ਮਨ, ਸਾਧਾਰਨ ਮਨ। ਬਹੁਤਾ ਪੜ੍ਹਿਆ ਲਿਖਿਆ, ਤਰਕ ਦੀ ਵਿਦਿਆ ਦੀ ਜਾਨਣ ਵਾਲਾ ਹੋਵੇ, ਉਸਦਾ ਭਰੋਸਾ ਨਹੀਂ ਹੋਇਆ ਕਰਦਾ। ਗੁਰੂਆਂ ਤੇ ਭਰੋਸਾ ਪੂਰਾ ਹੋਇਆ ਕਰਦਾ ਸੀ, ਪਰ ਸਮਾਂ ਜਿਉਂ-ਜਿਉਂ ਬੀਤਦਾ ਹੈ। ਮੈਂ ਇਕ ਬੇਨਤੀ ਕਰਾਂ ਕਿ ਆਹ ਜਿਹੜੇ ਲੋਕ ਤਰਕ-ਬਤਰਕ ਵਾਲੇ ਪੈਦਾ ਹੋ ਗਏ ਨਾ, ਸਿੱਖ ਪੰਥ ਦੇ ਅੰਦਰ। ਇਹ ਐਨਾ ਨੁਕਸਾਨ ਕਰ ਰਹੇ ਨੇ ਕਿ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਹਰ ਗੱਲ ਦੇ ਉਤੇ ਤਰਕ, ਹਰ ਗੱਲ ਤੇ ਉਤੇ ਤਰਕ। ਆਹ ਨਹੀਂ ਹੈ, ਔਹ ਨਹੀਂ ਹੈ, ਆਹ ਨਹੀਂ ਹੋ ਸਕਦਾ, ਓਹ ਨਹੀਂ ਹੋ ਸਕਦਾ। ਪੰਜ-ਪੰਜ ਸੌ ਸਾਲ ਲੰਘ ਗਏ ਤੇ ਅੱਜ ਆ ਕੇ ਹੋਸ਼ ਆਈ ਹੈ ਕਿ ਆਹ ਗੱਲ ਨਹੀਂ ਹੋ ਸਕਦੀ।

ਇਕ ਮੈਨੂੰ ਕਿਸੇ ਨੇ ਲਿਆ ਕੇ ਦਿਤੀ ਛੋਟੀ ਜਿਹੀ ਰਸਾਲੀ ਜਿਹੀ ਸੀ, ਉਹਦੇ ਉਤੇ ਲਿਖਿਆ ਹੋਇਆ ਸੀ ਕਿ ਬਾਬੇ ਬੁੱਢੇ ਦੇ ਪਾਸ ਮਾਤਾ ਗੰਗਾ ਜੀ ਗਏ ਹੀ ਨਹੀਂ। ਅੱਜ ਤੱਕ ਓਹੀ ਗੱਲ ਚਲਦੀ ਹੈ, ਸੀਨਾ-ਬ-ਸੀਨਾ ਚਲੀ ਆਉਂਦੀ ਹੈ, ਉਹ ਥਾਂ ਹੈਗੇ ਜਿਥੇ ਜਾ ਕੇ ਬਚਨ ਕੀਤੇ ਸੀ ਤੇ ਅੱਜ ਕਹਿ ਦਿਤਾ ਪੰਜ ਸੌ ਸਾਲ ਬਾਅਦ ਕਿ ਗੁਰੂ

ਸਾਹਿਬ ਨੂੰ ਕੀ ਲੋੜ ਪਈ ਸੀ, ਮਾਤਾ ਜੀ ਨੂੰ ਉਥੇ ਭੇਜਣ ਦੀ, ਆਪ ਹੀ ਕਰ ਲੈਂਦੇ। ਇਹ ਮਨੁੱਖ ਦੀ ਅਲਪੱਗ ਬੁੱਧੀ ਹੈ, ਇਹ ਤਿੰਨ ਯੂਨੀਵਰਸਿਟੀਆਂ ਸਾਡੀਆਂ ਬਣ ਤਾਂ ਗਈਆਂ, ਪਰ ਇਹਦੇ ਵਿਚ ਨਾਸਤਿਕਤਾ ਐਨੀ ਆ ਜਾਣੀ ਹੈ, ਤੁਸੀਂ ਜਿਹੜੇ ਬੱਚੇ ਹੋਂ ਨਾ ਅੱਜਕਲ੍ਹ ਜਦੋਂ ਸਾਡੀ ਉਮਰ ਵਿਚ ਆਓਂਗੇ ਨਾ, ਤੁਸੀਂ ਹੈਰਾਨ ਹੋ ਜਾਓਂਗੇ ਕਿ ਸਿੱਖੀ ਦਾ ਕੀ ਬਣ ਗਿਆ, ਨਾਸਤਕ ਖਿਆਲ ਆ ਰਹੇ ਨੇ, ਭਰੋਸਾ ਨਹੀਂ ਆ ਰਿਹਾ, ਭਰੋਸਾ ਜਿੰਨੀ ਚਿਰ ਤਕ ਨਹੀਂ ਆਉਂਦਾ ਓਨੀ ਦੇਰ ਤੱਕ ਗੱਲ ਨਹੀਂ ਬਣਿਆ ਕਰਦੀ। ਕਿਉਂਕਿ ਗੁਰੂ ਜਿਹੜਾ ਹੈ ਇਹ ਵੱਖਰਾ ਨਹੀਂ ਹੈ, ਪ੍ਰਮੇਸ਼ਰ ਦਾ ਸਰਗੁਣ ਰੂਪ ਹੈ, ਵਾਹਿਗੁਰੂ ਦਾ ਹੀ ਰੂਪ ਹੈ ਇਹ, ਆਪ ਹੀ ਹੈ। ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਜਿਹਨੂੰ ਕੋਈ ਜਾਣ ਨਹੀਂ ਸਕਦਾ, ਜਿਹੜਾ ਸਰੀਰਕ ਇੰਦਰੀਆਂ ਦੇ ਰਾਹੀਂ ਜਾਣਿਆ ਨਹੀਂ ਜਾ ਸਕਦਾ। ਸੋਚਿਆ ਤੱਕ ਨਹੀਂ ਜਾ ਸਕਦਾ, ਬੁੱਧੀ ਦੀ ਪਹੁੰਚ ਨਹੀਂ ਉਥੇ। ਤੂੰ ਮੇਰਾ ਰੂਪ, ਤੂੰ ਗੁਰ ਪ੍ਰਮੇਸ਼ਰ। ਤੇਰੇ ਤੇ ਮੇਰੇ ਵਿਚ ਜਿਹੜਾ ਫਰਕ ਜਾਣੇਗਾ ਉਹਦਾ ਭਲਾ ਨਹੀਂ ਹੋਣਾ। ਆਹ ਬਚਨ ਸਿੱਧੇ ਸਾਧੇ ਜਨਮ ਸਾਖੀਆਂ 'ਚ ਆਇਆ ਕਰਦੇ ਸੀ। ਸਿੱਧੀਆਂ ਗੱਲਾਂ ਲਿਖੀਆਂ ਹੁੰਦੀਆਂ, ਉਹਨੇ ਸਿੱਖ ਕਿਹੋ ਜਿਹੇ ਪੈਦਾ ਕੀਤੇ, ਆਰਿਆ ਨਾਲ ਚੀਰ ਦਿਤੇ ਗਏ, ਮੁੱਖ ਨਹੀਂ ਮੋੜਿਆ। ਬੰਦ-ਬੰਦ ਕੱਟੇ ਗਏ, ਮੁੱਖ ਨਹੀਂ ਮੋੜਿਆ। ਖੋਪਰੀਆਂ ਲਹਿ ਗਈਆਂ ਮੁੱਖ ਨਹੀਂ ਮੋੜਿਆ, ਬਹੁਤ ਸਿੱਧੇ ਸਾਧੇ ਅੱਖਰਾਂ ਦੇ ਵਿਚ ਜਾਦੂ ਸੀ। ਉਹ ਪ੍ਰਤੀਤ ਗੁਰੂ ਦੇ ਉਤੇ ਸੀ। ਅੰਦਰ-ਬਾਹਰ ਸਾਰੇ ਗੁਰੂ ਹੀ ਨਜ਼ਰ ਆਉਂਦਾ ਸੀ। ਸੋ ਐਨੀ ਪ੍ਰਤੀਤ ਜਿੰਨੀ ਦੇਰ ਤੱਕ ਸਿੱਖ ਦੇ ਮਨ ਵਿਚ ਨਾ ਆਵੇ, ਸਿੱਖ ਤੇ ਗੁਰੂ ਦਾ ਸਬੰਧ ਨਹੀਂ ਕਾਇਮ ਹੋਇਆ ਕਰਦਾ। ਭਾਈ ਤਿਲੋਕੇ ਦੇ ਅੰਦਰ ਜੇ ਐਨੀ ਪ੍ਰਤੀਤ ਸੀ, ਨਹੀਂ ਤਾਂ ਉਹ ਡਰ ਜਾਂਦਾ ਕਿ ਮੇਰੀ ਕਾਠ ਦੀ ਤਲਵਾਰ ਹੈ ਤੇ ਜੇ ਕੱਢੀ ਤਾਂ ਗੁਰੂ ਸਾਹਿਬ ਤਾਂ ਅੰਮ੍ਰਿਤਸਰ ਬੈਠੇ ਨੇ, ਇਥੇ ਕਿਵੇਂ ਆ ਜਾਣਗੇ? ਅੱਜ ਦੇ ਜਿਹੜੇ ਨੇ ਲਿਖਾਰੀ, ਖਾਸ ਕਰਕੇ ਜਿਹੜੇ ਮਿਸ਼ਨਰੀ ਤੁਰੇ ਫਿਰਦੇ ਨੇ, ਇਹ ਬੜਾ ਭੁਲੇਖਾ ਪਾ ਰਹੇ ਨੇ। ਸਿੱਖੀ ਖੁਰ ਰਹੀ ਹੈ ਕਿਉਂਕਿ ਮਿਲਦਾ ਨਹੀਂ ਇਨ੍ਹਾਂ ਨੂੰ ਕੁਛ, ਸ਼ਾਂਤੀ ਨਹੀਂ ਮਿਲ ਰਹੀ। ਦੂਜਾ ਦੇਖਦਾ ਹੈ ਕਿ ਮਾਨਸ ਜਨਮ ਮਸਾਂ ਮਿਲਿਆ ਹੈ ਆਪਾਂ ਕਾਹਨੂੰ ਇਹਨਾਂ ਦੀਆਂ ਗੱਲਾਂ ਵਿਚ ਆਉਣਾ ਹੈ, ਕੋਈ ਕਿਸੇ ਪਾਸੇ, ਕੋਈ ਕਿਸੇ ਪਾਸੇ ਚਲਿਆ ਜਾਂਦਾ ਹੈ। ਸੋ ਨੁਕਸਾਨ ਹੋ ਰਿਹਾ ਹੈ ਬਹੁਤ ਵੱਡਾ, ਭਰੋਸਾ ਨਹੀਂ ਆਉਣ ਦਿੰਦੇ ਕਿਸੇ ਤੇ। ਤੇ ਇਨ੍ਹਾਂ ਨੂੰ ਪੁਛੋ ਕਿ ਆਹ ਗੱਲ ਹੋ ਸਕਦੀ ਹੈ? ਕਹਿੰਦੇ ਨੇ ਕਿ ਬਿਲਕੁਲ ਗਲਤ ਹੋ ਹੀ ਨਹੀਂ ਸਕਦੀ ਗੁਰੂ ਸਾਹਿਬ ਤਾਂ ਕਰਾਮਾਤਾਂ ਦਿਖਾਉਣ ਦੇ ਖਿਲਾਫ ਸੀ, ਇਹਨੂੰ ਕਰਾਮਾਤਾਂ ਕਹਿੰਦੇ ਨੇ। ਇਹ ਤਾਂ ਸੇਵਕਾਂ ਦੀ ਭਾਵਨਾ ਹੈ, ਭਾਵਨਾ ਐਡੀ ਜ਼ਬਰਦਸਤ ਸੀ ਉਹ ਜਿਹੜਾ ਆਤਮ ਮੰਡਲ ਦੇ ਅੰਦਰ ਖੇਲ੍ਹ ਵਰਤਿਆ, ਓਸ ਭਾਵਨਾ ਦੇ ਬਲ ਦੇ ਨਾਲ ਉਹਦੀ ਜਿਹੜੀ ਸ੍ਰੀ ਸਾਹਿਬ ਸੀ, ਤਲਵਾਰ ਸੀ ਉਹ ਐਨੀ ਚਮਕਦਾਰ ਹੋ ਗਈ ਕਿ ਨਵਾਬ ਦੇਖ ਕੇ ਪਿਛੇ ਹਟ ਗਿਆ ਕਿ ਐਸੀ ਤਾਂ ਦੇਖੀ ਨਹੀਂ। ਐਧਰਲੇ ਪਾਸੇ ਓਸੇ ਭਾਵਨਾ ਨੇ ਕੌਤਕ ਕੀਤਾ ਗੁਰੂ ਸਾਹਿਬ ਛੇਵੇਂ ਪਾਤਸ਼ਾਹ ਅਚਾਨਕ ਆਪਣਾ ਸ੍ਰੀ ਸਾਹਿਬ ਕੱਢ ਕੇ ਹੱਥ ਵਿਚ ਲੈ ਲੈਂਦੇ ਨੇ, ਜਿਵੇਂ ਕਿਸੇ ਨੂੰ ਦਿਖਾ ਰਹੇ ਹੁੰਦੇ ਨੇ।

ਇਹ ਚੀਜ਼ਾਂ ਨੇ ਜੋ ਭਾਵਨਾ ਪੈਦਾ ਕਰਦੀਆਂ ਨੇ, ਪ੍ਰਤੀਤ ਪੈਦਾ ਕਰਦੀਆਂ ਨੇ। ਪ੍ਰਤੀਤ ਤੋਂ ਬਿਨਾਂ ਤਾਂ ਮਹਾਰਾਜ ਕਹਿੰਦੇ –

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ*
*ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥*
*ਅੰਗ – ੭੪੦*

ਅੰਦਰ ਤਾਂ ਪ੍ਰਤੀਤ ਨਹੀਂ ਆਈ ਤੇ ਸ਼ਬਦ ਦੇ ਨਾਲ ਨਹੀਂ ਲੱਗਿਆ ਪਿਆਰ।

*ਸਤਿਗੁਰ ਕੀ ਪਰਤੀਤਿ ਨ ਆਈਆ*
*ਸਬਦਿ ਨ ਲਾਗੋ ਭਾਉ ॥ ਅੰਗ – ੫੯੧*

ਫੇਰ ਕਹਿੰਦੇ, ਸੁਖ ਕਿਥੋਂ ਭਾਲਦਾ ਹੈਂ ਪਿਆਰਿਆ! ਦੋ ਗੱਲਾਂ ਤੇਰੇ ਅੰਦਰ ਆਈਆਂ ਨਹੀਂ, ਸ਼ਬਦ ਨਾਲ ਤੇਰਾ ਪਿਆਰ ਨਹੀਂ ਪਿਆ। ਗੁਰੂ ਦੇ ਉਤੇ ਤੇਰੇ ਪ੍ਰਤੀਤ ਨਹੀਂ ਆਈ। ਕਹਿੰਦੇ –

*ਓਸ ਨੋ ਸੁਖੁ ਨ ਉਪਜੈ ਭਾਵੈ*
*ਸਉ ਗੇੜਾ ਆਵਉ ਜਾਉ ॥ ਅੰਗ – ੫੯੧*

ਨਹੀਂ ਉਹਦੇ ਅੰਦਰ ਕਦੇ ਸੁੱਖ ਆਏਗਾ। ਚਾਹੇ ਗੁਰੂ ਦੇ ਆਲੇ ਦੁਆਲੇ ਘੁੰਮਦਾ ਫਿਰਦਾ ਹੈ, ਨਹੀਂ ਸੁੱਖ ਆਏਗਾ, ਕਿਉਂਕਿ ਅੰਦਰੋਂ ਪ੍ਰਤੀਤ ਤੋਂ ਖਾਲੀ ਹੈ। ਗੁਰੂ ਦਾ ਤੇ ਸਿੱਖ ਦਾ ਸਬੰਧ ਪ੍ਰਤੀਤ ਨਾਲ ਜੁੜਦਾ ਹੈ, ਏਸ ਕਰਕੇ –

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ – ੨੮੩*

ਸ਼ਰਤ ਹੈ ਜਿਹਦੇ ਅੰਦਰ ਪ੍ਰਤੀਤ ਨਹੀਂ ਹੋਏਗੀ, ਉਹ ਨਾਮ ਨਹੀਂ ਜਪ ਸਕੇਗਾ। ਜੇ ਜਪੇਗਾ ਵਾਹਿਗੁਰੂ-ਵਾਹਿਗੁਰੂ, ਮਨ ਹੱਠ ਕਰੇਗਾ ਤਾਂ ਉਹ ਥੱਕ ਜਾਏਗਾ ਕਿਉਂਕਿ ਅੰਦਰ ਰਸ ਨਹੀਂ ਆਉਣਾ। ਰਸ ਪਿਆਰ ਦਾ ਤੇ ਪ੍ਰਤੀਤ ਦਾ ਹੁੰਦਾ ਹੈ। ਇਹ ਦੋ ਗੁਣ ਜੇ ਆਦਮੀ ਦੇ ਅੰਦਰ ਪੈਦਾ ਨਹੀਂ ਹੁੰਦੇ ਤਾਂ ਉਹ ਕੁਛ ਵੀ ਨਹੀਂ ਹਾਸਲ ਕਰਦਾ। ਖਾਲੀ ਰਹਿ ਜਾਏਗਾ। ਜਦੋਂ ਪ੍ਰਤੀਤ ਆ ਜਾਂਦੀ ਹੈ, ਪਿਆਰ ਆ ਜਾਂਦਾ ਹੈ, ਉਸ ਵੇਲੇ ਗੁਰੂ ਤੇ ਸਿੱਖ ਦਾ ਸਬੰਧ ਐਨਾ ਜੁੜ ਜਾਂਦਾ

ਹੈ ਕਿ ਕਦੇ ਵੀ ਗੁਰੂ ਵੱਖਰਾ ਨਹੀਂ ਹੁੰਦਾ ਸਿੱਖ ਨਾਲੋਂ। ਐਥੇ ਤੱਕ ਹੈ ਕਿ ਸਿੱਖ ਦੀ ਜ਼ੁਬਾਨ ਦੇ ਉਤੇ ਚੜ੍ਹ ਕੇ ਆਪ ਬੋਲਦਾ ਹੈ, ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਪ੍ਰਭ ਜੀ ਦਾ ਵਾਸਾ ਹੈ,***
***ਸੰਤਾਂ ਦੀ ਰਸਨਾ ਉਤੇ।***

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥***
***ਨਾਨਕ ਜਨ ਕਾ ਦਾਸਨਿ ਦਸਨਾ ॥ ਅੰਗ – ੨੬੩***

ਜੋ ਅਭੇਦ ਪੁਰਸ਼ ਨੇ, ਹਰ ਵਕਤ ਨਾਮ ਦੇ ਰੰਗ ਵਿਚ ਰੰਗੇ ਰਹਿੰਦੇ ਨੇ, ਉਹ ਆਪ ਨਹੀਂ ਬੋਲਦੇ ਉਨ੍ਹਾਂ ਦੀ ਰਸਨਾ ਦੇ ਉਤੇ ਪਾਰਬ੍ਰਹਮ ਪ੍ਰਮੇਸ਼ਰ ਗੁਰੂ ਆਪ ਬੋਲਿਆ ਕਰਦਾ ਹੈ। ਸੋ ਐਨਾ ਨੇੜ ਦਾ ਸਬੰਧ ਪੈਂਦਾ ਹੈ, ਸਿੱਖ ਦਾ ਤੇ ਗੁਰੂ ਦਾ। ਗੁਰੂ ਆਪ ਰਾਖਾ ਬਣਦਾ ਹੈ ਉਹਦਾ।

ਇਕ ਵਾਰੀ ਲਾਹੌਰ ਦੇ ਅੰਦਰ ਇਕ ਬਹੁਤ ਬੰਦਗੀ ਵਾਲਾ, ਬਹੁਤ ਕਰਨੀ ਕਮਾਈ ਵਾਲਾ, ਪ੍ਰਵਾਨ ਗੁਰਸਿੱਖ ਰਿਹਾ ਕਰਦਾ ਸੀ ਜਿਸਦਾ ਨਾਮ ਭਾਈ ਛੱਜੂ ਸੀ, ਧੇਅ ਸੀ ਬਹੁਤ ਸਾਰਿਆਂ ਦਾ ਉਹ। ਧੇਅ ਉਹਨੂੰ ਕਹਿੰਦੇ ਨੇ ਜਿਹਦਾ ਨਮੂਨਾ ਲੈ ਕੇ ਭਜਨ ਬੰਦਗੀ ਕੀਤੀ ਜਾਵੇ ਜਾਂ ਕੋਈ ਕੰਮ ਕੀਤਾ ਜਾਵੇ, ਉਹਨੂੰ ਧੇਅ ਕਿਹਾ ਕਰਦੇ ਸੀ। ਨਾਮ ਜਪਣ ਵਾਲਿਆਂ ਦਾ, ਸ਼ੁੱਭ ਜੀਵਨ ਗੁਜ਼ਾਰਨ ਵਾਲਿਆਂ ਦਾ ਧੇਅ ਸੀ ਉਹ। ਅਮਾਨਤਾਂ ਲੋਕ ਉਸ ਦੇ ਪਾਸ ਰੱਖਦੇ ਸੀ। ਸਮਾਂ ਲੰਘ ਜਾਣਾ ਅਮਾਨਤਾਂ ਵਾਪਸ ਲੈ ਜਾਣੀਆਂ। ਬਹੁਤ ਸਾਰੇ ਅਮਾਨਤਾਂ ਰੱਖ ਕੇ ਪੈਸਾ ਲੈਂਦੇ ਸੀ। ਸੋ ਸਮੇਂ ਤੇ ਪੈਸਾ ਮੋੜ ਦੇਣਾ ਤੇ ਆਪਣੀ ਅਮਾਨਤ ਵਾਪਸ ਲੈ ਲੈਣੀ। ਐਸਾ ਹੀ ਉਨ੍ਹਾਂ ਦਾ ਕੰਮ ਸੀ। ਜਿਸ ਤਰ੍ਹਾਂ ਅੱਜਕਲ੍ਹ ਬੈਂਕਾਂ ਦੇ ਅੰਦਰ ਅਮਾਨਤਾਂ ਰਖਾਈਆਂ ਜਾਂਦੀਆਂ ਨੇ, ਲੋਕਰਾਂ ਦੇ ਅੰਦਰ। ਸੋ ਇਕ ਵਾਰੀ ਐਸਾ ਹੋਇਆ ਕਿ ਇਕ ਪਠਾਣ ਜਿਸਦਾ ਨਾਉਂ ਜਮਾਲ ਸੀ। ਫੌਜ ਦੇ ਵਿਚ ਸੀ ਤੇ ਹੁਕਮ ਹੋ ਗਿਆ ਕਿ ਪਿਸ਼ਾਵਰ ਦੇ ਉਤੇ ਚੜ੍ਹਾਈ ਕਰਨੀ ਹੈ, ਅਫਗਾਨਿਸਤਾਨ 'ਚ ਕੋਈ ਦੂਰ ਦੇਸ਼ ਦੇ ਅੰਦਰ ਗੜਬੜ ਹੋਈ ਤੇ ਫੌਜ ਨੂੰ ਹੁਕਮ ਹੋ ਗਿਆ ਚੱਲਣ ਦਾ। ਘਰ ਵਿਚ 500 ਮੋਹਰਾਂ ਸੋਨੇ ਦੀਆਂ ਜੋੜ ਕੇ ਰੱਖੀਆਂ ਹੋਈਆਂ ਸੀ। ਖਿਆਲ ਕਰਿਆ ਕਿ ਜੇ ਮੈਂ ਘਰ ਰੱਖਿਆ, ਘਰਵਾਲੀ ਕੋਲੋਂ ਚੋਰ ਲੈ ਜਾਣਗੇ। ਹੋਵੇ ਨਾ ਤਾਂ ਮੈਂ ਭਾਈ ਛੱਜੂ ਜੀ ਪਾਸ ਅਮਾਨਤ ਰੱਖ ਦੇਵਾਂ। ਸੋ ਏਸ ਆਸ਼ੇ ਦੇ ਨਾਲ ਭਾਈ ਸਾਹਿਬ ਦੇ ਪਾਸ ਆਉਂਦਾ ਹੈ, ਆ ਕੇ ਕਹਿਣ ਲੱਗਿਆ ਕਿ ਭਾਈ ਛੱਜੂ ਜੀ! ਮੈਨੂੰ ਹੁਕਮ ਹੋ ਗਿਆ ਹੈ ਯੁੱਧ ਵਿਚ ਜਾਣ ਦਾ। ਅੱਲਾਹ ਤਾਲਾ ਜਾਣਦਾ ਹੈ ਕਿ ਵਾਪਸ ਆਉਣਾ ਹੈ ਕਿ ਨਹੀਂ ਆਉਣਾ। ਆਹ ਦੇਖ ਮੈਂ ਤੇਰੇ ਕੋਲ ਅਮਾਨਤ ਰੱਖਦਾ ਹਾਂ, ਜੇ ਤਾਂ ਮੈਂ ਆ ਗਿਆ ਤਾਂ, ਤਾਂ ਮੈਂ ਵਾਪਸ ਲੈ ਲਵਾਂਗਾ, ਜੇ ਮੈਂ ਨਾ ਆਇਆ ਤਾਂ ਤੂੰ ਇਮਾਨਦਾਰੀ ਦੇ ਨਾਲ ਤੂੰ ਖੁਦਾ ਦੇ ਨਮਿਤ ਇਹ ਪੈਸੇ ਨੂੰ ਖਰਚ ਦੇਵੀਂ ਤਾਂ ਕਿ ਮੈਨੂੰ ਸਵਾਬ ਮਿਲੇ, ਪੁੰਨ ਮਿਲੇ ਤੇ ਮੇਰੀ ਰੂਹ ਦਾ ਕੁਛ ਭਲਾ ਹੋ ਜਾਵੇ, ਕੁਛ ਮੈਨੂੰ ਅਗਲੇ ਲੋਕ ਵਿਚ ਜਾ ਕੇ ਸੁਖਾਲ ਹੋ ਜਾਵੇ। ਇਥੇ ਬੀਜਦੇ ਹਾਂ ਅੱਗੇ ਮਿਲਦਾ ਹੈ ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ। ਇਹ ਅਜਾਈਂ ਨਹੀਂ ਜਾਇਆ ਕਰਦਾ ਕਰਦਾ, ਬੀਜਿਆ ਹੋਇਆ। ਪਰ ਮਹਾਰਾਜ ਕਹਿੰਦੇ ਇਹਦੇ ਵਿਚ ਇਕ ਸ਼ਰਤ ਹੈ ਬੜੀ ਜ਼ਬਰਦਸਤ ਉਹ ਜੇ ਤੁਸੀਂ ਪੂਰੀ ਕਰ ਲਓ ਤਾਂ ਅੱਗੇ ਮਿਲਦਾ ਹੈ। ਉਹ ਕੀ ਹੈ? ਕਹਿੰਦੇ –

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥ ਅੰਗ – ੧੨੪੫***

ਦੱਸਾਂ ਨੌਹਾਂ ਦੀ ਕਿਰਤ ਕਰਕੇ, ਉਹਦੇ ਵਿਚ ਮਿਲਾਵਟ ਨਾ ਹੋਵੇ, ਠੱਗੀ ਠੌਰੀ ਦੀ, ਰਿਸ਼ਵਤ ਦੀ। ਕਹਿੰਦੇ, ਉਹ ਚੀਜ਼ ਮਿਲਦੀ ਹੈ ਅੱਗੇ ਜਾ ਕੇ ਤੇ ਉਸੇ ਨੂੰ ਰੱਬ ਦੇ ਰਾਹ ਦੀ ਪਛਾਣ ਵੀ ਆ ਜਾਂਦੀ ਹੈ, ਬੜੀ ਵੱਡੀ ਗੱਲ ਹੋ ਜਾਂਦੀ ਹੈ। ਕਿਉਂਕਿ ਰੱਬ ਅੰਦਰ ਹੀ ਰਹਿੰਦਾ ਹੈ ਸਾਡੇ, ਲੇਕਿਨ ਸਾਨੂੰ ਪਛਾਣ ਨਹੀਂ ਹੈ ਓਸ ਰਸਤੇ ਦੀ ਜਿਹੜਾ ਅੰਦਰ ਹੈ।

ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਤੇ ਸੰਗਤ ਨੇ ਸਵਾਲ ਕਰਿਆ ਸੀ ਕਿ ਮਹਾਰਾਜ! ਅੱਗੇ ਦੇ ਰਸਤੇ ਬਾਰੇ ਬੜਾ ਕੁਛ ਸੁਣਦੇ ਹਾਂ। ਬਹੁਤ ਸਾਰੇ ਪ੍ਰੇਮੀ ਹੋਰ ਸੰਪਰਦਾਵਾਂ ਦੇ ਆਏ ਹੋਏ ਨੇ, ਬਹੁਤ ਸਾਰੇ ਹਿੰਦੂ ਵੀਰ ਬੈਠੇ ਨੇ, ਬਹੁਤ ਸਾਰੇ ਰਾਧਾ ਸਵਾਮੀ ਬੈਠੇ ਨੇ, ਨਾਮਧਾਰੀ ਸਿੰਘ ਬੈਠੇ ਨੇ, ਹੋਰ ਵੀ ਬੰਦਗੀ ਕਰਨ ਵਾਲੇ ਬੈਠੇ ਨੇ, ਸਾਰਿਆਂ ਦਾ ਆਪਣਾ-ਆਪਣਾ ਖਿਆਲ ਹੈ ਤੇ ਬਹੁਤ ਵਾਰੀ ਜਦੋਂ ਅਸੀਂ ਆਪਸ ਵਿਚ ਬਚਨ ਕਰਦੇ ਹਾਂ ਤਾਂ ਉਸ ਵੇਲੇ ਜ਼ਿਕਰ ਚਲਦਾ ਹੈ ਕਿ ਰੱਬ ਦੇ ਘਰ ਵਾਸਤੇ ਅੰਦਰ ਇਕ ਰਾਹ ਹੈ, ਉਹਦੇ ਬਾਰੇ ਇਸ ਤਰ੍ਹਾਂ ਸੁਣਦੇ ਹਾਂ ਕਿ ਬੜਾ ਔਖਾ ਰਸਤਾ ਹੈ ਤੇ ਉਹਦੇ ਵਿਚ ਚੱਕਰ ਆਉਂਦੇ ਨੇ, ਰੁਕਾਵਟਾਂ ਆਉਂਦੀਆਂ ਨੇ, ਐਨਰਜੀ ਸੈਂਟਰ ਆਉਂਦੇ ਨੇ ਪੰਜ ਛੇ, ਇਕ ਤੋਂ ਇਕ ਐਨਰਜੀ ਵਧਦੀ ਤੁਰੀ ਜਾਂਦੀ ਹੈ। ਕ੍ਰਿਪਾ ਕਰਕੇ ਆਪ ਜੇ ਇਸ ਤੇ ਚਾਨਣਾ ਪਾਵੋਂ ਤਾਂ ਸਾਨੂੰ ਸਾਰਿਆਂ ਨੂੰ ਗਿਆਨ ਹੋ ਜਾਵੇ।

ਸੰਤ ਮਹਾਰਾਜ ਜੀ ਕਹਿਣ ਲੱਗੇ, ਦੇਖੋ ਪਿਆਰਿਓ! ਸਰੀਰ ਆਪਣਾ ਹੈ, ਖੋਜ ਆਪਣੀ ਹੈ। ਇਹਦੇ ਵਿਚ ਅਸੀਂ ਐਉਂ ਨਹੀਂ ਕਹਿ ਸਕਦੇ ਕਿ ਆਹ ਖੋਜ ਨਾ ਕਰੋ, ਔਹ ਨਾ ਕਰੋ ਕਿਉਂਕਿ ਸਰੀਰ ਆਪਣਾ ਹੈ, ਖੋਜ ਵੀ ਆਪਣੀ ਹੈ ਤੇ ਨਤੀਜਾ ਵੀ ਸਾਂਝਾ ਹੈ ਸਾਰਿਆਂ ਦਾ। ਲੇਕਿਨ ਜਿਹੜੀ ਚੀਜ਼ ਹੈ ਆਚਾਰੀਏ, ਬੰਦਗੀ ਕਰਨ ਵਾਲੇ, ਅਨੁਭਵੀ ਮਹਾਂਪੁਰਸ਼ ਸਾਧਨ ਬਦਲਦੇ ਰਹਿੰਦੇ ਨੇ। ਲੋਕਾਂ

ਦੀਆਂ ਪ੍ਰਸਥਿਤੀਆਂ ਦੇਖ ਕੇ, ਸਿਹਤ ਦੇਖ ਕੇ, ਰੁਝੇਵੇਂ ਦੇਖ ਕੇ ਸਾਧਨ ਬਦਲਦੇ ਤੁਰੇ ਜਾਂਦੇ ਨੇ। ਇਹ ਸਾਧਨ ਜਿਹੜੇ ਸੀ ਇਹ ਉਸ ਵੇਲੇ ਦੇ ਸੀ ਜਿਸ ਵਕਤ ਬਹੁਤ ਸ਼ਾਂਤੀ ਹੋਇਆ ਕਰਦੀ ਸੀ ਤੇ ਬੜੀ ਖੋਜ ਅੰਦਰ ਆਦਮੀ ਕਰ ਸਕਦਾ ਸੀ। ਸਰੀਰ ਬਹੁਤ ਨਰੋਏ ਹੁੰਦੇ, ਦਿਮਾਗ ਬਹੁਤ ਕੰਮ ਦੇ ਹੁੰਦੇ, ਬ੍ਰਹਮਚਰੀਅ ਕਾਇਮ ਹੁੰਦਾ, ਚੁਗਲੀਆਂ ਵਗੈਰਾ ਵਰਗੀਆਂ ਚੀਜ਼ਾਂ ਵਿਚ ਨਹੀਂ ਸੀ ਗੁਲਤਾਨ ਹੁੰਦੇ। ਮਨ ਟਿਕਿਆ ਹੋਇਆ ਹੁੰਦਾ ਸੀ ਪਰ ਹੁਣ ਕਲਜੁਗ ਦਾ ਸਮਾਂ ਹੈ, ਹੁਣ ਗੁਰੂ ਨਾਨਕ ਦਾ ਜੋ ਸੁਖੈਨ ਰਸਤਾ ਹੈ, ਉਹ ਹੈ-

***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫***

ਪਰ ਫੇਰ ਵੀ ਤੁਸੀਂ ਹੁਣ ਪ੍ਰਸ਼ਨ ਕਰਿਆ ਹੈ, ਜਾਨਣ ਦੇ ਲਈ ਉਤਸੁਕ ਹੋ ਤੁਸੀਂ ਸਾਰੇ। ਸੋ ਉਹਦੇ ਬਾਰੇ ਮਹਾਰਾਜ ਜੀ ਦੱਸਦੇ ਨੇ ਉਹ ਆਤਮ ਮਾਰਗ ਮੈਗਜ਼ੀਨ 1995 ਅਗਸਤ ਦੇ ਵਿਚ ਆਹ ਚੀਜ਼ ਆ ਗਈ ਹੈ। ਉਹ ਰਸਤਾ ਹੈ ਸਾਡੇ ਅੰਦਰ ਕਿ ਅਸੀਂ ਕਿਸ ਤਰ੍ਹਾਂ ਦੇ ਨਾਲ ਇਨ੍ਹਾਂ ਐਨਰਜੀ ਸੈਂਟਰਾਂ 'ਚੋਂ ਹੁੰਦੇ ਹੋਏ ਉਪਰ ਪਹੁੰਚ ਸਕਦੇ ਹਾਂ, ਸੋ ਉਹ ਰਾਹ ਨੇ ਆਪਣੇ ਅੱਡ-ਅੱਡ। ਉਸ ਦੇ ਮੁਤਾਬਿਕ ਸਾਰੇ ਭੇਤ ਲਗ ਜਾਂਦੇ ਨੇ, ਇਸੇ ਕਰਕੇ ਸਾਧੂ ਦੀ ਲੋੜ ਹੋਇਆ ਕਰਦੀ ਹੈ ਕਿਉਂਕਿ ਉਹ ਅਨੁਭਵੀ ਹੁੰਦਾ ਹੈ, ਉਹਨੂੰ ਪਤਾ ਹੁੰਦਾ ਹੈ। ਸੋ ਮਹਾਰਾਜ ਕਹਿੰਦੇ ਨੇ ਭਾਈ, ਆਹ ਸੰਸਾਰ ਤੋਂ ਅੱਗੇ ਹੋਰ ਸੰਸਾਰ ਹੈ। ਜੇ ਕੋਈ ਦੇਖਣਾ ਹੈ ਤਾਂ ਮਹਾਰਾਜ ਕਹਿੰਦੇ ਕਿ ਤੂੰ ਦੇਖ ਸਕਦਾ ਹੈਂ, ਤੇਰੇ ਅੰਦਰ ਇਕ ਅਵਸਥਾ ਹੈ, ਇਕ ਮੰਡਲ ਹੈ ਜਿਹਨੂੰ ਧਰਮਖੰਡ ਕਹਿੰਦੇ ਨੇ, ਉਸ ਧਰਮਖੰਡ ਦੇ ਅੰਦਰ ਇਕ ਐਸੀ ਬੁੱਧੀ, ਐਸੀ ਅੱਖ ਪੈਦਾ ਹੁੰਦੀ ਹੈ, ਜਿਹਦੇ ਨਾਲ ਤੂੰ ਇਥੇ ਵੀ ਦੇਖ ਸਕਦਾ ਹੈਂ ਤੇ ਦਰਗਾਹ ਵਿਚ ਵੀ ਦੇਖ ਸਕਦਾ ਹੈਂ। ਹੁਣ ਓਸ ਦਰਗਾਹ ਦੇ ਵਿਚ ਖੱਟਣ ਵਾਸਤੇ ਆਹ ਵੇਲਾ ਹੈ ਜਿਹੜਾ ਸਾਨੂੰ ਮਿਲਿਆ ਹੋਇਆ ਹੈ। ਇਕ ਥਾਂ ਖੱਟ ਕੇ, ਲੱਦ ਕੇ ਚਲੇ ਗਏ, ਇਕ ਉਜਾੜਾ ਪਾ ਕੇ ਇਥੇ ਚਲੇ ਗਏ, ਉਹ ਇਥੇ ਵੀ ਭੁੱਖੇ ਤੇ ਦਰਗਾਹ ਵਿਚ ਭੁੱਖੇ। ਸੋ ਮਹਾਰਾਜ ਕਹਿੰਦੇ ਪਿਆਰਿਆ! ਉਥੇ ਮਿਲਦਾ ਹੈ -

***ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥***
***ਅੰਗ - ੪੭੨***

ਜਿਹੜਾ ਇਥੇ ਖੱਟਦਾ ਹੈ ਮਿਹਨਤ ਕਰਕੇ, ਫੇਰ ਉਹ ਦਿੰਦਾ ਹੈ, ਉਹ ਚੀਜ਼ ਅੱਗੇ ਮਿਲਦੀ ਹੈ, ਇਹ ਸਾਰੇ ਧਰਮਾਂ ਦਾ ਜਿੰਨੇ ਵੀ ਆਸਤਕ ਧਰਮ ਨੇ, ਸਾਰਿਆਂ ਦਾ ਵਿਸ਼ਵਾਸ਼ ਹੈ। ਇਸਲਾਮ ਵਾਲਿਆਂ ਦਾ ਇਹ ਹੈ ਕਿ ਰੂਹਾਂ ਕਬਰਾਂ ਵਿਚ ਪਈਆਂ ਰਹਿੰਦੀਆਂ ਨੇ। ਰੋਜ਼ੇ, ਕਿਆਮਤ ਫੇਰ ਰੂਹਾਂ ਦਾ ਹਿਸਾਬ ਕਿਤਾਬ ਹੁੰਦਾ ਹੈ ਉਸ ਵੇਲੇ ਜਿਨ੍ਹਾਂ ਨੇ ਪੁੰਨ ਕਰੇ ਨੇ, ਸਵਾਬ ਕਰੇ ਨੇ, ਉਹ ਸਵਰਗਾਂ ਵਿਚ ਸੁੱਖ ਪਾਉਂਦੇ ਨੇ ਤੇ ਜਿਨ੍ਹਾਂ ਨੇ ਪਾਪ ਕਰੇ ਨੇ ਉਹ ਦੋਜ਼ਕਾਂ ਦੇ ਵਿਚ ਸੜਦੇ ਨੇ। ਖਿਆਲ ਹੈ ਉਨ੍ਹਾਂ ਦਾ। ਰਲਦਾ ਮਿਲਦਾ ਹੀ ਹੈ। ਸਾਡੇ ਵੀ ਇਸੇ ਤਰ੍ਹਾਂ ਹੀ ਹੈ ਕਿ ਜਿਹੋ ਜਿਹਾ ਬੀਜੇਂਗਾ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥***
***ਅੰਗ - ੧੩੪***

ਐਥੇ ਵੀ ਮਿਲੇਗਾ ਤੇ ਦਰਗਾਹ 'ਚ ਜਾ ਕੇ ਵੀ ਮਿਲੇਗਾ। ਸੋ ਇਸ ਤਰ੍ਹਾਂ ਦੇ ਨਾਲ ਭਾਈ ਜਮਾਲ ਕਹਿਣ ਲੱਗਿਆ ਕਿ ਭਾਈ ਛੱਜੂ! ਜੇ ਤਾਂ ਮੈਂ ਆ ਗਿਆ ਤਾਂ ਤੇ ਮੈਂ ਲੈ ਲਵਾਂਗਾ ਆਪਣੀ ਅਮਾਨਤ, ਜੇ ਮੈਂ ਨਾ ਆਇਆ ਤਾਂ ਐਉਂ ਕਰੀ ਰੱਬ ਦੀ ਖੈਰਾਇਤ ਦੇ ਵਿਚ ਦੇ ਦੇਵੀਂ, ਨੇਕ ਕੰਮਾਂ 'ਚ ਐਸਿਆਂ 'ਚ ਖਰਚ ਕਰੀ ਕਿ ਮੈਨੂੰ ਰੱਬ ਦੀ ਦਰਗਾਹ ਦੇ ਵਿਚ ਜਾ ਕੇ ਮਿਲ ਜਾਵੇ। ਐਨੇ ਬਚਨ ਕਰਕੇ ਚਲਿਆ ਗਿਆ। ਇਹ ਬੜਾ ਰੁਝਿਆ ਹੋਇਆ ਸੀ ਉਸ ਵਕਤ। ਉਤੋਂ-ਉਤੋਂ ਗੱਲ ਸੁਣੀ, ਗਹਿਰੇ ਮਨ ਨਾਲ ਨਹੀਂ ਸੁਣੀ। ਜਦੋਂ ਅਸੀਂ ਗਹਿਰੇ ਮਨ ਨਾਲ ਮਨ ਨਾ ਸੁਣੀਏ ਅਸੀਂ ਉਦੋਂ ਹੀ ਭੁੱਲ ਜਾਂਦੇ ਹਾਂ, ਯਾਦ ਨਹੀਂ ਰਹਿੰਦੀ, ਕਿਉਂਕਿ ਉਪਰਲੀ ਪੇਤਲੀ ਪੜਤ 'ਚ ਗੱਲ ਹੁੰਦੀ ਹੈ। ਗਹਿਰੀ ਪੜਤ ਵਿਚ ਗਈ ਹੋਈ ਗੱਲ ਨਹੀਂ ਭੁੱਲਿਆ ਕਰਦੀ।

ਛੇ ਮਹੀਨੇ ਲੰਘਣ ਤੋਂ ਬਾਅਦ ਉਹ ਵਾਪਸ ਆਉਂਦਾ ਹੈ, ਅਮਾਨਤ ਲੈਣ ਵਾਸਤੇ ਭਾਈ ਛੱਜੂ ਦੇ ਕੋਲ ਆਉਂਦਾ ਹੈ। ਆਪਸ ਵਿਚ ਸਤਿ ਕਰਤਾਰ ਤੇ ਸਲਾਮ-ਏ-ਲੇਕੁਮ ਹੋਇਆ। ਕਹਿਣ ਲੱਗੇ, ਦੱਸੋ ਕਿਵੇਂ ਆਏ? ਕਹਿਣ ਲੱਗਿਆ, ਛੱਜੂ ਜੀ! ਮੈਂ ਆ ਗਿਆ, ਖੁਦਾ ਦੀ ਬੜੀ ਮਿਹਰ ਹੈ ਕਿ ਮੈਨੂੰ ਯੁੱਧਾਂ ਦੇ ਵਿਚੋਂ ਉਨ੍ਹਾਂ ਨੇ ਰੱਖ ਲਿਆ ਤੇ ਮੈਂ ਸਹੀ ਸਲਾਮਤ ਆ ਗਿਆ। ਕਹਿੰਦੇ, ਬੜੀ ਖੁਸ਼ੀ ਹੋਈ ਤੁਹਾਡੇ ਆਉਣ ਦੀ, ਹੋਰ ਕੋਈ ਸੇਵਾ ਦੱਸੋ? ਕਹਿਣ ਲੱਗਿਆ ਪਠਾਣ ਕਿ ਸੇਵਾ ਤਾਂ ਇਹ ਹੈ ਕਿ ਮੈਂ ਤੁਹਾਡੇ ਪਾਸ ਅਮਾਨਤ ਰੱਖ ਗਿਆ ਸੀ, ਪੰਜ ਸੌ ਮੋਹਰ ਦੀ, ਉਹ ਮੈਨੂੰ ਦੇ ਦਿਓ, ਰਜਿਸਟਰ ਮੰਗਾ ਲਿਆ ਉਸੇ ਵੇਲੇ ਕਹਿਣ ਲੱਗੇ, ਮੁਨੀਮਾਂ ਨੂੰ ਕਿ ਦੇਖੋ ਅਮਾਨਤ ਏਸ ਦੀ, ਸਾਰੇ ਖਾਤੇ ਫਰੋਲ ਦਿਤੇ ਲੇਕਿਨ ਜਮਾਲ ਦਾ ਖਾਤਾ ਨਾ ਨਿਕਲਿਆ। ਹੈਰਾਨ ਹੋ ਗਏ ਕਿ ਅੱਜ ਤੱਕ ਤਾਂ ਐਸੀ ਗੱਲ ਨਹੀਂ ਹੋਈ। ਕਹਿਣ ਲੱਗੇ ਕਿ ਜੇ ਇਹ ਕਹਿੰਦਾ ਹੈ ਕਿ ਤੁਹਾਡੇ ਪਾਸ ਜ਼ਰੂਰ ਹੋਣਾ ਹੈ ਕੋਈ ਖਾਤਾ। ਕਹਿੰਦੇ ਨਾ ਸ਼ਾਹ ਜੀ! ਸਾਡੇ ਰਜਿਸਟਰਾਂ ਦੇ ਅੰਦਰ, ਸਾਡੀਆਂ ਵਹੀਆਂ ਦੇ ਅੰਦਰ ਤਾਂ ਜਮਾਲ ਦਾ ਨਾਉਂ ਹੀ ਨਹੀਂ ਹੈ।

ਕਹਿਣ ਲੱਗੇ, ਅੱਜ ਤੱਕ ਇਹ ਗੱਲ ਹੋਈ ਨਹੀਂ, ਇਹ ਭਲਾ ਬੰਦਾ ਹੈ, ਇਹ ਐਵੇਂ ਆ ਕੇ ਮੰਗਦਾ ਹੈ? ਅੱਛਾ ਐਸ ਤਰ੍ਹਾਂ ਕਰੋ ਸਾਰੀਆਂ ਅਮਾਨਤਾਂ ਦੇ ਬਕਸੇ ਫਰੋਲੋ, ਇਕੱਲਾ-ਇਕੱਲਾ ਬਕਸਾ ਫਰੋਲਿਆ, ਇਕੱਲੀਆਂ-ਇਕੱਲੀਆਂ ਜਿਹੜੀਆਂ ਬੰਨ੍ਹ ਕੇ ਰੱਖੀਆਂ ਹੋਈਆਂ ਸੀ ਪੋਟਲੀਆਂ ਉਹ ਰਜਿਸਟਰਾਂ ਦੇ ਨਾਲ ਮਿਲਾ ਕੇ ਨੰਬਰਾਂ ਦੇ ਹਿਸਾਬ ਨਾਲ ਰੱਖੀ ਜਾਂਦੇ ਨੇ। ਬੜੀ ਮਿਹਨਤ ਤੋਂ ਬਾਅਦ ਕਹਿਣ ਲੱਗੇ, ਸ਼ਾਹ ਜੀ! ਨਾ ਬਕਸਿਆ ਵਿਚੋਂ ਇਹਦੀ ਕੋਈ ਚੀਜ਼ ਨਿਕਲੀ ਹੈ। ਬੜੇ ਹੈਰਾਨ ਹੋਏ, ਨੀਵੀਂ ਪਾ ਲਈ ਕਹਿਣ ਲੱਗੇ ਗਈ ਫੇਰ ਕਿੱਥੇ? ਇਹ ਵੀ ਝੂਠ ਨਹੀਂ ਬੋਲਦਾ।

ਉਹ ਕਹਿਣ ਲੱਗੇ ਕਿ ਸ਼ਾਹ ਜੀ! ਹੋ ਸਕਦਾ ਹੈ ਇਹਨੇ ਕਿਤੇ ਹੋਰ ਰੱਖ ਦਿਤੀ ਹੋਵੇ। ਅਖੀਰ ਗੱਲ ਸ਼ੱਕ ਵਿਚ ਪੈ ਗਈ, ਝਗੜੇ ਵਿਚ ਪੈ ਗਈ, ਉਹ ਕਹਿੰਦਾ ਮੈਂ ਤੁਹਾਨੂੰ ਦੇ ਕੇ ਗਿਆ, ਗੱਲਾਂ ਕਰੀਆਂ ਨੇ ਤੁਹਾਡੇ ਨਾਲ। ਇਧਰ ਭਾਈ ਛੱਜੂ ਬਿਲਕੁਲ ਭੁੱਲ ਗਿਆ ਕਿ ਇਹ ਆਇਆ ਵੀ ਸੀ ਮੇਰੇ ਕੋਲ। ਜਦੋਂ ਕੋਈ ਫੈਸਲਾ ਨਾ ਹੋਇਆ, ਪੰਚਾਇਤਾਂ ਕੀਤੀਆਂ, ਭਾਈਚਾਰਾ ਇਕੱਠਾ ਕਰਿਆ, ਸ੍ਰੇਸ਼ਟ ਪੁਰਸ਼ ਇਕੱਠੇ ਕਰੇ ਅਖੀਰ ਕਾਜ਼ੀ ਦੇ ਪਾਸ ਗਿਆ, ਕਾਜ਼ੀ ਕਹਿਣ ਲੱਗਿਆ ਦੇਖੋ, ਸਬੂਤ ਕੋਈ ਹੈ ਨਹੀਂ ਤੇ ਭਾਈ ਛੱਜੂ ਜਿਹੜਾ ਹੈ ਇਹਦੀ ਰੈਪੂਟੇਸ਼ਨ ਐਨੀ ਜ਼ਬਰਦਸਤ ਹੈ ਕਿ ਇਹਨੇ ਕਦੇ ਗਲਤੀ ਨਹੀਂ ਕਰੀ ਅੱਜ ਤੱਕ। ਹੋਵੇ ਨਾ ਤਾਂ ਮੈਂ ਇਹ ਕੇਸ ਨਵਾਬ ਨੂੰ ਦੇ ਦੇਵਾਂ। ਲਾਹੌਰ ਦੇ ਨਵਾਬ ਕੋਲ ਚਲਿਆ ਗਿਆ। ਨਵਾਬ ਨੇ ਦੋਹਾਂ ਨੂੰ ਬੁਲਾਇਆ, ਬਿਆਨ ਸੁਣੇ। ਕਹਿਣ ਲੱਗਿਆ ਕਿ ਦੇਖ ਭਾਈ ਜਮਾਲ! ਚਾਹੇ ਗੱਲ ਠੀਕ ਹੈ ਚਾਹੇ ਗਲਤ ਹੈ, ਮੇਰਾ ਮਨ ਇਹ ਨਹੀਂ ਮੰਨਦਾ ਕਿ ਗੁਰੂ ਦਾ ਸਿੱਖ ਹੋ ਕੇ ਝੂਠ ਬੋਲੇ ਤੇ ਜਿਨ੍ਹਾਂ ਨੂੰ ਅਸੀਂ ਕਹਿੰਦੇ ਸੀ ਕਿ ਉਨ੍ਹਾਂ ਦਾ ਰਾਜ ਹੈ, ਇਸਲਾਮ ਵਾਲੇ ਨੇ। ਉਹ ਵੀ ਬੰਦੇ ਸੀ ਸਾਧਸੰਗਤ ਜੀ! ਮਾੜੇ ਬੰਦੇ ਹਰੇਕ ਦੇ ਵਿਚ ਹੁੰਦੇ ਨੇ, ਜ਼ੁਰਮ ਕਰਨ ਵਾਲੇ ਹਰੇਕ ਕਮਿਊਨਟੀ 'ਚ ਹੁੰਦੇ ਨੇ। ਰਾਜਸੀ ਪੱਧਰ ਤੇ ਵਿਰੋਧਤਾ ਸੀ, ਲੇਕਿਨ ਜਿਹੜੀ ਸਮਾਜਿਕ ਪੱਧਰ ਸੀ ਉਸ ਦੇ ਮੁਤਾਬਿਕ ਸਿੱਖ ਦੀ ਬੜੀ ਕਦਰ ਸੀ। ਸ਼ਰਧਾ ਸੀ, ਸੀਸ ਝੁਕਦਾ ਸੀ। ਉਨ੍ਹਾਂ ਦੇ ਜੀਵਨ ਨੂੰ ਦੇਖ ਕੇ ਇਸਲਾਮ ਵਾਲੇ ਗੁਰੂਆਂ ਦੇ ਚਰਨੀਂ ਆ ਕੇ ਨਾਮ ਦੀ ਦਾਤ ਪ੍ਰਾਪਤ ਕਰਦੇ ਸੀ। ਇਕ ਨਹੀਂ ਹਜ਼ਾਰਾਂ ਦੀ ਤਾਦਾਦ 'ਚ।

ਕੀੜੀ ਪਿੰਡ ਦੇ ਪਠਾਣ ਜਦੋਂ ਗੁਰੂ ਨਾਨਕ ਪਾਤਸ਼ਾਹ ਜੋਤੀ ਜੋਤ ਸਮਾਏ ਤਾਂ ਝਗੜਾ ਪੈ ਗਿਆ ਕਿ ਸਰੀਰ ਦੇ ਉਪਰ। ਸਾਰੇ ਪਠਾਣ ਕਹਿਣ ਕਿ ਇਹ ਸਾਡੇ ਪੀਰ ਨੇ, ਅਸੀਂ ਤਾਂ ਦਫਨਾਉਣੇ, ਦੂਜੇ ਪਾਸੇ ਕਹਿਣ ਕਿ ਇਹ ਸਾਡੇ ਗੁਰੂ ਨੇ ਅਸੀਂ ਸਸਕਾਰ ਕਰਨਾ ਹੈ। ਹੁਣ ਨਿਬੇੜਾ ਕਿਵੇਂ ਹੋਏ? ਨਿਬੇੜਾ ਆਪੇ ਹੀ ਹੋ ਗਿਆ, ਮਹਾਰਾਜ ਨੇ ਤੱਤ ਤੱਤਾਂ 'ਚ ਰਲਾ ਦਿਤੇ। ਉਥੇ ਕੁਛ ਵੀ ਨਾ ਰਿਹਾ, ਫੁੱਲ ਰਹਿ ਗਏ, ਫੁੱਲ ਅੱਧੇ-ਅੱਧੇ ਵੰਡ ਲਏ, ਚਾਦਰ ਪਾੜ ਕੇ ਵੰਡ ਲਈ।

ਸੋ ਕਦਰ ਸੀ ਗੁਰਸਿੱਖਾਂ ਦੇ ਜੀਵਨ ਦੀ ਸਾਰਿਆਂ ਦੇ ਮਨਾਂ 'ਚ। ਕੁਛ ਬੰਦੇ ਹੀ ਮਾੜੇ ਹੁੰਦੇ ਨੇ, ਹੁਣ ਵੀ ਐਸੇ ਹੈਗੇ ਨੇ ਬੰਦੇ ਜਿਹੜੇ ਦੂਜਿਆਂ ਨੂੰ ਗਾਲ੍ਹਾਂ ਕੱਢਦੇ ਨੇ, ਮਾੜਾ ਬੋਲਦੇ ਨੇ, ਨਫਰਤ ਕਰਦੇ ਨੇ, ਉਹ ਤਾਂ ਸਦਾ ਹੀ ਰਹਿਣਗੇ। ਕਿਉਂਕਿ ਇਹ ਫੌਜਾਂ ਕਲਜੁਗ ਦੀਆਂ ਨੇ, ਕਲਜੁਗ ਦਾ ਰਾਜ ਹੈ, ਇਹਨੇ ਰਹਿਣਾ ਹੀ ਰਹਿਣਾ ਹੈ। ਰੂਪ ਵਟਾ ਲੈਂਦੇ ਨੇ, ਧਰਮੀਆਂ ਦਾ ਰੂਪ ਵਟਾ ਕੇ ਧਰਮਾਂ 'ਚ ਦਾਖਲ ਹੋ ਗਏ, ਕਹਿੰਦੇ ਨੇ ਅਸੀਂ ਪ੍ਰਚਾਰ ਕਰਾਂਗੇ। ਪ੍ਰਚਾਰ ਕੀ ਹੈ ਕਿ ਸੰਤ ਨੁਕਸਾਨ ਕਰ ਰਹੇ ਨੇ ਪੰਥ ਦਾ। ਜੇ ਸੰਤਾਂ ਨੂੰ ਕੱਢ ਦਿਓ ਤਾਂ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਵਿਚ ਰਹਿ ਜਾਏਗੀ, ਸੰਤਾਂ ਨੂੰ ਰਲਾ ਲਓ ਤਾਂ ਕਰੋੜਾਂ 'ਚ ਚਲੀ ਜਾਂਦੀ ਹੈ। ਸਾਰੇ ਸਾਧੂ ਅੰਮ੍ਰਿਤ ਛਕਾਉਂਦੇ ਨੇ, ਗੁਰੂ ਦੇ ਲੜ ਲਾਉਂਦੇ ਨੇ। ਸੋ ਗੁਰਸਿੱਖ ਦੀ ਬੜੀ ਕਦਰ ਸੀ ਉਨ੍ਹਾਂ ਦਿਨਾਂ ਵਿਚ ਕਿਉਂਕਿ ਜੀਵਨ ਬੜਾ ਉਚਾ ਸੀ।

ਸੋ ਨਵਾਬ ਕਹਿਣ ਲੱਗਿਆ ਕਿ ਭਾਈ ਜਮਾਲ ਮੈਂ ਸ਼ੱਕ ਨਹੀਂ ਕਰਦਾ ਇਹਦੇ ਬਿਆਨ ਦੇ ਉਤੇ। ਭਾਈ ਛੱਜੂ ਦੀ ਕਦੇ ਸ਼ਿਕਾਇਤ ਨਹੀਂ ਆਈ। ਹਾਂ ਇਕ ਜੋ ਅਖਤਿਆਰ ਹੈ ਮੇਰੇ ਉਹ ਮੈਂ ਫੈਸਲਾ ਖੁਦਾ ਤੋਂ ਲਵਾਂਗਾ ਕਿਉਂਕਿ ਖੁਦਾ ਸਭ ਨੂੰ ਜਾਣਦਾ ਹੈ। ਉਸ ਤੋਂ ਉਪਰ ਕੋਈ ਨਹੀਂ ਹੈ। ਫਲਾਣੀ ਤਰੀਕ ਨੂੰ ਤੁਸੀਂ ਪੇਸ਼ ਹੋਇਓ, ਓਦਣ ਫੈਸਲਾ ਹੋ ਜਾਏਗਾ, ਸਾਰੀ ਪਬਲਿਕ ਦੇ ਸਾਮ੍ਹਣੇ। ਉਹ ਇਹ ਹੋਏਗਾ ਕਿ ਓਸ ਦਿਨ ਕੜਾਹੀ ਤੇਲ ਦੀ ਉਬਾਲ ਕੇ ਉਹਦੇ ਵਿਚ ਦੋ ਰੁਪਈਏ ਪਾਏ ਜਾਣਗੇ, ਉਹ ਤੁਸੀਂ ਉਬਲਦੇ ਤੇਲ ਦੇ ਵਿਚੋਂ ਰੁਪਈਆ ਕੱਢਣਾ ਹੈ, ਜਿਹਦਾ ਤਾਂ ਹੱਥ ਜਲ ਗਿਆ ਉਹ ਤਾਂ ਝੂਠਾ, ਜਿਹਦਾ ਨਾ ਜਲਿਆ ਉਹ ਸੱਚਾ। ਇਹਨੂੰ ਪ੍ਰੀਕਸ਼ਾ ਕਹਿੰਦੇ ਸੀ। ਪੁਰਾਣੇ ਯੁੱਗ ਦੇ ਅੰਦਰ ਇਸੇ ਤਰ੍ਹਾਂ ਹੁੰਦਾ ਸੀ।

ਜਦੋਂ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਹੋਈ ਤਾਂ ਉਸ ਨੇ ਇਹ ਬਚਨ ਕਿਹਾ ਕਿ ਮੈਂ ਜੇ ਰਾਮ ਜੀ ਤੋਂ ਬਗੈਰ ਜੇ ਕਿਸੇ ਮਨੁੱਖ ਨੂੰ ਦੇਖਿਆ ਹੋਵੇ, ਤਾਂ ਮੈਂ ਅੱਗ ਦੇ ਵਿਚੋਂ ਨਿਕਲ ਨਾ ਸਕਾਂ, ਐਥੇ ਹੀ ਜਲ ਜਾਵਾਂ। ਅੱਗ ਮਚਾਈ ਗਈ, ਕਿਉਂਕਿ ਸੱਚੀ ਸੀ ਨਿਕਲ ਗਈ।

ਪਹਿਲੇ ਜ਼ਮਾਨਿਆਂ 'ਚ ਐਸੇ ਤਰ੍ਹਾਂ ਦੇ ਨਾਲ

ਇਮਤਿਹਾਨ ਹੋਇਆ ਕਰਦਾ ਸੀ। ਅਰ ਵਾਹਿਗੁਰੂ ਬਿਲਕੁਲ ਨੇੜੇ ਹੋ ਕੇ ਬਹੁੜਿਆ ਕਰਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਤਰੀਕ ਬੰਨ੍ਹ ਦਿਤੀ, ਲਾਹੌਰ ਦੇ ਵਿਚ ਖਬਰ ਕਰ ਦਿਤੀ। ਭਾਈ ਛੱਜੂ ਮਨੋ, ਤਨੋ, ਸੱਚਾ ਸੀ। ਭਰੋਸਾ ਸੀ ਆਪਣੇ ਗੁਰੂ ਦੇ ਉਤੇ। ਸੋ ਉਸ ਵੇਲੇ ਚਲੇ ਜਾਂਦੇ ਨੇ, ਜਾ ਕੇ ਆਲੇ-ਦੁਆਲੇ ਬਹੁਤ ਵੱਡਾ ਘੇਰਾ ਘੱਤ ਲਿਆ ਪਬਲਿਕ ਨੇ। ਵਿਚਾਲੇ ਤੇਲ ਉਬਾਲਿਆ ਗਿਆ, ਇਹ ਦੋਵੇਂ ਖੜ੍ਹੇ ਨੇ, ਨਵਾਬ ਖੜ੍ਹਾ ਹੈ, ਕਾਜ਼ੀ ਖੜ੍ਹਾ ਹੈ, ਪੰਜ ਚਾਰ ਬੰਦੇ ਖੜ੍ਹੇ ਨੇ ਤੇ ਕਹਿਣ ਲੱਗੇ ਕਿ ਹੁਣ ਖੁਦਾ ਤੇ ਫੈਸਲਾ ਛੱਡਦੇ ਹਾਂ ਤੇ ਤੇਲ ਉਬਲਣ ਲਗ ਗਿਆ। ਸੇਕ ਮਾਰਦਾ ਹੈ। ਨਵਾਬ ਨੇ ਕਿਹਾ ਕਿ ਮੈਂ ਦੋ ਰੁਪਈਏ ਅੱਲਾਹ ਨੂੰ ਯਾਦ ਕਰਕੇ ਇਹਦੇ ਵਿਚ ਪਾਉਂਦਾ ਹਾਂ ਤੇ ਜਿਹੜਾ ਸਹੀ ਸਲਾਮਤ ਕੱਢ ਲਿਆਇਆ ਉਹ ਸੱਚਾ ਤੇ ਦੂਜਾ ਝੂਠਾ। ਨਾਲ ਇਹ ਕਿਹਾ ਕਿ ਭਾਈ ਜਮਾਲ ਤੇ ਭਾਈ ਛੱਜੂ ਇਹ ਰੱਬ ਵਲੋਂ ਤੁਹਾਡਾ ਫੈਸਲਾ ਹੋਣਾ ਹੈ, ਆਪਣੇ-ਆਪਣੇ ਜਿੱਥੇ ਤੁਹਾਡੀ ਕੋਈ ਨੇਸ਼ਟਾ ਹੈ ਉਹਨੂੰ ਧਿਆ ਲਓ, ਯਾਦ ਕਰ ਲਓ, ਐਨੇ ਮਿੰਟਾਂ ਤੋਂ ਬਾਅਦ ਮੈਂ ਰੁਪਈਏ ਪਾਵਾਂਗਾ, ਉਸ ਤੋਂ ਬਾਅਦ ਤੁਸੀਂ ਕੱਢਣਾ। ਉਸ ਵੇਲੇ ਜਦੋਂ ਇਹ ਬਚਨ ਕਿਹਾ ਗਿਆ ਤਾਂ ਗੁਰਸਿੱਖ ਉਵੇਂ ਜਿਵੇਂ ਬੈਠਾ ਹੈ। ਬੈਠਾ-ਬੈਠਾ ਗੁਰੂ ਨਾਲ ਜੁੜ ਗਿਆ, ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨਾਂ 'ਚ ਸੁਰਤ ਪਹੁੰਚ ਗਈ। ਹੱਥ ਜੋੜ ਲਏ, ਕਹਿਣ ਲੱਗਿਆ ਪਾਤਸ਼ਾਹ! ਮੈਂ ਚਾਹੇ ਚੰਗਾ ਹਾਂ, ਚਾਹੇ ਮੰਦਾ ਹਾਂ, ਹੁਣ ਮੈਨੂੰ ਨਾ ਦੇਖ, ਤੇਰੇ ਸਿੱਖ ਦੀ ਇੱਜ਼ਤ ਜਿਹੜੀ ਹੈ ਸੰਸਾਰ ਦੇ ਅੰਦਰ ਫਿਕੀ ਪੈ ਜਾਏਗੀ, ਜੇ ਐਸ ਵੇਲੇ ਮੇਰੀ ਰਾਖੀ ਨਾ ਹੋਈ ਤੇ ਇਹ ਲਾਜ ਤੂੰ ਮੇਰੀ ਹੀ ਨਹੀਂ ਰੱਖਣੀ ਸਾਰੇ ਸਿੱਖਾਂ ਦੀ ਰੱਖਣੀ ਹੈ। ਮੇਰੀ ਲਾਜ ਦੇ ਵਿਚ ਸਾਰੇ ਸਿੱਖਾਂ ਦੀ ਲਾਜ ਹੈ।

*ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,*
*ਤੇਰੀ ਆਸ ਰੱਖੀ ਮਾਲਕਾ।*

*ਅਵਰ ਓਟ ਮੈ ਸਗਲੀ ਦੇਖੀ*
*ਇਕ ਤੇਰੀ ਓਟ ਰਹਾਈਐ ॥ ਅੰਗ - ੬੨੫*

ਹੇ ਪ੍ਰਭੂ! ਮੇਰਾ ਤੇਰੇ ਬਿਨਾਂ ਸੰਸਾਰ ਦੇ ਅੰਦਰ ਕੋਈ ਨਹੀਂ ਹੈ। ਮੈਂ ਚੰਗਾ ਹਾਂ, ਮੈਂ ਮੰਦਾ ਹਾਂ ਇਹ ਤੂੰ ਲਾਜ ਰੱਖਣੀ ਹੈ ਪਾਤਸ਼ਾਹ।

ਵਾਹਿਗੁਰੂ ਨੂੰ ਕੋਈ ਯਾਦ ਕਰਦਾ ਹੈ, ਵਾਹਿਗੁਰੂ ਕਿਤੇ ਦੂਰ ਨਹੀਂ ਰਹਿੰਦਾ ਸਾਧਸੰਗਤ ਜੀ! ਇਸ ਵਿਸ਼ਵਾਸ਼ ਵਿਚ ਆਓ। ਅਸੀਂ ਉਸ ਵੇਲੇ ਗਲਤੀ ਖਾਂਦੇ ਹਾਂ ਜਦੋਂ ਸਾਨੂੰ ਪ੍ਰਮੇਸ਼ਰ ਭੁੱਲ ਜਾਂਦਾ ਹੈ। ਜੇ ਨਾ ਭੁੱਲੇ ਸਾਨੂੰ ਯਾਦ ਹੋਵੇ ਫੇਰ ਮਹਾਰਾਜ ਕਹਿੰਦੇ ਓਹਦਾ ਵਾਲ ਵੀ ਵਿੰਗਾ ਨਹੀਂ ਹੋਇਆ ਕਰਦਾ।

*ਰੋਗਨ ਤੇ ਅਰ ਸੋਗਨ ਤੇ,*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

ਵਿਸ਼ਵਾਸ਼ ਨਹੀਂ ਹੈ ਸਾਨੂੰ। ਨਹੀਂ ਆਉਂਦਾ ਕਿੰਨਾ ਹੀ ਸੰਤ ਕਹੀ ਜਾਣ, ਵਿਸ਼ਵਾਸ਼ ਤਾਂ ਕਰੋ। ਪਰ ਵਿਸ਼ਵਾਸ਼ ਆਉਂਦਾ ਹੀ ਨਹੀਂ। ਮਹਾਰਾਜ ਕਹਿੰਦੇ, ਜੇ ਵਿਸ਼ਵਾਸ਼ ਆ ਜਾਵੇ ਨਾ ਕਿਸੇ ਦੇ ਮਨ 'ਚ ਵਾਹਿਗੁਰੂ ਦਾ, ਉਸ ਵੇਲੇ ਅਸਰ ਕੀ ਹੁੰਦਾ ਹੈ, ਤੱਤ ਗਿਆਨ ਉਹਦੇ ਮਨ ਵਿਚ ਪ੍ਰਗਟ ਹੋ ਜਾਂਦਾ ਹੈ, ਆਪਣੀ ਆਤਮਾ ਸਾਖਸ਼ਾਤਕਾਰ ਹੋ ਜਾਂਦੀ ਹੈ।

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥*
*ਅੰਗ - ੨੮੫*

ਪਹਿਲਾ ਹੈ ਕਿਹੜੀ ਚੀਜ਼ ਚਾਹੀਦੀ ਹੈ? ਦੂਸਰਾ ਉਹਦਾ ਨਤੀਜਾ ਹੈ। ਪਹਿਲਾ ਹੈਗਾ ਕਿ ਵਿਸ਼ਵਾਸ਼, ਦੂਸਰਾ ਹੈ ਕਿ ਉਹਦਾ ਨਤੀਜਾ ਕੀ ਹੋਏਗਾ। ਕਿਉਂਕਿ ਵਿਸ਼ਵਾਸ਼ ਵਾਸਤੇ ਫੁਰਮਾਨ ਕਰਦੇ ਨੇ ਕਿ ਪ੍ਰਮੇਸ਼ਰ ਸਾਡੇ ਅੰਦਰ ਬਾਹਰ ਐਉਂ ਹੈ ਜਿਵੇਂ ਮੱਛੀ ਸਮੁੰਦਰ 'ਚ ਤੈਰ ਰਹੀ ਹੈ, ਲਹਿਰਾਂ ਦੇ ਵਿਚ ਫਿਰ ਰਹੀ ਹੈ, ਉਹਦੇ ਅੰਦਰ ਬਾਹਰ ਸਾਰੇ ਪਾਣੀ ਹੀ ਪਾਣੀ ਹੈ।

ਇਕ ਵਾਰੀ ਇਕ ਮੱਛੀ ਦੇ ਮਨ ਵਿਚ ਆਇਆ ਕਿ ਮੈਨੂੰ ਦੱਸਦੇ ਨੇ ਕਿ ਮੈਂ ਪਾਣੀ ਤੋਂ ਬਗੈਰ ਮਰ ਜਾਂਦੀ ਹਾਂ, ਮੇਰਾ ਐਨਾ ਪਿਆਰ ਹੈ ਪਾਣੀ ਨਾਲ। ਲੇਕਿਨ ਮੈਨੂੰ ਪਾਣੀ ਦਾ ਨਹੀਂ ਪਤਾ ਲਗਦਾ ਕਿ ਕੀ ਹੈ। ਕਿਸੇ ਸਮਝਦਾਰ ਨੂੰ ਕਿਹਾ। ਉਹਨੇ ਕਿਹਾ ਕਿ ਇਹ ਤਾਂ ਮੈਂ ਦੱਸ ਦੇਵਾਂਗਾ ਤੈਨੂੰ ਇਹ ਤਾਂ ਮਾਮੂਲੀ ਗੱਲ ਹੈ। ਕੰਢੇ ਜਾਣਾ ਪਵੇਗਾ। ਕੰਢੇ ਚਲੀ ਗਈ, ਉਨ੍ਹਾਂ ਨੇ ਚੁੱਕੀ ਤੇ ਚੁੱਕ ਕੇ ਬਾਹਰ ਰੱਖ ਦਿਤੀ, ਮੱਛੀ ਕਹਿਣ ਲੱਗੀ ਕਿ ਹੁਣ ਨਹੀਂ ਮੈਂ ਬਚ ਸਕਦੀ, ਮੈਂ ਮਰ ਜਾਵਾਂਗੀ, ਛੇਤੀ ਕਰ। ਜਦੋਂ ਚੁੱਕ ਕੇ ਸੁੱਟਣ ਲੱਗੇ ਤਾਂ ਕਿਹਾ ਕਿ ਆਹੀ ਪਾਣੀ ਹੈ, ਜਿਹੜਾ ਤੇਰਾ ਜੀਵਨ ਹੈ, ਜ਼ਿੰਦਗੀ ਹੈ। ਇਸੇ ਤਰ੍ਹਾਂ ਸਾਡਾ ਜੋ ਜੀਵਨ ਹੈ। ਇਸੇ ਤਰ੍ਹਾਂ ਸਾਡਾ ਜੋ ਜੀਵਨ ਹੈ ਇਹ ਵਾਹਿਗੁਰੂ ਹੈ। ਜਿਵੇਂ ਆਕਸੀਜਨ ਤੋਂ ਬਗੈਰ ਅਸੀਂ ਮਰ ਜਾਂਦੇ ਹਾਂ, ਸਾਹ ਨਹੀਂ ਆਉਂਦਾ ਏਵੇਂ ਜਿਵੇਂ ਵਾਹਿਗੁਰੂ ਤੋਂ ਬਗੈਰ ਇਹ ਜਿੰਨਾਂ ਵੀ ਜੀਵਨ ਹੈ ਸੰਸਾਰ ਦਾ, ਉਸੇ ਵੇਲੇ ਖਤਮ ਹੋ ਜਾਇਆ ਕਰਦਾ ਹੈ। ਉਹਦੇ ਨਾਮ ਨੇ ਇਹ ਧਾਰਨ ਕਰਿਆ ਹੋਇਆ

ਹੈ, ਓਸ ਸੁਪਰ ਐਨਰਜੀ ਨੇ ਇਸਨੂੰ ਕਾਇਮ ਰੱਖਿਆ ਹੋਇਆ ਹੈ –

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪***

ਓਸ ਨਾਮ ਧੁਨ ਦੇ ਆਸਰੇ ਹੈ। ਮਹਾਰਾਜ ਕਹਿੰਦੇ ਨੇ–

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਵਾਹਿਗੁਰੂ ਦੇ ਵਿਚ ਅਸੀਂ ਰਹਿੰਦੇ ਹਾਂ, ਲੇਕਿਨ ਰਹਿੰਦੇ ਹੋਏ ਸਾਨੂੰ ਪਤਾ ਨਹੀਂ ਲਗਦਾ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਪਿਆਰਿਓ! –

***ਜਿਮੀ ਜਮਾਨ ਕੇ ਬਿਥੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਸਾਰਾ ਸੰਸਾਰ ਜਿੰਨੀ ਰਚਨਾ ਹੈ ਸਾਰੀ ਪ੍ਰਮੇਸ਼ਰ ਦੇ ਵਿਚ ਹੈ, ਉਹ ਨਾਲ ਰਹਿੰਦਾ ਹੈ ਪਰ ਸਾਡੀ ਮੂਰਖਤਾ ਹੱਦ ਤੱਕ ਵਧੀ ਹੋਈ ਹੈ –

***ਧਾਰਨਾ – ਪੇਖਤ ਸੁਨਤ ਸਦਾ ਹੈ ਸੰਗੇ,***
***ਮੈ ਮੂਰਖ ਜਾਨਿਆ ਦੂਰੀ ਰੇ।***

ਕਿੰਨਾ ਨੇੜੇ ਹੈ ਵਾਹਿਗੁਰੂ, ਨਾਲੇ ਤਾਂ ਸਾਨੂੰ ਦੇਖ ਰਿਹਾ ਹੈ, ਨਾਲੇ ਸਾਡੇ ਗੱਲਾਂ ਸੁਣ ਰਿਹਾ ਹੈ, ਜੇ ਕਿਤੇ ਇਹ ਵਿਸ਼ਵਾਸ਼ ਮਨ ਵਿਚ ਆ ਜਾਵੇ ਨਾ ਕਿਸੇ ਦੇ ਵੀ, ਫੇਰ ਇਹਦਾ ਅਸਰ ਕੀ ਹੋਏਗਾ, ਨਾਮ ਵਿਚ ਸਮਾਧੀ ਲੱਗ ਜਾਏਗੀ, ਨਿਰਵਿਕਲਪ ਸਮਾਧੀ, ਕੇਵਲ ਵਿਸ਼ਵਾਸ਼ ਦੇ ਨਾਲ। ਵਿਸ਼ਵਾਸ਼ ਨਾ ਹੋਣ ਨਾਲ ਹੈਰਾਨ ਹੋਈ ਜਾਂਦੇ ਕਿ ਰੱਬ ਕਿੱਥੇ ਕੁ ਹੈ, ਕਿੱਡਾ ਕੁ ਹੈ, ਪ੍ਰਮਾਣੂ ਵਰਗਾ, ਕਿਹਦੇ ਵਰਗਾ ਹੈ ਆਹ ਸਵਾਲ ਸਾਡਾ ਪਿੱਛਾ ਨਹੀਂ ਛੱਡਦੇ। ਏਸ ਕਰਕੇ ਸਾਡੀ ਤਰੱਕੀ ਨਹੀਂ ਹੁੰਦੀ ਰੂਹਾਨੀ ਤੌਰ ਤੇ। ਭਜਨ ਦੇ ਵਿਚ ਅਸੀਂ ਕਿਸੇ ਕਿਨਾਰੇ ਨਹੀਂ ਪਹੁੰਚਦੇ। ਸੋ ਇਹ ਚੀਜ਼ਾਂ ਜ਼ਰੂਰੀ ਹੁੰਦੀਆਂ ਨੇ, ਜਦੋਂ ਤੱਕ ਵਿਸ਼ਵਾਸ਼ ਨਹੀਂ ਆਉਂਦਾ, ਗੱਲ ਨਹੀਂ ਬਣਿਆ ਕਰਦੀ। ਜਿਸ ਨੇ ਵੀ ਭਰੋਸਾ ਕਰਿਆ ਹੈ, ਵਾਹਿਗੁਰੂ ਤਾਂ ਦੂਰ ਹੈ ਹੀ ਨਹੀਂ, ਉਹਨੂੰ ਬੁਲਾਓ। ਮਹਾਰਾਜ ਕਹਿੰਦੇ ਉਹ ਤਾਂ ਐਨੀ ਛੇਤੀ ਆਉਂਦਾ ਹੈ, ਤੁਹਾਨੂੰ ਉਚੀ ਬੋਲਣ ਦੀ ਲੋੜ ਨਹੀਂ ਹੈ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ। ਜਿਹੜੀ ਤੁਹਾਡੀ ਮੱਧਮ ਤੋਂ ਮੱਧਮ, ਧੀਮੀ ਤੋਂ ਧੀਮੀ ਆਵਾਜ਼ ਹੈ ਉਹ ਰੱਬ ਸੁਣ ਲੈਂਦਾ ਹੈ। ਅਜੇ ਅਵਾਜ਼ ਬਣਦੀ ਨਹੀਂ ਹੈ, ਆਵਾਜ਼ ਤਾਂ ਅੱਗੇ ਆ ਕੇ ਚੌਥੇ ਦਰਜੇ ਤੇ ਬਣਦੀ ਹੈ, ਪਹਿਲਾਂ ਪਰਾ ਬਾਣੀ ਹੁੰਦੀ ਹੈ, ਫੇਰ ਭਾਵਾਂ ਦੀ ਬਾਣੀ ਹੁੰਦੀ ਹੈ, ਭਾਵਾਂ ਦੀ ਬਾਣੀ ਜਿਹੜੀ ਹੈ ਉਹਨੂੰ ਪਸੰਤੀ ਬਾਣੀ ਕਹਿੰਦੇ ਨੇ, ਇਹ ਰੱਬ ਨਾਲ ਗੱਲ ਕਰਨ ਵਾਲੀ ਬਾਣੀ ਹੈ। ਜਿਹੜੀਆਂ ਦੋ ਬਾਣੀਆਂ ਉਪਰਲੀਆਂ ਨੇ ਇਹ ਹੋਰ ਨੇ ਇਹ ਨਹੀਂ ਰੱਬ ਨਾਲ ਗੱਲ ਕਰਨ ਵਾਲੀਆਂ ਹੁੰਦੀਆਂ। ਦੂਸਰੇ ਨੰਬਰ ਦੇ ਉਤੇ ਗੱਲ ਹੁੰਦੀ ਹੈ ਰੱਬ ਦੇ ਨਾਲ। ਅੰਤਰ ਆਤਮੇ ਅਰਦਾਸ ਹੁੰਦੀ ਹੈ, ਥੋੜ੍ਹਾ ਜਿਹਾ ਕਿਹਾ ਹੋਇਆ ਨਾ, ਮਾੜਾ ਜਿਹਾ ਕਿਹਾ ਹੋਇਆ ਵੀ ਰੱਬ ਉਸੇ ਵੇਲੇ ਸੁਣ ਲੈਂਦਾ ਹੈ।

***ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ॥***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ॥***

ਕੀੜੀ ਦੀ ਪੁਕਾਰ ਪਹਿਲਾਂ ਸੁਣ ਲੈਂਦਾ ਹੈ, ਹਾਥੀ ਦੀ ਚਿੰਘਾਰ ਤੋਂ। ਜਿਹੜਾ ਐਨਾ ਨੇੜੇ ਹੈ ਉਹਦੇ ਉਤੇ ਸਾਡਾ ਵਿਸ਼ਵਾਸ਼ ਨਹੀਂ ਬੱਝਦਾ। ਗੈਰ ਹਾਜ਼ਰ ਰਹਿੰਦੇ ਹਾਂ, ਟੁੱਟੇ ਰਹਿੰਦੇ ਹਾਂ, ਸਤਿਸੰਗ ਅਸੀਂ ਕਰਦੇ ਹਾਂ ਇਸੇ ਕਰਕੇ ਕਰਦੇ ਹਾਂ ਕਿ ਸਾਨੂੰ ਜੁੜਨ ਦਾ ਪਤਾ ਲੱਗ ਜਾਵੇ। ਉਹ ਮਾਲਕ–ਏ–ਕੁੱਲ ਜੋ ਹੈ ਉਹ ਹੈ ਕੀ, ਸਾਡਾ ਉਹਦੇ ਨਾਲ ਸਬੰਧ ਕੀ ਹੈ? ਉਹ ਸਾਡੇ ਅੰਦਰ ਰਹਿੰਦਾ ਹੈ, ਘਟ–ਘਟ ਵਿਚ ਵਿਆਪਕ ਰਹਿੰਦਾ ਕਿਵੇਂ ਹੈ? ਭੂਤਾਂ ਵਾਂਗੂੰ ਰਹਿੰਦਾ ਹੈ? ਭੂਤ ਦਾ ਤਾਂ ਪਤਾ ਲਗ ਜਾਂਦਾ ਹੈ। ਸਾਧਸੰਗਤ ਜੀ! ਉਹ ਰਹਿੰਦਾ ਹੈ ਪਿਆਰ ਦਾ ਰੂਪ ਹੋ ਕੇ –

***ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਮਹਾਰਾਜ ਕਹਿੰਦੇ ਗੁਰੂ ਦਸਵੇਂ ਪਾਤਸ਼ਾਹ ਕਿ ਪਿਆਰਿਓ! ਜਿਹੜੀ ਵਾਹਿਗੁਰੂ ਦੀ ਜੋਤ ਹੈ ਫੈਲੀ ਹੋਈ ਉਹ ਨਿਰਾ ਹੀ ਪਿਆਰ ਹੈ ਇਸੇ ਕਰਕੇ ਬਹੁਤ ਸਾਰੇ ਕਹਿੰਦੇ ਨੇ Love is God. ਪਿਆਰ ਉਹਦਾ ਇਕ ਸਰੂਪ ਹੈ, ਸਤਿ, ਚਿੱਤ, ਤੇ ਅਨੰਦ, ਪ੍ਰਿਅ। ਉਹ ਸਤਿ ਹੈ ਉਹ ਕਦੇ ਜਾਂਦਾ ਨਹੀਂ ਹੈ, ਚਿੱਤ ਉਹ ਚੇਤਨ ਹੈ ਸਭ ਕੁਛ ਜਾਣਦਾ ਹੈ, ਪੂਰਨ ਅਨੰਦ ਹੈ ਉਹ। ਜਿਵੇਂ ਰੱਬ ਦਾ ਪਾਰਾਵਾਰ ਨਹੀਂ ਇਵੇਂ ਅਨੰਦ ਦਾ ਪਾਰਾਵਾਰ ਨਹੀਂ। ਚੌਥਾ ਉਹਦਾ ਹੈ ਪ੍ਰਿਅ, ਪਿਆਰ ਕਰਦਾ ਹੈ ਉਹ ਹਰੇਕ ਨੂੰ। ਉਹਦੇ ਵਲ ਨੂੰ ਜੇ ਥੋੜ੍ਹਾ ਜਿਹਾ ਵੀ ਵਧੇ ਨਾ ਉਹ ਹਜ਼ਾਰਾਂ ਕਦਮ ਵਧਦਾ ਹੈ।

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ***
***ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ॥***
***ਕਬਿੱਤ ਭਾਈ ਗੁਰਦਾਸ ਜੀ***

ਅਸੀਂ ਤਾਂ ਇਕ ਵਾਰੀ ਯਾਦ ਕਰਿਆ, ਉਹ ਹਜ਼ਾਰਾਂ ਵਾਰੀ ਸਾਨੂੰ ਬਾਰ–ਬਾਰ ਚੇਤੇ ਕਰੀ ਜਾਂਦਾ ਹੈ।

***ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,***
***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥***
***ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ,***
***ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥***
***ਕਬਿੱਤ ਭਾਈ ਗੁਰਦਾਸ ਜੀ***

**« « « « « « «** ***'ਚਲਦਾ'***

# ਵਿਸਾਖੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥੨॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥੩॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - ੮੯੪*

ਅੱਜ ਦਾ ਜੋ ਦਿਹਾੜਾ ਹੈ, ਗੁਰੂ ਦਸ਼ਮੇਸ਼ ਪਿਤਾ ਗੁਰੂ ਨਾਨਕ ਇਕੋ ਹੀ ਹੁੰਦਾ ਹੈ, ਚਾਹੇ ਗੁਰੂ ਦਸਵੇਂ ਪਾਤਸ਼ਾਹ ਨੂੰ ਕਹੋ, ਚਾਹੇ ਗੁਰੂ ਨਾਨਕ ਸਾਹਿਬ ਨੂੰ ਕਹੋ। ਗੱਲ ਇਕੋ ਹੀ ਹੁੰਦੀ ਹੈ, ਅੱਜ ਉਨ੍ਹਾਂ ਦੇ ਮਨ ਵਿਚ ਬੜਾ ਉਤਸ਼ਾਹ ਹੈ ਭਾਵੇਂ ਜਾਣਦੇ ਨੇ ਭਾਵੇਂ ਨਹੀਂ ਜਾਣਦੇ, ਪਰ ਵਿਸਾਖੀ ਦਾ ਦਿਹਾੜਾ ਵੈਸੇ ਹੀ ਜਦੋਂ ਤੋਂ ਸੰਸਾਰ ਬਣਿਆ ਹੈ, ਓਸ ਵੇਲੇ ਤੋਂ ਹੀ ਉਤਸ਼ਾਹ ਦੇਣ ਵਾਲਾ ਦਿਹਾੜਾ ਹੈ। ਵੱਡੀਆਂ-ਵੱਡੀਆਂ ਦੁਨੀਆਂ ਦੀਆਂ ਘਟਨਾਵਾਂ ਨੂੰ ਜੇ ਛਾਂਟਿਆਂ ਜਾਵੇ ਤਾਂ ਏਸ ਦਿਹਾੜੇ ਦੇ ਉਤੇ ਹੀ ਬਹੁਤ ਵੱਡੀਆਂ ਗੱਲਾਂ ਹੋਈਆਂ ਨੇ। ਇਹ ਦਿਨ ਗੁਰਸਿੱਖੀ ਦੇ ਨਾਲ ਬੜਾ ਸਬੰਧ ਰਖਦਾ ਹੈ, ਜ਼ਿਆਦਾ ਸਿੱਖੀ ਪਿੰਡਾਂ ਵਿਚ ਹੋਣ ਕਰਕੇ ਕੀਰਤੀਆਂ ਦੇ ਨਾਲ ਜ਼ਿਆਦਾ ਸਬੰਧ ਰੱਖਦੀ ਹੈ, ਸੋ ਕਿਰਤੀਆਂ ਦਾ ਕੰਮ ਜੋ ਜ਼ਿਆਦਾ ਰੁਝੇਵੇਂ ਵਾਲਾ ਕੰਮ ਹੈ, ਉਹ ਕਿਸਾਨ ਦਾ ਹੈ, ਕਿਉਂਕਿ ਉਹਨੇ ਅੰਨ ਪੈਦਾ ਕਰਨਾ ਹੈ, ਸਾਰੇ ਸੰਸਾਰ ਦੀ, ਜੀਵ ਜੰਤੂਆਂ ਦੀ, ਪਸ਼ੂ ਪੰਖੀਆਂ, ਪੇਟ ਭਾਰ ਤੁਰਨ ਵਾਲੇ ਜੀਵਾਂ ਦੀ, ਕੀੜਿਆਂ ਮਕੌੜਿਆਂ ਦੀ ਪਾਲਨਾ ਕਰਨ ਦੀ ਜੋ ਡਿਊਟੀ ਦਿਤੀ ਹੈ ਪ੍ਰਮੇਸ਼ਰ ਨੇ ਇਹ ਕਿਸਾਨ ਨੂੰ ਦਿਤੀ ਹੈ। ਇਹਦੀ ਕਮਾਈ ਦੇ ਵਿਚੋਂ ਨਿਕਲਦਾ ਹੀ ਰਹਿੰਦਾ ਹੈ ਦਸਵੰਧ, ਆਪਣੇ ਆਪ ਹੀ ਨਿਕਲ ਜਾਂਦਾ ਹੈ। ਮੌਸਮ ਦਾ ਏਸ ਨੂੰ ਟਾਕਰਾ ਕਰਨਾ ਪੈਂਦਾ ਹੈ, ਕਿੰਨੇ ਗੜੇ ਪੈ ਗਏ, ਕਿੰਨੀਆਂ ਕਣਕਾਂ ਖਰਾਬ ਹੋ ਗਈਆਂ, ਪੁਛੋ ਉਨ੍ਹਾਂ ਪ੍ਰੇਮੀਆਂ ਨੂੰ। ਜਿਨ੍ਹਾਂ ਦੀਆਂ ਫਸਲਾਂ ਬਚ ਜਾਣ, ਜਿੱਥੇ ਦਾਤੀ ਪੈ ਜਾਣੀ ਹੈ, ਉਨ੍ਹਾਂ ਦੇ ਮਨਾਂ 'ਚ ਚਾਓ ਹੈ, ਖੁਸ਼ੀਆਂ ਨੇ ਕਿ ਵਾਹਿਗੁਰੂ! ਤੂੰ ਮੌਸਮ ਤੋਂ ਬਚਾ ਕੇ ਸਾਨੂੰ ਉਥੇ ਲਿਆ ਕੇ ਖੜ੍ਹਾ ਕਰ ਦਿਤਾ, ਜਿਥੇ ਹੁਣ ਅਨਾਜ ਸਾਡੇ ਘਰਾਂ ਵਿਚ ਪਹੁੰਚ ਜਾਏਗਾ। ਸੋ ਵਿਸਾਖੀ ਨੂੰ ਕਹਿੰਦੇ ਨੇ ਕਿ -

***ਆਈ ਮੇਖ ਕੱਚੀ ਪੱਕੀ ਨਾ ਦੇਖ***

ਤੇ ਹੁਣ ਤੂੰ ਵਿਸਾਖੀ ਮਨਾ ਕੇ, ਅਨਾਜ ਨੂੰ ਸੰਭਾਲਣਾ ਕਰ। 80% ਦੀ ਆਬਾਦੀ ਇਸ ਚਾਓ ਵਿਚ ਹੈ, ਕੰਬਾਈਨਾਂ ਚੱਲ ਪੈਣੀਆਂ ਨੇ, ਦਾਤੀਆਂ ਚੱਲ ਪੈਣੀਆਂ ਨੇ, ਕਿਸਾਨ ਨੇ ਉਤਸ਼ਾਹ ਲੈਣਾ ਹੈ ਵਿਸਾਖੀ ਤੋਂ, ਚੜ੍ਹਦੀ ਕਲਾ 'ਚ ਹੋ ਕੇ, ਖੁਸ਼ੀਆਂ ਮਨਾ ਕੇ ਅਨਾਜ ਸਾਂਭਣਾ ਹੈ। ਜੇ ਘਰ ਵਿਚ ਦਾਣੇ ਹਨ ਤਾਂ ਅਸੀਂ ਸਿਆਣੇ ਹਾਂ, ਜੇ ਦਾਣੇ ਮੁੱਕ ਗਏ ਸਾਡੀ ਸਿਆਣਪ ਵੀ ਨਾਲ ਹੀ ਮੁੱਕ ਜਾਂਦੀ ਹੈ। ਕਹਿੰਦੇ ਨੇ -

***ਜਿਹਦੇ ਘਰ ਦਾਣੇ ਉਹਦੇ ਕਮਲੇ ਵੀ ਸਿਆਣੇ।***

ਸੋ ਇਸ ਤਰ੍ਹਾਂ ਸਾਡੀ economy ਨਾਲ ਇਹਦਾ ਬੜਾ ਭਾਰਾ ਸਬੰਧ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸੰਸਾਰ ਦਾ ਹਾਲ ਦੇਖਿਆ ਤਾਂ ਕੀ ਦੇਖਦੇ ਨੇ ਕਿ ਸਾਰੀ ਸ੍ਰਿਸ਼ਟੀ ਜਲ ਰਹੀ ਹੈ। ਹਨ੍ਹੇਰ ਛਾ ਗਿਆ, ਕਿਸੇ ਥਾਂ ਵੀ ਸੱਚ ਦਾ ਪ੍ਰਕਾਸ਼ ਨਹੀਂ ਹੈ। ਰਾਜਾ ਜੋ ਹੈ ਉਹਦਾ ਜੀਵਨ ਭ੍ਰਿਸ਼ਟ ਹੋ ਗਿਆ, ਰਿਸ਼ਵਤ ਆ ਗਈ, ਤੇ ਰਾਜੇ ਨੇ ਰੂਪ ਧਾਰ ਲਿਆ ਬਘਿਆੜਾਂ ਦਾ, ਸ਼ੇਰਾਂ ਦਾ, ਸ਼ੇਰ ਤਾਂ ਅਜੇ ਫੇਰ ਚੰਗਾ ਹੁੰਦਾ ਹੈ, ਆਪਣੇ ਖਾਣ ਵਾਸਤੇ ਇਕੋ ਜਾਨਵਰ ਮਾਰਦਾ ਹੈ। ਬਾਕੀ ਭਾਵੇਂ ਉਹਦੇ ਕੋਲ ਦੀ ਲੰਘੀ ਜਾਣ, ਦੁਬਾਰਾ ਨਹੀਂ ਉਹ ਮਾਰਿਆ ਕਰਦਾ। ਲੇਕਿਨ ਜਿਹੜੇ ਬਘਿਆੜ ਹੁੰਦੇ ਨੇ, ਇਨ੍ਹਾਂ ਦਾ ਕੋਈ ਅਸੂਲ ਨਹੀਂ ਹੋਇਆ ਕਰਦਾ ਇਹ ਜਾਨਵਰ ਮਾਰਦੇ ਹੀ ਚਲੇ ਜਾਂਦੇ ਨੇ, ਚਾਹੇ ਇਕ ਨਾਲ ਹੀ ਰੱਜ ਜਾਣ। ਸੋ ਐਸਾ ਰਾਜੇ ਦਾ ਹਾਲ ਹੋ ਚੁੱਕਿਆ ਸੀ। ਸਾਧੂ ਜਿਹੜੇ ਸੀ ਉਹ ਕੇਵਲ ਦਿਖਾਵੇ ਦੇ ਰਹਿ ਗਏ ਸੀ, ਵੱਡੇ-ਵੱਡੇ ਮੱਠਾਂ ਦੇ ਅੰਦਰ, ਕਰਮਕਾਂਡ ਪ੍ਰਧਾਨ ਹੋ ਚੁਕਿਆ ਸੀ ਤੇ ਜਿਹੜਾ ਸਮਾਜ ਸੀ ਇਹਦੇ ਕੋਲ ਇਹੋ ਇਕ ਚੀਜ਼ ਰਹਿ ਗਈ ਸੀ, ਪਹਿਲਾਂ ਨਹੀਂ ਸੀ ਵਰਣ ਜਾਤਾਂ ਪੱਕੀਆਂ।

ਪਾਂਡਵਾਂ ਦੇ ਰਾਜ ਵੇਲੇ ਜੇ ਅਸੀਂ ਦੇਖੀਏ ਤਾਂ ਜਿਹੜੇ-ਜਿਹੜੇ ਮਹਾਂਰਿਸ਼ੀ ਸੀ ਉਨ੍ਹਾਂ ਦੀਆਂ ਜਾਤਾਂ ਕੀ ਸੀ? ਕੋਈ ਮਛੇਰਿਆਂ ਨਾਲ ਸਬੰਧ ਰੱਖਦਾ ਸੀ, ਕੋਈ ਹੋਰ ਨਿੱਕੀ ਜਾਤ ਤੋਂ ਸੀ। ਮਹਾਰਾਜ ਕਹਿੰਦੇ ਨੇ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ - ੧੧੨੪*

ਬੰਧਨ ਨਹੀਂ ਸੀ ਉਥੇ ਜਾਤ ਪਾਤ ਦੇ, ਜੇ ਬੰਧਨ ਸੀ ਤਾਂ ਇਕੋ ਸੀ ਕਿ ਆਰੀਆਂ ਹੈ ਜਾਂ ਅਨਆਰੀਆਂ ਹੈ। ਓਸ ਸਕਿਉਰਟੀ ਕਰਕੇ ਇਕ ਦੂਜੇ ਨਾਲ ਮਿਲਦੇ ਨਹੀਂ ਸੀਗੇ, ਉਹ ਰਾਜਸੀ ਕਾਰਨ ਸੀ, ਲੇਕਿਨ ਸਮਾਜ ਦਾ ਕਾਰਨ ਨਹੀਂ ਸੀਗੇ। ਲੇਕਿਨ ਗੁਰੂ ਨਾਨਕ ਪਾਤਸ਼ਾਹ ਤੱਕ ਪਹੁੰਚਦੇ-ਪਹੁੰਚਦੇ ਬਾਕੀ ਚੀਜ਼ਾਂ ਤਾਂ ਸਭ ਖਤਮ ਹੋ ਗਈਆਂ। ਨਾ ਬਹਾਦਰੀ ਰਹੀ, ਨਾ ਸੁੱਚ ਰਹੀ, ਨਾ ਪਵਿੱਤਰਤਾ ਰਹੀ, ਨਾ ਪ੍ਰਮੇਸ਼ਰ ਦੀ ਭਗਤੀ ਰਹੀ, ਕੇਵਲ ਭੇਖ ਦੇ ਵਿਚ ਆ ਗਿਆ ਭਾਰਤ ਵਰਸ਼। ਜਦੋਂ ਕੋਈ ਕੌਮ ਭੇਖ ਦੇ ਅੰਦਰ ਆਉਂਦੀ ਹੈ ਤਾਂ ਪਤਾ ਲਗ ਜਾਂਦਾ ਹੈ ਕਿ ਇਹਦੇ ਕੋਲ ਹੁਣ ਕੋਈ ਚੀਜ਼ ਨਹੀਂ ਰਹੀ ਜਿਹੜੀ ਇਹ ਸੰਸਾਰ ਨੂੰ ਦੇ ਸਕੇ। ਓਸ ਵੇਲੇ ਓਸ ਕੌਮ ਦਾ ਪਤਨ ਹੋਇਆ ਕਰਦਾ ਹੈ ਜਦੋਂ ਇਹ ਭੇਖ ਵਿਚ ਆ ਜਾਵੇ, ਰਹੁ ਰੀਤਾਂ ਦੇ ਵਿਚ ਆ ਜਾਵੇ, ਓਸ ਵੇਲੇ ਕੌਮ ਦੇ ਵਿਚੋਂ ਜਾਨ ਨਿਕਲ ਜਾਂਦੀ ਹੈ, ਫੇਰ ਉਹ ਭੇਖ ਦੇ ਜ਼ੋਰ ਤੇ ਬਚਣਾ ਚਾਹੁੰਦੀ ਹੈ। ਸਾਰਾ ਪ੍ਰਚਾਰ ਉਹਦਾ ਭੇਖ ਦਾ ਹੋਏਗਾ, ਲੋਕਾਂ ਨੂੰ ਭੇਖ ਦੇ ਵਿਚ ਪ੍ਰਵਿਰਤ ਕਰ ਦੇਣਗੇ। ਲੋਕ ਵੀ ਐਨੇ ਅੰਨੇ ਹੋ ਜਾਣਗੇ ਕਿ ਉਨ੍ਹਾਂ ਪਤਾ ਹੀ ਨਹੀਂ ਕਿ ਅੰਮ੍ਰਿਤ ਕਿਉਂ ਛਕਦੇ ਹਾਂ ਅਸੀਂ। ਅੰਮ੍ਰਿਤ ਛਕਣਾ ਹੈ ਸੁਚੇਤ ਹੋ ਕੇ ਛਕੋ ਕਿ ਕਿਉਂ ਛਕਦੇ ਹਾਂ। ਮੈਂ ਨਹੀਂ ਕਦੇ ਕਹਿੰਦਾ ਕਿ ਐਵੇਂ ਅੰਮ੍ਰਿਤ ਛਕ ਲਓ, ਜੇ ਬੰਦਾ ਬਦਲਦਾ ਹੀ ਨਹੀਂ ਹੈ, ਉਹਦਾ ਐਡੀ ਉਚੀ ਚੀਜ਼ ਹਾਸਲ ਕਰਨ ਦਾ ਹੱਕ ਹੀ ਨਹੀਂ ਹੈ, ਜਿਹਨੂੰ ਸੁਰ ਨਰ ਮੁਨ ਜਨ ਦੇਵਤੇ ਖੋਜਦੇ ਫਿਰਦੇ ਨੇ, ਓਸ ਅੰਮ੍ਰਿਤ ਦੀ ਪ੍ਰਾਪਤੀ ਐਉਂ ਥੋੜ੍ਹਾ ਕਿ ਜ਼ੋਰ ਲਾ ਲਾ ਕੇ ਕਹੋ ਕਿ ਤੂੰ ਵੀ ਛਕ ਲੈ, ਤੂੰ ਵੀ ਛਕ ਲੈ। ਬੰਦੇ ਦੀ ਬੁਰਿਆਈ ਪਹਿਲਾਂ ਕੱਢੋ, ਉਹਦੇ ਵਿਚ ਲੋਚਾ ਪੈਦਾ ਕਰੋ, ਉਹ ਫੇਰ ਤੜਫੇ ਅੰਮ੍ਰਿਤ ਵਾਸਤੇ। ਉਹਨੂੰ ਦੱਸੋ ਕਿ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ।

ਸੋ ਇਹ ਜਦੋਂ ਗੱਲਾਂ ਆ ਜਾਂਦੀਆਂ ਨੇ ਤਾਂ ਸਮਝੋ ਕੌਮ ਦਾ ਪਤਨ ਆ ਗਿਆ, ਹੁਣ ਇਹਦੇ ਕੋਲ ਅੰਦਰਲੀ ਤਰੱਕੀ ਦਾ ਰਾਹ ਬੰਦ ਹੋ ਚੁਕਿਆ ਹੈ ਤੇ ਭੇਖ ਦੇ ਆਸਰੇ ਜੀਉਣਾ ਚਾਹੁੰਦਾ ਹੈ। ਸੋ ਇਹ ਹਾਲਤ ਗੁਰੂ ਪਾਤਸ਼ਾਹ ਦੇ ਵੇਲੇ ਹੋ ਚੁੱਕੀ ਸੀ। ਗੁਰੂ ਨਾਨਕ ਪਾਤਸ਼ਾਹ ਨੇ ਹੁਲਾਰਾ ਦਿਤਾ, ਨੌਂ ਸਾਲ ਦੀ ਉਮਰ ਹੈ ਭਾਈਚਾਰਾ ਸਾਰਾ ਇਕੱਠਾ ਹੋ ਗਿਆ, ਬੜਾ ਭਾਰਾ ਪ੍ਰੋਗਰਾਮ ਕੀਤਾ ਗਿਆ, ਗੁਰੂ ਨਾਨਕ ਦੇਖਦੇ ਨੇ ਕਿ ਇਹ ਰਿਸ਼ਤੇਦਾਰ ਆ ਰਹੇ ਨੇ, ਭਾਈਚਾਰੇ ਦੇ ਲੋਕ ਵਧੀਆ-ਵਧੀਆ ਕਪੜੇ ਪਾ ਕੇ ਆ ਰਹੇ ਨੇ, ਵੱਡੇ ਬ੍ਰਾਹਮਣ ਜੋ ਨੇ ਉਹ ਵੀ ਆ ਰਹੇ ਨੇ, ਖਤਰੀ ਵੀ ਆ ਰਹੇ, ਹੋਰ ਸੇਵਾ ਕਰਨ ਵਾਲੇ ਆ ਰਹੇ ਨੇ, ਭੱਠੀਆਂ ਤਪ ਗਈਆਂ, ਮਠਿਆਈਆਂ ਬਣਨੀਆਂ ਸ਼ੁਰੂ ਹੋ ਗਈਆਂ, ਮਾਸ ਬਣਨਾ ਸ਼ੁਰੂ ਹੋ ਗਿਆ। ਬੜੀ ਰੌਣਕ ਹੈ, ਪੈਰ ਨਹੀਂ ਲਗਦਾ ਕਿਸੇ ਦਾ ਵੀ, ਥੋੜ੍ਹੀ ਜਿਹੀ ਹੁਣ ਕਾਰਵਾਈ ਰਹਿੰਦੀ ਹੈ ਉਸ ਤੋਂ ਬਾਅਦ ਖਾਵਾਂਗੇ। ਪੰਡਤ ਆ ਜਾਂਦਾ ਹੈ, ਗੁਰੂ ਨਾਨਕ ਨੂੰ ਬਿਠਾ ਲਿਆ ਜਾਂਦਾ ਹੈ ਸਾਮ੍ਹਣੇ। ਧਾਗਾ ਹੱਥ ਵਿਚ ਹੈ ਪੰਡਤ ਦੇ, ਗੁਰੂ ਨਾਨਕ ਦੇ ਗਲ ਵਿਚ ਪਾਉਣ ਲੱਗਿਆ ਕਿਉਂਕਿ ਰੀਤ ਸੀ। ਜਿਵੇਂ ਅਸੀਂ ਹੁਣ ਅੰਮ੍ਰਿਤ ਦੀ ਰੀਤ ਬਣਾ ਲਈ ਨਾ, ਐਵੇਂ ਜਿਵੇਂ ਰੀਤ ਸੀ ਜ਼ਬਰਦਸਤ। ਗੁਰੂ ਨਾਨਕ ਹੱਥ ਉਚਾ ਕਰਕੇ ਧਾਗਾ ਫੜ ਲਿਆ। ਕਹਿੰਦੇ, ਪੰਡਤ ਜੀ! ਇਹ ਤੁਸੀਂ ਕੀ ਕਰਨ ਲੱਗੇ ਹੋਂ? ਕਹਿੰਦੇ, ਨਾਨਕ! ਤੂੰ ਹੁਣ ਤੱਕ ਨਿਗੁਰਾ ਸੀ ਤੇ ਮੈਂ ਤੈਨੂੰ ਮੰਤਰ ਦੇਣਾ ਹੈ ਤੇ ਦੇਣਾ ਤਾਂ ਹੈ ਜਿਸ ਵਕਤ ਤੂੰ ਜਨੇਊ ਪਾ ਲਏਂਗਾ, ਮਹਾਰਾਜ ਕਹਿੰਦੇ, ਗੁਰੂ ਦੇ ਤਾਂ ਲੱਛਣ ਬੜੇ ਉਚੇ ਹੁੰਦੇ ਨੇ। ਤੂੰ ਮੇਰਾ ਗੁਰੂ ਕਿਵੇਂ ਬਣ ਜਾਏਂਗਾ? ਮੇਰਾ ਹੀ ਨਹੀਂ ਜਦੋਂ ਤੇਰੇ ਤੇ ਮਨ ਮੰਨਦਾ, ਯਕੀਨ ਹੀ ਨਹੀਂ ਬੱਝਦਾ ਤੇਰੇ ਤੇ, ਤੂੰ ਧਾਗਾ ਪਾ ਕੇ ਮੇਰਾ ਗੁਰੂ ਬਣ ਜਾਏਂਗਾ ਤੇ ਮੈਨੂੰ ਮੰਤਰ ਦੇ ਦੇਵੇਂਗਾ ਤੇ ਮੈਨੂੰ ਸ਼ਾਮਲ ਕਰ ਲਏਂਗਾ ਦੂਸਰਿਆਂ ਦੇ ਅੰਦਰ। ਮੇਰੇ ਅੰਦਰ ਫਰਕ ਕੀ ਪਏਗਾ? ਤੇਰੇ ਧਾਗੇ ਦੇ ਵਿਚ ਕੋਈ ਸ਼ਕਤੀ ਹੈ ਜਿਹਦੇ ਨਾਲ ਤੂੰ ਮੈਨੂੰ ਅੰਦਰੋਂ ਬਦਲ ਦੇਵੇਂ? ਅੰਦਰੋਂ ਇਨਸਾਨ ਬੁਰਾਈਆਂ ਨਾਲ ਭਰਿਆ ਪਿਆ ਹੈ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਛਲ, ਕਪਟ ਅਨੇਕਾਂ ਕਿਸਮ ਦੀਆਂ ਬੁਰਿਆਈਆਂ ਭਰੀਆਂ ਪਈਆਂ ਨੇ, ਪੰਡਤ ਜੀ! ਇਹ ਧਾਗਾ ਮੇਰੇ ਗਲ ਵਿਚ ਪੈਂਦੇ ਸਾਰ ਉਹ ਨੱਠ ਜਾਣਗੀਆਂ ਕਿ ਅੰਦਰ ਹੀ ਰਹਿ ਜਾਣਗੀਆਂ ਤੇ ਇਹ ਧਾਗਾ ਕਿਸ ਚੀਜ਼ ਦਾ ਪ੍ਰਤੀਕ ਹੈ ਜੋ ਮੇਰੇ ਗਲ ਵਿਚ ਪਾ ਰਿਹਾ ਹੈਂ? ਇਹਦੇ ਵਿਚ ਕੋਈ ਕਰੰਟ ਹੈ? ਜੇ ਬਿਜਲੀ ਦੀ ਤਾਰ ਨੂੰ ਹੱਥ ਲਾ ਦੇਈਏ ਤਾਂ ਉਹਦੇ ਵਿਚ ਕਿੰਨੀ ਕਰੰਟ ਹੈ, ਬੰਦੇ ਨੂੰ ਮਾਰ ਦਿੰਦੀ ਹੈ, ਕੀ ਇਹਦੇ ਵਿਚ ਵੀ ਕੁਛ ਹੈ? ਆਹ ਸਵਾਲ ਅੱਜ ਤੱਕ ਨਹੀਂ ਸੀ ਸੁਣੇ, ਨਿਰੁੱਤਰ ਹੋ ਕੇ ਬੈਠਾ ਹੈ ਕਿ ਕੀ ਜਵਾਬ ਦੇਵਾਂ, ਉਸੇ ਵਕਤ ਮਹਾਰਾਜ ਨੇ ਦੂਸਰਾ ਸਵਾਲ ਕਰ ਦਿਤਾ ਕਿ ਪਾਧਾ ਜੀ! ਐਥੇ ਤਾਂ ਮੇਰੇ ਗਲ ਵਿਚ ਪਾ ਦਿਓਂਗੇ ਪਰ ਜੇ ਇਹ ਮੈਲਾ ਹੋ ਕੇ ਟੁੱਟ ਗਿਆ ਫੇਰ? ਜਦੋਂ ਆਦਮੀ ਸੰਸਾਰ ਤੋਂ ਜਾਂਦਾ ਹੈ ਫੇਰ

ਇਹ ਨਾਲ ਜਾਂਦਾ ਹੈ? ਕੋਈ ਜਵਾਬ ਨਹੀਂ ਆ ਰਿਹਾ ਪੰਡਤ ਨੂੰ। ਇਕ ਨੌਂ ਸਾਲ ਦਾ ਬੱਚਾ ਕਿੱਡਾ ਚੈਲੇਂਜ ਕਰ ਰਿਹਾ ਹੈ। ਗੁਰੂ ਨਾਨਕ ਦੇ ਮੂੰਹ ਵਲ ਦੇਖਦਾ ਹੈ, ਧਾਗਾ ਪਾਉਣ ਤੋਂ ਰੁਕ ਗਿਆ, ਅੰਦਰੋਂ ਜਾਗ ਆ ਗਈ ਪਾਧੇ ਨੂੰ। ਗੁਰੂ ਨਾਨਕ ਪਾਤਸ਼ਾਹ ਦੇ ਸਰੀਰ ਦੇ ਅੰਦਰ ਐਨੀ vibration ਸੀ, ਐਨੀ ਜ਼ਬਰਦਸਤ ਕਰੰਟ ਸੀ ਕਿ ਜੇ ਕੋਈ ਉਨ੍ਹਾਂ ਦੇ ਚਰਨਾਂ ਨਾਲ ਛੋਹ ਗਿਆ ਕਿਸੇ ਦਾ ਮਸਤਕ ਤਾਂ ਵੀ ਉਹਦੇ ਬਜਰ ਕਪਾਟ ਖੁਲ੍ਹ ਗਏ। ਜੇ ਕਿਸੇ ਦੇ ਸੀਸ ਦੇ ਉਤੇ ਹੱਥ ਰੱਖ ਦਿਤਾ, ਤਾਂ ਵੀ ਉਹਦੇ ਕਪਾਟ ਖੁਲ੍ਹ ਗਏ, ਜੇ ਕੋਈ ਉਨ੍ਹਾਂ ਦੇ ਸਰੀਰ ਨਾਲ ਵੈਸੇ ਹੀ ਛੋਹ ਹੋ ਗਿਆ ਤਾਂ ਵੀ ਖੁਲ੍ਹ ਗਏ।

ਕਈ ਪ੍ਰੇਮੀਆਂ ਦੇ ਮਨ ਵਿਚ ਇਹ ਖਿਆਲ ਆ ਜਾਂਦਾ ਹੈ ਕਿ ਬਾਬਾ ਜੀ! ਜਿਹੜੀਆਂ ਤੁਸੀਂ ਗੱਲਾਂ ਕਰਦੇ ਹੋ ਇਹ ਹੋ ਵੀ ਸਕਦੀਆਂ ਨੇ? ਆਦਮੀ ਦੇ ਅੰਦਰ ਕਰੰਟ ਕਿੱਥੇ ਹੈ? ਆਦਮੀ ਦੇ ਨੇਤਰਾਂ ਦੇ ਅੰਦਰ ਕੀ ਕਰੰਟ ਹੈ, ਕੀ ਸ਼ਕਤੀ ਹੈ? ਮਹਾਰਾਜ ਕਹਿੰਦੇ ਤੁਹਾਨੂੰ ਪਤਾ ਹੀ ਨਹੀਂ-

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ - ੨੭੩*

ਗੁਰੂ ਅੰਗਦ ਸਾਹਿਬ ਮਹਾਰਾਜ ਸੰਗਤ ਨੂੰ ਕਹਿੰਦੇ ਸੀ ਕਿ ਪਿਆਰਿਓ! ਹੁਣ ਤੁਸੀਂ ਆਸਾ ਦੀ ਵਾਰ ਸੁਣ ਲਈ, ਹੁਣ ਇਕ ਕੰਮ ਕਰਿਓ, ਤੁਹਾਡੇ ਰਸਤੇ ਦੇ ਦੋਵੇਂ ਪਾਸੇ, ਮੁਰੀਦ ਬੈਠੇ ਨੇ, ਕੋਹੜ ਦੇ, ਇਕ ਇਕ ਵਾਰੀ, ਇਕ-ਇਕ ਬੰਦੇ ਨੂੰ ਦੇਖ ਲੈਣਾ ਨਿਗ੍ਹਾ ਭਰ ਕੇ। ਤੁਹਾਡਾ ਨਿਗ੍ਹਾ ਭਰ ਕੇ ਦੇਖਣਾ ਹੀ ਅਕਸੀਰ, ਉਨ੍ਹਾਂ ਦਾ ਕੋਹੜ ਦੂਰ ਹੋ ਜਾਣਾ ਹੈ। ਗੁਰੂ ਅੰਗਦ ਪਾਤਸ਼ਾਹ ਦੇ ਦਰ ਤੇ ਲਾਈਨਾਂ ਲਾ ਕੇ ਬਹਿ ਜਾਂਦੇ ਸੀ, ਜਦੋਂ ਕੀਰਤਨ ਦੀ ਸਮਾਪਤੀ ਤੋਂ ਬਾਅਦ ਸੰਗਤ ਜਾਂਦੀ, ਦਇਆ ਦ੍ਰਿਸ਼ਟੀ ਦੇ ਨਾਲ ਦੇਖ ਲੈਂਦੀ ਤੇ ਉਹ ਕੋਹੜੀ ਰਾਜ਼ੀ ਹੋ ਕੇ ਤੁਰ ਪੈਂਦੇ ਸੀ। ਅੱਖਾਂ ਦੇ ਵਿਚ ਕੀ ਚੀਜ਼ ਸੀ, ਜਿਹੜੀ ਉਨ੍ਹਾਂ ਤੇ ਅਸਰ ਕਰਦੀ ਸੀ? ਭਾਈ ਘਨਈਆਂ ਦੇ ਹੱਥਾਂ ਵਿਚ ਕਿਹੜੀ ਸ਼ਕਤੀ ਕਿ ਜਿਹਨੂੰ ਉਹ ਪਾਣੀ ਪਿਲਾ ਦਿੰਦਾ ਸੀ, ਉਹ ਬੁਰਿਆਈ ਛੱਡ ਕੇ ਨੇਕੀ ਵਲ ਚਲ ਪੈਂਦਾ ਸੀ। ਆਦਮੀ ਦੇ ਅੰਦਰ ਕੋਈ ਸ਼ਕਤੀ ਹੁੰਦੀ ਹੈ, ਤਿੰਨ ਚੀਜ਼ਾਂ ਦੇ ਰਾਹੀਂ ਨਿਕਲਦੀ ਹੈ ਬਹੁਤੀ। ਇਕ ਤਾਂ ਨਿਕਲਦੀ ਹੈ ਨੇਤਰਾਂ ਦੇ ਰਾਹੀਂ, ਦ੍ਰਿਸ਼ਟੀ ਭਰ ਕੇ ਝਾਕ ਲਓ। ਮਾੜੀ ਦ੍ਰਿਸ਼ਟੀ ਵੀ ਹੈ ਆਦਮੀ ਕੰਬ ਵੀ ਜਾਂਦਾ ਹੈ, ਜਿਹੜੀ ਪਿਆਰ ਵਾਲੀ ਦ੍ਰਿਸ਼ਟੀ ਹੈ ਉਹਦੇ ਨਾਲ ਖਿੜ ਜਾਂਦਾ ਹੈ। ਬੱਚਿਆਂ ਵਲ ਦੇਖ ਲਓ, ਬੱਚਾ ਖਿੜ ਜਾਂਦੇ ਨੇ, ਕਰੂਰ ਦ੍ਰਿਸ਼ਟੀ ਨਾਲ ਦੇਖ ਲਓ, ਚੀਕ ਮਾਰਦੇ ਨੇ। ਸੀਸ ਤੇ ਹੱਥ ਰੱਖਿਆ ਜਾਵੇ, ਉਹਦੇ ਨਾਲ ਫਰਕ ਪੈ ਜਾਂਦਾ ਹੈ, ਬੇਅੰਤ ਮੈਲ ਹੋਵੇ ਅੰਦਰ ਹਿਲਜੁਲ ਪੈਦਾ ਹੋ ਜਾਂਦੀ ਹੈ ਅੰਦਰ। ਤੁਰਿਆ ਜਾ ਰਿਹਾ ਹੈ ਤੇ ਚਰਨ ਧਰਤੀ ਨਾਲ ਛੋਹ ਗਿਆ, ਧੂੜ ਨਾਲ ਛੋਹ ਗਿਆ, ਧੂੜ ਦੇ ਨਾਲ ਪਵਿਤਰਤਾ ਹੋ ਜਾਂਦੀ ਹੈ।

ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਦੇ ਬਾਰੇ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਉਨ੍ਹਾਂ ਨੇ ਦੇਖਿਆ ਕਿ ਅੰਮ੍ਰਿਤ ਛਕਾਉਣ ਵੇਲੇ ਬੱਚੇ ਵਲ ਨਿਗ੍ਹਾ ਭਰ ਕੇ ਦੇਖ ਲਿਆ, ਓਸ ਬੱਚੇ ਦੀ ਸਮਾਧੀ ਲਗ ਗਈ। 56 ਘੰਟੇ ਉਸਦੀ ਸਮਾਧੀ ਨਾ ਟੁੱਟੀ। ਚਾਚੀ ਆਈ ਬਾਪੂ ਜੀ ਦੀ, ਕਹਿਣ ਲੱਗੀ, ਹੀਰਾ ਸਿੰਘਾ! ਤੂੰ ਸਭ ਦਾ ਨਾਮ ਤੌਰ ਦਿੰਦਾ ਹੈਂ, ਮੇਰਾ ਵੀ ਤੌਰ ਦੇ। ਪਿੱਠ ਤੇ ਹੱਥ ਲਾ ਕੇ ਕਹਿੰਦੇ ਕਿ ਚਾਚੀ! ਤੇਰੇ ਅੰਦਰ ਦਾ ਨਾਮ ਦੀ ਧੁਨ ਚਲ ਰਹੀ ਹੈ, ਸੁਣ! ਬਹਿ ਗਈ, ਨਾ ਕੋਈ ਪਤਾ ਸਮਾਧੀ ਲਾਉਣ ਦਾ, ਨਾ ਆਸਣ ਦਾ ਪਤਾ। ਬਾਪੂ ਜੀ ਉਠ ਕੇ ਤੁਰ ਪੈਂਦੇ ਨੇ ਥੋੜ੍ਹੀ ਦੇਰ ਬਾਅਦ, ਭਰਾ ਮਿਲੇ ਉਨ੍ਹਾਂ ਦੇ ਕਹਿੰਦੇ ਬਾਈ, ਬੇਬੇ ਆਈ ਸੀ ਚੁਬਾਰੇ 'ਚ? ਕਹਿੰਦੇ, ਭਾਈ! ਉਤੇ ਬੈਠੀ ਹੈ, ਹੁਣ ਤਾਂ 24 ਘੰਟੇ ਤੋਂ ਬਾਅਦ ਇਹਨੂੰ ਸੁਰਤ ਆਉਣੀ ਹੈ। ਕਲ੍ਹ ਨੂੰ ਐਸ ਵੇਲੇ ਆਪੇ ਹੀ ਆ ਜਾਏਗੀ, ਹੁਣ ਨਾ ਜਾਇਓ ਹੁਣ ਮੜੌਲੀ ਚੁੱਕ ਕੇ ਲਿਆਉਣੀ ਹੈ, ਕੋਈ ਵਿਗਾੜ ਹੋ ਗਿਆ, ਸੁਰਤ ਦੀ ਤਾਰ ਟੁੱਟ ਗਈ, ਅਸੀਂ ਜ਼ਿੰਮੇਵਾਰ ਨਹੀਂ। ਪੂਰੇ 24 ਘੰਟੇ ਤੋਂ ਬਾਅਦ ਉਹ ਉਤਰ ਆਈ। ਉਸੇ ਪਿੰਡ ਦਾ ਗੰਗਾ ਸਿੰਘ ਨਾਮ ਦਾ ਇਕ ਮਸਕਰਾ ਸੀ, ਹਰੇਕ ਦੀ ਨਕਲ ਉਤਾਰਦਾ ਸੀ। ਬਾਪੂ ਜੀ ਦੇ ਆਲੇ-ਦੁਆਲੇ ਬੈਠੀ ਸੀ ਸੰਗਤ, ਅੰਮ੍ਰਿਤ ਵੇਲਾ ਸੀ ਕਈ ਪ੍ਰੇਮੀ ਮਾਲਾ ਨਾਲ ਨਾਮ ਜਪਦੇ ਸੀ, ਲੋਹੇ ਦੀਆਂ ਮਾਲਾ ਹੁੰਦੀਆਂ ਸੀ, ਉੱਨ ਦੀਆਂ ਹੁੰਦੀਆਂ ਸੀ, ਮਾਲਾ ਦੇ ਨਾਲ ਨਾਮ ਜਪ ਰਹੇ ਨੇ ਤੇ ਗੰਗਾ ਸਿੰਘ ਨੂੰ ਕੀ ਸੁੱਝੀ, ਗੱਡੇ ਦੀ ਲੱਜ ਲੈ ਆਇਆ, ਉਹਨੂੰ ਪੰਜ ਸੱਤ ਗੱਠਾਂ ਦੇ ਲਈਆਂ, ਚਾਰ-ਚਾਰ ਫੁੱਟ ਤੇ, ਉਹ ਇਕ ਗੱਠ ਨੂੰ ਖਿੱਚ ਲੈਂਦਾ ਹੈ, ਦੂਜੀ ਨੂੰ ਫੇਰ ਖਿੱਚਦਾ ਹੈ ਤੇ ਨਾਲ ਆਵਾਜ਼ ਆਉਂਦੀ ਹੈ ਉਹਦੇ, ਆਵਾਜ਼ ਆਈ ਤਾਂ ਜਿਵੇਂ ਖੂਹ 'ਚੋਂ ਪਾਣੀ ਖਿੱਚੇ, ਆਦਮੀ ਦੇ ਮੂੰਹ 'ਚੋਂ ਆਵਾਜ਼ ਆਏ, ਐਸੀ ਆਵਾਜ਼ ਨੂੰ ਸੁਣ ਕੇ ਬਾਪੂ ਜੀ ਨੇਤਰ ਖੋਲ੍ਹ ਲਏ, ਜਦੋਂ ਨੇਤਰ ਖੋਲ੍ਹ ਕੇ ਗੰਗਾ ਸਿੰਘ ਵਲ ਦੇਖਿਆ, ਲੱਜ ਹੱਥੋਂ ਗਿਰ ਗਈ, ਦੇਹਲੀ ਦੇ ਬਾਹਰਲੇ ਪਾਸੇ ਬੈਠਾ ਸੀ, ਮੱਥਾ ਭੰਨੀ ਜਾਵੇ ਦੇਹਲੀ ਨਾਲ, ਦੂਜੀ ਵਾਰੀ ਬਾਪੂ ਜੀ ਨੇ ਦੇਖਿਆ, ਓਸ ਵੇਲੇ ਕਹਿੰਦਾ ਓ ਹੀਰਾ ਸਿੰਆਂ! ਓ ਹੀਰਾ ਸਿੰਆਂ! ਬਾਕੀ ਸਭ ਕੁਛ ਲੈ ਲੈ, ਆਹ ਮੈਨੂੰ ਜਿਹੜਾ ਸਵਾਦ ਜਿਹਾ ਆਇਆ ਹੈ ਨਾ, ਇਹ ਨਾ ਵਾਪਸ ਲੈ। ਬਾਪੂ ਜੀ ਕਹਿਣ ਲੱਗੇ ਕਿ ਕਹਿ ਵਾਹਿਗੁਰੂ। ਵਾਹਿਗੁਰੂ ਕਹਿਣ ਦੀ ਦੇਰ ਸੀ 95 ਸਾਲ ਦਾ ਸੀ, ਜਦੋਂ ਮੈਂ

ਮਿਲਿਆ ਓਸ ਨੂੰ, ਮੈਂ ਕਿਹਾ ਬਾਪੂ ਜੀ! ਮੈਨੂੰ ਦੱਸ ਸਕਦਾ ਹੈਂ ਕਿ ਤੇਰੇ ਨਾਲ ਕੀ ਬਣਿਆ ਸੀ? ਕਹਿੰਦਾ ਮੈਂ ਕੀ ਦੱਸਾਂ ਉਹਨੇ ਨਿਗ੍ਹਾ ਕੀਤੀ ਮੇਰੇ ਅੰਦਰ ਸਰਲ-ਸਰਲ ਹੋ ਕੇ ਪਤਾ ਨਹੀਂ ਕੀ ਹੋ ਗਿਆ, ਅਨੰਦ ਨਾਲ ਮੈਂ ਭਰ ਗਿਆ। ਕਹਿੰਦਾ, ਜਦੋਂ ਉਹਨੂੰ ਕਹਿ ਦਿਤਾ ਕਿ ਵਾਹਿਗੁਰੂ ਕਹਿ, ਤਾਂ ਮੇਰੇ ਅੰਦਰ ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲਗ ਗਿਆ। ਅੱਜ ਏਸ ਗੱਲ ਨੂੰ 60 ਸਾਲ ਤੋਂ ਉਤੇ ਹੋ ਚੁਕਿਆ, ਪਰ ਅੰਦਰੋਂ ਵਾਹਿਗੁਰੂ ਦੀ ਧੁਨ ਨਹੀਂ ਖਤਮ ਹੋ ਰਹੀ, ਮੈਂ ਉਹਦੇ ਆਸਰੇ ਜੀਵਨ ਕੱਟ ਰਿਹਾ ਹਾਂ। 95 ਸਾਲ ਦਾ ਹੋ ਕੇ ਮੇਰਾ ਸਰੀਰ ਤੰਦਰੁਸਤ ਹੈ, ਕਦੇ ਮੈਂ ਬੀਮਾਰ ਨਹੀਂ ਹੋਇਆ। ਉਹ ਨਿਗ੍ਹਾ ਹੀ ਕੀਤੀ ਸੀ ਨਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਦਵਾਈ ਦੇਣ ਲੱਗੇ ਡਾਕਟਰ! ਹਜ਼ਾਰੀ ਬਾਗ ਦੀ ਜੇਲ੍ਹ ਵਿਚ, ਜਦੋਂ ਜ਼ਬਰਦਸਤੀ ਦੇਣ ਲੱਗੇ ਤਾਂ ਜ਼ਹਿਰ ਪਿਲਾ ਰਹੇ ਸੀ। ਜਿਹੜੇ ਚਾਰ ਕੰਮਪਾਊਂਡਰਾਂ ਨੇ ਫੜੇ ਹੋਏ ਸੀ, ਡਾਕਟਰ ਨੇ ਜਬਰਦਸਤੀ ਮੂੰਹ ਵਿਚ ਪਾਉਣੀ ਸੀ, ਉਹ ਚਾਰੇ ਹੀ ਕੰਮਪਾਉਂਡਰ ਦੋ ਐਧਰ ਕੰਧ ਨਾਲ ਜਾ ਲੱਗੇ, ਦੋ ਓਧਰ ਜਾ ਲੱਗੇ, ਇਕ ਦਮ ਨੱਠ ਕੇ ਬਾਹਰ ਹੋ ਗਏ। ਡਾਕਟਰ ਨੇੜੇ ਨਹੀਂ ਆਇਆ, ਡਾਕਟਰ ਨੱਠ ਗਿਆ। ਕਹਿੰਦੇ, ਫੜੋ। ਕਹਿੰਦੇ, ਫੜੀਏ ਕੀ, ਉਸ ਵਿਚ ਤਾਂ ਬਿਜਲੀ ਨਾਲੋਂ ਵੀ ਜ਼ਿਆਦਾ ਕਰੰਟ ਹੈ ਸਰੀਰ ਵਿਚ।

ਸੋ ਇਸ ਤਰ੍ਹਾਂ ਦੇ ਨਾਲ ਜੋ ਪ੍ਰੇਮੀ ਕਹਿੰਦੇ ਨੇ ਕਿ ਇਹ ਗੱਲ ਹੋ ਸਕਦੀ ਹੈ? ਗੁਰੂ ਅੰਗਦ ਸਾਹਿਬ ਮਹਾਰਾਜ ਨੇ ਕਿਹਾ ਕਿ ਪਿਆਰਿਓ! ਇਕ-ਇਕ ਨਿਗ੍ਹਾ ਮਾਰ ਜਾਇਓ ਗਰੀਬਾਂ ਵਲ ਦੁਖੀ ਨੇ। ਤੁਹਾਡੀ ਨਿਗ੍ਹਾ ਨੇ ਉਹ ਸਹੀ ਕਰ ਦੇਣੇ ਨੇ। ਤੁਹਾਡੇ ਹੱਥ ਲੱਗਣ ਦੇ ਨਾਲ ਸਹੀ ਹੋ ਜਾਣੇ ਨੇ।

ਇਕ ਮਹਾਤਮਾ ਬੈਠੇ ਨੇ ਲਾਹੌਰ ਦੇ ਅੰਦਰ, ਇਕ ਬੀਬੀ ਹੈ ਉਥੇ ਜੋ ਲਾਹੌਰ ਦਾ ਵੱਡਾ ਨਵਾਬ ਸੀ, ਉਹ ਵੀ ਕਿਲ੍ਹੇ ਦੀ ਛੱਤ ਤੇ ਚੜ੍ਹਿਆ ਹੋਇਆ ਸੀ, ਉਧਰੋਂ ਬੀਬੀ ਛੱਤ ਦੇ ਉਤੇ ਕੇਸ ਹਰੇ ਕਰ ਰਹੀ ਹੈ। ਉਹਦੀ ਖੂਬਸੂਰਤੀ ਦੇਖ ਕੇ ਮੋਹਿਤ ਹੋ ਗਿਆ। ਹੁਕਮ ਕਰ ਦਿਤਾ ਕਿ ਓਸ ਔਰਤ ਨੂੰ ਫੜ ਕੇ ਮੇਰੇ ਮਹਿਲਾਂ ਵਿਚ ਲੈ ਆਓ। ਓਸ ਵੇਲੇ ਸਿਪਾਹੀ ਜਾਂਦੇ ਨੇ ਤੇ ਕਿਹਾ ਕਿ ਤੈਨੂੰ ਬੁਲਾਇਆ ਹੈ ਨਵਾਬ ਸਾਹਿਬ ਨੇ, ਜੇ ਤੂੰ ਆਪਣੇ ਆਪ ਆ ਜਾਏਂ ਤਾਂ ਚੰਗਾ ਨਹੀਂ ਤਾਂ ਅਸੀਂ ਫੜ ਕੇ ਲੈ ਜਾਵਾਂਗੇ। ਇਹ ਘਰ ਛੱਡ ਦੇ ਹੁਣ, ਉਥੇ ਹੀ ਮਹਿਲਾਂ ਵਿਚ ਰਹਿਣਾ ਹੈ ਤੂੰ ਉਹਦੀ ਬੇਗਮ ਬਣ ਕੇ। ਐਸਾ ਹੀ ਉਨ੍ਹਾਂ ਦਿਨਾਂ ਵਿਚ ਕੋਈ ਪੁਛਦਾ ਨਹੀਂ ਸੀ। ਉਹ ਕਹਿਣ ਲੱਗੀ ਕਿ ਮੈਂ ਪਤੀਵਰਤਾ ਇਸਤਰੀ ਹਾਂ ਮੇਰਾ ਪਤੀ ਬਾਹਰ ਗਿਆ ਹੋਇਆ ਹੈ ਮੈਂ ਕਿਸ ਤਰ੍ਹਾਂ ਚਲੀ ਜਾਵਾਂ, ਮੈਂ ਜਾਨ ਦੇ ਦੇਵਾਂਗੀ, ਪਰ ਧਰਮ ਨਹੀਂ ਮੈਂ ਹਾਰਦੀ। ਵਾਪਸ ਆ ਗਏ ਤੇ ਉਸ ਦੇ ਵਜ਼ੀਰ ਨੇ ਗੱਲ ਸੁਣੀ ਤਾਂ ਕਹਿਣ ਲੱਗਿਆ ਕਿ ਨਵਾਬ ਸਾਹਿਬ! ਬੜੀ ਬਦਨਾਮੀ ਹੋ ਜਾਏਗੀ। ਏਸ ਸ਼ਹਿਰ ਦੇ ਅੰਦਰ ਤੁਹਾਡਾ ਚੰਗਾ ਨਾਮ ਬਣਿਆ ਹੋਇਆ ਹੈ, ਸਾਰਾ ਸ਼ਹਿਰ ਵਿਗੜ ਜਾਏਗਾ ਇਸ ਗੱਲ ਦੇ ਉਤੇ। ਜੇ ਬਹੂ-ਬੇਟੀਆਂ ਇਸ ਤਰ੍ਹਾਂ ਤੁਸੀਂ ਲਿਆਉਣ ਲੱਗੇ। ਕਾਜ਼ੀ ਨੂੰ ਬੁਲਾਇਆ, ਕਾਜ਼ੀ ਕਹਿਣ ਲੱਗਿਆ ਕਿ ਮੈਂ ਚਿਲ੍ਹੇ ਕੱਟੇ ਹੋਏ ਨੇ ਤੇ ਮੈਂ ਮੰਤਰ ਪੜ੍ਹਦਾ ਹਾਂ, ਮੰਤਰ ਦੇ ਬਲ ਨਾਲ ਮੰਗਾ ਦੇਵਾਂਗਾ ਇਥੇ। ਕਿਉਂਕਿ ਮੰਤਰ ਦਾ ਵੀ ਬਲ ਹੋਇਆ ਕਰਦਾ ਹੈ। ਮੰਤਰ ਪੜ੍ਹਿਆ ਤੇ ਪਾਵੇ ਦੇ ਥੱਲੇ ਪੁੜੀ ਬਣਾ ਕੇ ਰੱਖ ਦਿਤੀ, ਖਿਆਲ ਓਧਰ ਉਹਦੇ ਮਨ ਵਿਚ ਵੀ ਆ ਗਿਆ ਕਿ ਮੇਰੇ ਪਤੀ ਨੂੰ ਨਾ ਮਰਵਾ ਦੇਵੇ, ਬੱਚਿਆਂ ਨੂੰ ਨਾ ਮਰਵਾ ਦੇਵੇ, ਮੈਂ ਚਲੀ ਜਾਂਦੀ ਹਾਂ। ਦੂਸਰਾ ਮੰਤਰ ਪੜ੍ਹ ਕੇ ਪਾਵੇ ਦੇ ਥੱਲੇ ਰੱਖ ਦਿਤਾ। ਹਾਰ-ਸ਼ਿੰਗਾਰ ਲਾਉਣ ਲੱਗ ਗਈ, ਤੀਸਰਾ ਪੜ੍ਹਿਆ ਤਾਂ ਤਿਆਰ ਹੋ ਕੇ ਬਾਹਰ ਨਿਕਲ ਲਈ ਤਿਆਰ ਹੋ ਗਈ। ਚੌਥਾ ਪੜ੍ਹਿਆ ਤਾਂ ਤਾਲਾ ਲਾ ਕੇ ਤੁਰ ਪਈ ਆਪੇ ਹੀ। ਉਹ ਕਹਿਣ ਲੱਗਿਆ ਕਿ ਮੇਰੇ ਮੰਤਰ ਨੇ ਮੈਨੂੰ ਦੱਸ ਦਿਤਾ ਕਿ ਉਹ ਤਾਲਾ ਲਾ ਕੇ ਤੁਰੀ ਆਉਂਦੀ ਹੈ। ਖਿੱਚ ਰਿਹਾ ਹੈ ਮੇਰਾ ਮੰਤਰ, ਆਪਣੇ ਆਪ ਹੀ ਉਹਨੂੰ ਇਥੇ ਲੈ ਕੇ ਆਏਗਾ। ਰਸਤੇ ਵਿਚ ਮਹਾਤਮਾ ਬੈਠੇ ਨੇ, ਉਨ੍ਹਾਂ ਨੇ ਦੇਖ ਲਿਆ, ਸਤਿਸੰਗ 'ਚ ਆਉਣ ਵਾਲੀ ਸੀ, ਔਹ ਕਹਿੰਦੇ ਜਾਂਦੀ ਹੈ ਬੇਟੀ ਉਹਨੂੰ ਬੁਲਾਓ। ਉਹਦੇ ਮਨ ਵਿਚ ਸੀ ਕਿ ਮੈਂ ਨਮਸਕਾਰ ਕਰ ਜਾਵਾਂ। ਕਹਿਣ ਲੱਗੇ, ਬੇਟਾ! ਪਤੀ ਤੇਰਾ ਬਾਹਰ ਗਿਆ ਹੋਇਆ ਹੈ ਤੇ ਤੂੰ ਐਨਾ ਸ਼ਿੰਗਾਰ ਕਰਕੇ ਕਿੱਥੇ ਜਾ ਰਹੀ ਹੈਂ। ਕਹਿਣ ਲੱਗੀ ਕਿ ਮਹਾਰਾਜ! ਮੈਨੂੰ ਕੋਈ ਪਤਾ ਨਹੀਂ ਕਿ ਮੈਂ ਕੀ ਕਰ ਰਹੀ ਹਾਂ, ਮੈਂ ਤਾਂ ਆਹ ਮਾੜਾ ਕੰਮ ਕਰਨ ਜਾ ਰਹੀ ਹਾਂ। ਮਹਾਤਮਾ ਜਿੱਥੇ ਬੈਠੇ ਸੀ ਕੱਚੀ ਧਰਤੀ ਸੀ, ਆਪਣੇ ਚਰਨ ਥੱਲਿਓਂ ਧੂੜੀ ਕੱਢੀ ਤੇ ਉਹਦੇ ਮਸਤਕ ਤੇ ਮਲ ਦਿਤੀ, ਕਹਿੰਦੇ ਜਾਹ ਵਾਪਸ ਮੁੜ ਜਾਹ, ਤੇਰਾ ਲੇਖ ਅਸੀਂ ਬਦਲ ਦਿਤਾ। ਭਾਈ ਗੁਰਦਾਸ ਜੀ ਕਹਿੰਦੇ ਨੇ -

***ਧੂੜੀ ਲੇਖੁ ਮਿਟਾਇਆ***
***ਚਰਣੋਦਕ ਮਨੁ ਵਸਿਗਤਿ ਆਇਆ॥***

***ਭਾਈ ਗੁਰਦਾਸ ਜੀ, ਵਾਰ 23/3***

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਕਹਿਣ ਲੱਗੇ, ਪਾਧਾ ਜੀ! ਤੁਹਾਡੇ ਧਾਗੇ ਦੇ ਵਿਚ ਵੀ ਕੋਈ ਕਰੰਟ ਹੈ? ਬਦਲ ਦੇਏਗੀ ਮੇਰੇ ਅੰਦਰ? ਕਰੂਰ ਬਿਰਤੀ ਖਤਮ ਕਰ ਦਏਗੀ? ਤੇ ਮੇਰੇ ਅੰਦਰ ਤ੍ਰਿਸ਼ਨਾ ਦੀ ਅੱਗ ਲੱਗੀ ਪਈ

ਹੈ ਕੀ ਉਹ ਬੁਝਾ ਦੇਵੇਗਾ ਤੇਰਾ ਧਾਗਾ? ਮੇਰਾ ਮਨ ਭਟਕ ਰਿਹਾ ਹੈ ਦੁਨੀਆਂ ਦੀ ਖ਼ੂਬਸੂਰਤੀ ਦੇਖ ਕੇ ਤੇਰਾ ਧਾਗਾ ਮੇਰੇ ਮਨ ਨੂੰ ਤਸੱਲੀ ਵਿਚ ਲਿਆ ਦੇਵੇਗਾ ਤੇ ਮੈਂ ਪੈਰ-ਪੈਰ ਤੇ ਝੂਠ ਬੋਲਦਾ ਹੈ, ਠੱਗੀਆਂ ਕਰਦਾ ਹਾਂ, ਲੋਕਾਂ ਨੂੰ ਧੋਖੇ ਦਿੰਦਾ ਹਾਂ ਕੀ ਮੇਰੇ ਅੰਦਰ ਸਤਿ ਦਾ ਜੀਵਨ ਆ ਜਾਏਗਾ। ਪਾਧਾ ਚੁੱਪ ਹੈ, ਕੋਈ ਗੱਲ ਨਹੀਂ ਆ ਰਹੀ ਓਸਨੂੰ। ਗੁਰੂ ਨਾਨਕ ਕਹਿੰਦੇ, ਰੱਖ ਦੇ ਧਾਗਾ, ਮੈਂ ਧਾਗਾ ਨਹੀਂ ਪਾਉਣ ਆਇਆ, ਮੈਂ ਧਾਗੇ ਦੇ ਵਿਚੋਂ ਧਾਗਾ ਪੁਆਉਣ ਆਇਆ ਹਾਂ ਸੱਚ ਦਾ। ਜੇ ਤੂੰ ਮੇਰੇ ਧਾਗਾ ਪਾਉਣਾ ਹੈ ਤਾਂ ਸੱਚ ਦਾ ਪਾ। ਉਸ ਪਾਧੇ ਨੇ ਬੇਨਤੀ ਕਰੀ ਕਿ ਹੇ ਨਾਨਕ! ਅਸੀਂ ਅਣਜਾਣ ਹਾਂ, ਤੂੰ ਦੱਸ ਦੇ ਇਹ ਧਾਗਾ ਕਿਵੇਂ ਪੈਂਦਾ ਹੈ। ਮਹਾਰਾਜ ਕਹਿੰਦੇ -

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥***
***ਅੰਗ - ੪੭੧***

ਮੈਂ ਸਰੀਰ ਤੇ ਕੀ ਪਾਉਣਾ ਹੈ, ਮੇਰੇ ਅੰਦਰ ਪਾ ਜਿਹੜਾ ਮੈਂ ਹਾਂ, ਜੇ ਮੈਂ ਤੈਨੂੰ ਲੱਭ ਸਕਿਆ ਤਾਂ ਅੰਦਰੋਂ। ਮੈਨੂੰ ਉਹ ਚੀਜ਼ ਦੇ ਜਿਹੜੀ ਮੈਨੂੰ ਮਿਲਾ ਦੇਵੇ ਪ੍ਰਮੇਸ਼ਰ ਦੇ ਨਾਲ। ਸੋ ਐਸਾ ਨਿਰਾਰਥਕ ਜੀਵਨ ਆ ਚੁਕਿਆ ਸੀ ਸਮਾਜ ਦੇ ਅੰਦਰ। ਭੇਖ ਦੇ ਵਿਚ ਫਸ ਗਏ ਸੀ, ਵੱਡੇ ਤੋਂ ਵੱਡਾ ਭੇਖ। ਭੇਖ ਓਸ ਵੇਲੇ ਆਉਂਦਾ ਹੈ ਜਦੋਂ ਕੋਈ ਧਰਮ ਮਰਨਾ ਹੁੰਦਾ ਹੈ। ਕਿਉਂਕਿ ਉਹਦੇ ਕੁਛ ਰਹਿੰਦਾ ਹੀ ਨਹੀਂ, ਜੀਵਨ ਬਿਲਕੁਲ ਨਿਕੰਮਾ ਹੋ ਜਾਂਦਾ ਹੈ, ਜਿਹੜੇ ਪ੍ਰਚਾਰ ਵਾਲੇ ਨੇ ਉਨ੍ਹਾਂ ਦੇ ਅੰਦਰੋਂ ਆਪਣੇ-ਆਪ ਜੀਵਨ ਨਿਕਲ ਜਾਂਦਾ ਹੈ। ਸੋ ਓਸ ਵੇਲੇ ਦਾ ਜੋ ਹਾਲ ਸੀ ਗੁਰੂ ਨਾਨਕ ਪਾਤਸ਼ਾਹ ਉਸ ਬਾਰੇ ਐਸੇ ਫੁਰਮਾਨ ਕੀਤਾ ਹੈ -

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***
***ਅੰਗ - ੪੬੮***

ਭਰੋਸਾ ਟੁੱਟ ਗਿਆ ਵਾਹਿਗੁਰੂ ਤੋਂ। ਕੀ ਬਣੇਗਾ ਏਸ ਦਾ, ਐਨੇ ਫੱਟ ਗਏ ਕਿ ਦੂਸਰੇ ਦੀ ਗੁਲਾਮੀ ਸਹਿਨ ਕਰ ਰਹੇ ਨੇ। ਕੇਵਲ ਚੰਦ ਦਿਨ ਦੇ ਜੀਉਣ ਵਾਸਤੇ ਆਪਣੇ ਅਸੂਲਾਂ ਨੂੰ ਤਿਲਾਂਜਲੀ ਦੇ ਰਹੇ ਨੇ। ਸੱਚ ਦਾ ਜੀਵਨ ਕਿੱਥੇ ਗਿਆ, ਧੋਖਾ ਫੈਲ ਗਿਆ ਸਾਰੇ। ਰਾਜਾ ਵੀ ਬਣ ਗਿਆ ਧੋਖੇ ਵਾਲਾ ਤੇ ਪਰਜਾ ਵੀ ਬਣ ਗਈ। ਸੋ ਇਹ ਇਕ ਬੁਨਿਆਦੀ ਮਸਲਾ ਸੀ ਬੜਾ ਜ਼ਬਰਦਸਤ ਜਿਸਨੂੰ ਝੰਜੋੜਨ ਦੀ ਲੋੜ ਪਈ।

ਅੱਠ ਵਜ਼ੀਰ ਹੋਇਆ ਕਰਦੇ ਸੀ, ਵੱਡਾ ਜਿਹੜਾ ਹੁੰਦਾ ਉਹਨੂੰ ਵਜ਼ੀਰ-ਏ-ਆਜ਼ਮ ਕਹਿੰਦੇ ਸੀ, ਜਿਹੜਾ ਹੁੰਦਾ ਫੌਜਾਂ ਦਾ ਮਾਲਕ ਬਖਸ਼ੀ ਆਖਿਆ ਕਰਦੇ ਸੀ, ਜਿਹੜਾ ਹੁੰਦਾ ਹੋਮ ਮਨਿਸਟਰ ਉਹਨੂੰ ਵਜ਼ੀਰ-ਏ-ਖਾਨਾ ਆਨ ਏ ਖਾਨ ਕਹਿੰਦੇ, ਜਿਹੜਾ ਹੁੰਦਾ ਸੀ ਖਰਚਿਆਂ ਦਾ ਉਹ ਦੀਵਾਨ ਕਹਾਉਂਦਾ ਸੀ। ਜਿਵੇਂ ਹੁਣ ਸਿਵਲ ਸਪਲਾਈ ਦਾ ਮਨਿਸਟਰ ਹੈ ਉਸ ਸਮੇਂ ਮੋਦੀ ਹੋਇਆ ਕਰਦਾ ਸੀ। ਉਹਦਾ ਜ਼ਿੰਮਾ ਸੀ ਕਿ ਜਿੰਨੇ ਵੀ ਸਾਧੂ ਸੰਤਾਂ ਨੂੰ, ਮਸਜਿਦਾਂ, ਧਾਰਮਿਕ ਅਸਥਾਨ ਉਨ੍ਹਾਂ ਸਭ ਨੂੰ ਰਸਦ ਪਹੁੰਚਾਉਣੀ। ਗੁਰੂ ਨਾਨਕ ਪਾਤਸ਼ਾਹ ਐਡੀ ਪਦਵੀ ਤੇ ਹੁੰਦੇ ਹੋਏ ਆਪਣੇ ਹੱਥ ਨਾਲ ਤੋਲਣ ਲਗ ਜਾਂਦੇ ਸੀ। ਬੇਅੰਤ ਨੌਕਰ ਚਾਕਰ ਹਿਸਾਬ ਰੱਖਣ ਵਾਲੇ, ਸਭ ਸੀਗੇ। ਲੇਕਿਨ ਆਪ ਤੇਰਾ-ਤੇਰਾ ਕਹੀ ਜਾਂਦੇ ਸੀ। ਕਦੇ ਘਾਟਾ ਨਹੀਂ ਸੀ ਆਉਂਦਾ। ਲੱਖਾਂ ਰੁਪਏ ਅੱਜ ਦੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਮੋਦੀਖਾਨਾ ਛੱਡਿਆ, ਸੰਸਾਰ ਨੂੰ ਸੋਧਣ ਵਾਸਤੇ, ਰਸਤਾ ਦਿਖਾਉਣ ਵਾਸਤੇ ਓਸ ਵੇਲੇ ਇਤਿਹਾਸ ਜਾਣਦਾ ਹੈ ਕਿ ਐਨਾ ਮੁਫਤ ਦਿਤਾ ਗੁਰੂ ਨਾਨਕ ਨੇ, ਸ਼ੰਕਾ ਪੈ ਗਿਆ ਨਵਾਬ ਨੇ ਜਦੋਂ ਗੱਲ ਸੁਣੀ, ਵੇਈਂ ਨਦੀ 'ਚ ਗੁਰੂ ਨਾਨਕ ਨੇ ਚੁੱਭੀ ਮਾਰੀ ਤਾਂ ਸ਼ੰਕਾਵਾਦੀ ਕਹਿੰਦੇ ਨੇ ਕਿ ਜੀ, ਘਾਟਾ ਪੈ ਗਿਆ ਤਾਂ ਡੁੱਬ ਗਿਆ। ਜਦੋਂ ਨਿਕਲ ਆਉਂਦੇ ਨੇ ਤੇ ਓਧਰ ਭਾਈਆਂ ਜੈ ਰਾਮ, ਜੇਲ੍ਹ ਵਿਚ ਕਰਿਆ ਹੋਇਆ ਹੈ ਕਿ ਏਸ ਤੋਂ ਘਾਟਾ ਪੂਰਾ ਕਰਾਉਣਾ ਹੈ। ਗੁਰੂ ਨਾਨਕ ਆ ਜਾਂਦੇ ਨੇ ਕਹਿੰਦੇ ਘਾਟਾ ਤਾਂ ਹੈ ਹੀ ਨਹੀਂ ਅਕਾਲ ਪੁਰਖ ਦੇ ਦਰ ਤੇ। ਘਾਟਾ ਆਦਮੀ ਦੇ ਮਨ ਵਿਚ ਹੈ, ਵੰਡਿਆਂ ਤੋਂ ਨਹੀਂ ਘਟਦਾ।

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ***

ਰੱਬ ਦੇ ਨਾਮ ਤੇ ਜਿਹੜਾ ਦੇਵੇਗਾ, ਰੱਬ ਕਿਤੇ ਐਵੇਂ ਪੱਥਰ ਦੀ ਮੂਰਤੀ ਹੈ, ਜੀਉਂਦੀ ਜਾਗਦੀ ਚੀਜ਼ ਹੈ, ਉਹਦੀ ਭਾਵਨਾ ਦੇਖ ਕੇ ਜਿਵੇਂ ਖੂਹ 'ਚੋਂ ਪਾਣੀ ਨਿਕਲਦਾ ਹੈ, ਉੱਭਲ ਦਾ, ਐਵੇਂ ਤਾਜ਼ਾ ਪਾਣੀ ਉਹਦੀ ਕਮਾਈ 'ਚ ਆ ਜਾਂਦਾ ਹੈ। ਜਿਹੜਾ ਨਹੀਂ ਦਿੰਦਾ ਉਥੇ ਬੂਰ ਪੈ ਕੇ ਗੰਦਾ ਹੋ ਜਾਂਦਾ ਹੈ, ਉਹਦੀ ਕਮਾਈ 'ਚ ਵਿਘਨ ਪੈਣੇ ਸ਼ੁਰੂ ਹੋ ਜਾਂਦੇ ਨੇ। ਬੇਅੰਤ ਵਿਘਨ ਪੈਂਦੇ ਨੇ, ਘਾਟੇ ਹੀ ਘਾਟੇ, ਵਾਧੇ ਨੂੰ ਹੱਥ ਪਾਏਗਾ, ਘਾਟਾ ਨਿਕਲੇਗਾ।

ਟੈਲੀਫੋਨ ਆਉਂਦੇ ਨੇ ਅਮਰੀਕਾ ਤੋਂ, ਜੀ ਕੰਮ ਕਰਦੇ ਹਾਂ ਚਲਦਾ ਨਹੀਂ। ਮੈਂ ਕਿਹਾ, ਤੁਸੀਂ ਗੁਰੂ ਨੂੰ ਭਾਈਵਾਲ ਨਹੀਂ ਬਣਾਇਆ, ਸਭ ਬਿਜਨਸਾਂ ਦੇ ਅੰਦਰ ਗੁਰੂ ਨੂੰ ਭਾਈਵਾਲ ਬਣਾ ਲਓ। ਕਹਿੰਦੇ ਕਿਵੇਂ ਬਣਾਈਏ? ਮੈਂ ਕਿਹਾ, ਦੁਕਾਨਦਾਰ ਸੌ ਰੁਪਏ ਪਿਛੇ ਡੇਢ ਰੁਪਿਆ ਕੱਢਿਆ ਕਰੋ, ਕਿਸਾਨ ਜਿਹੜਾ ਹੈ ਸੌ ਬੋਰੀ ਹੋ ਗਈ, ਇਕ ਗੁਰੂ

ਦੀ ਕੱਢ ਦਿਓ। ਜੇ ਗੁਰੂ ਦਾ ਹਿੱਸਾ, ਜਿਹੜਾ ਸਭ ਕੁਛ ਦਿੰਦਾ ਹੈ ਉਹਨੂੰ ਧਿਆਨ ਵਿਚ ਨਹੀਂ ਲਿਆਉਂਦੇ, ਫੇਰ ਕਮਾਈ ਤੁਹਾਡੀ ਗਲਤ ਹੋ ਜਾਏਗੀ, ਸ਼ਰਾਬਾਂ ਪੀਣ ਲਗ ਜਾਓਂਗੇ, ਨੁਕਸਾਨ ਕਰੋਂਗੇ, ਲੜਾਈਆਂ ਝਗੜੇ ਕਰੋਂਗੇ, ਜੁਰਮਾਨੇ ਕਰਾਓਂਗੇ, ਬੀਮਾਰੀਆਂ ਦੇ ਵਿਚ ਲਗ ਜਾਏਗਾ, ਪਰੇਸ਼ਾਨੀਆਂ 'ਚ ਲਗ ਜਾਏਗਾ, ਲੱਗਣਾ ਜ਼ਰੂਰ ਹੈ ਇਹ। ਕਿਉਂ ਨਹੀਂ ਕੱਢ ਦਿੰਦੇ ਫੇਰ ਗੁਰੂ ਦਾ ਹਿੱਸਾ। ਗੁਰੂ ਭਾਈਵਾਲ ਬਣਦਾ ਹੈ, ਆਪ ਦੇਖਦਾ ਹੈ ਵਿਘਨਾਂ ਤੋਂ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਕਹਿੰਦੇ ਐਉਂ ਨਹੀਂ ਘਟਦਾ ਹੈਗਾ। 790 ਰੁਪਏ ਵਾਧਾ ਨਿਕਲਿਆ, ਓਸ ਵੇਲੇ ਦਾ ਜਿਹੜਾ ਸਿੱਕਾ ਸੀ 1 ਰੁਪਈਏ ਦੇ ਚਾਰ ਕੁਇੰਟਲ ਛੋਲੇ ਆਉਂਦੇ ਸੀ। ਓਸ ਵਕਤ 790 ਰੁਪਏ ਵਾਧਾ ਨਿਕਲਣੀ ਮਾਅਇਨੇ ਰੱਖਦਾ ਹੈ, ਲੱਖਾਂ 'ਚ ਰਕਮ ਚਲੀ ਜਾਂਦੀ ਹੈ ਅੱਜ ਦੇ। ਗੁਰੂ ਨਾਨਕ ਕਹਿੰਦੇ ਮੈਂ ਲੈਣਾ ਨਹੀਂ ਪੈਸਾ, ਇਹ ਵੰਡ ਦਿਓ ਗਰੀਬਾਂ ਨੂੰ, ਗਰੀਬਾਂ ਦੇ ਹਿੱਸੇ ਵਿਚ ਪਾ ਦਿਓ। ਅਖੀਰ ਮੁਕਦਮਾ ਚਲਦਾ ਹੈ, ਗੁਰੂ ਨਾਨਕ ਪਾਤਸ਼ਾਹ ਦੇ ਸਹੁਰੇ ਨੇ। ਫੈਸਲਾ ਕਰਿਆ ਕਿ ਅੱਧਾ ਇਹਨੂੰ ਦੇ ਦਿਓ, ਅੱਧਾ ਇਹਨੂੰ ਦੇ ਦਿਓ। ਐਨੇ ਕੁ ਰੁਪਈਏ ਨਾਲ ਜ਼ਿੰਦਗੀ ਲੰਘ ਜਾਂਦੀ ਸੀ ਐਨਾ ਸਿੱਕਾ ਬਲੀ ਸੀਗਾ ਓਸ ਵੇਲੇ ਦਾ। ਦੋ ਰੁਪਈਏ ਦੀ ਗਊ ਆਉਂਦੀ ਸੀ। ਪੰਜ ਰੁਪਈਏ ਦੀ ਮੱਝ ਆਉਂਦੀ ਸੀ। ਬੜਾ ਹੀ ਸਸਤਾ ਸੀ ਦੋ ਚਾਰ ਆਨੇ ਦੀ ਬੱਕਰੀ ਆਉਂਦੀ ਸੀ।

ਸੋ ਗੁਰੂ ਨਾਨਕ ਨੇ ਜਦੋਂ ਦੇਖਿਆ ਸੰਸਾਰ ਨੂੰ ਕਿ ਸੰਸਾਰ ਦਾ ਤਾਂ ਬੁਰਾ ਹਾਲ ਹੋ ਗਿਆ, ਐਸ ਵੇਲੇ ਦੋ ਰਸਤੇ ਸੀ ਗੁਰੂ ਨਾਨਕ ਵਾਸਤੇ, ਇਕ ਤਾਂ ਸੀ ਮੌਜ ਦੇ ਨਾਲ ਆਪਣੀ ਉਮਰ ਬਤੀਤ ਕਰਨੀ। ਹੁਣ ਜੇ 790 ਬਚ ਗਿਆ ਸਰਕਾਰੀ ਹਿਸਾਬ ਤੋਂ, ਤਾਂ ਕਿੰਨੇ ਲੱਖ ਰੁਪਈਆ ਹੋ ਗਿਆ। ਕਿੱਡੀਓ ਅਮੀਰੀ ਕੱਟਦੇ, ਕਿੱਡੇ ਵੱਡੇ ਮਹਲ ਪਾ ਲੈਂਦੇ ਪਰ ਉਨ੍ਹਾਂ ਨੇ ਗਰੀਬਾਂ ਵਲ ਨਿਗ੍ਹਾ, ਜਿਹੜੇ ਹਉਕੇ-ਹਾਵੇ ਲੈਂਦੇ ਸੀ ਉਨ੍ਹਾਂ ਵਲ ਕਰੀ, ਦੂਸਰੇ ਜਿਹੜੇ ਰੂਹਾਨੀਅਤ ਦੇ ਵਿਚ ਭਟਕੇ ਹੈ, ਮਨੁੱਖਾ ਜਨਮ ਮਿਲਣ ਤੇ ਕੋਸ਼ਿਸ਼ਾਂ ਕਰਦੇ ਸੀ, ਤਾਂਘਦੇ ਸੀ ਉਨ੍ਹਾਂ ਵਲ ਨਿਗ੍ਹਾ ਕਰੀ। ਜਿਹੜੇ ਰੁਕੇ ਹੋਏ ਸੀ ਉਨ੍ਹਾਂ ਵਲ ਨਿਗ੍ਹਾ ਕਰੀ, ਜਿਹੜੇ ਜਾਬਰ ਸੀ ਉਨ੍ਹਾਂ ਦੇ ਜਬਰ ਵਲ ਨਿਗ੍ਹਾ ਕਰੀ। ਸੁਮੱਤ ਦੇਣ ਸੰਸਾਰ ਨੂੰ, ਜਗਿਆਸੂਆਂ ਨੂੰ ਅੱਗੇ ਤੋਰਨ ਵਾਸਤੇ ਗੁਰੂ ਨਾਨਕ ਦਾ ਮਿਸ਼ਨ ਅੱਜ ਦੇ ਦਿਨ ਸ਼ੁਰੂ ਹੋਇਆ, ਵਿਸਾਖੀ ਦੇ ਦਿਨ। ਅੱਜ ਧਰਤੀ ਨੂੰ ਸੋਧਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਆਪਣੇ ਘਰ ਤੋਂ ਪੈਰ ਪੁੱਟਦੇ ਨੇ। ਜਦੋਂ ਦੇਹਲੀ ਨਿਕਲਣ ਲੱਗੇ ਓਸ ਵੇਲੇ ਇਕ ਪਾਸਿਓਂ ਬਾਬਾ ਸ੍ਰੀ ਚੰਦ ਤੇ ਦੂਜੇ ਪਾਸਿਓਂ ਲੱਖਮੀ ਦਾਸ ਦੋਹਾਂ ਨੇ ਆ ਕੇ ਪਿੰਜਣੀਆਂ ਫੜ ਲਈਆਂ ਗੁਰੂ ਨਾਨਕ ਪਾਤਸ਼ਾਹ ਦੀਆਂ, ਛੋਟੇ-ਛੋਟੇ ਸੀਗੇ। ਗੁਰੂ ਨਾਨਕ ਨੇ ਆਪਣਾ ਪਵਿੱਤਰ ਹੱਥ ਦੋਹਾਂ ਦੇ ਸੀਸ ਤੇ ਰੱਖਿਆ, ਕਹਿੰਦੇ ਬੱਚਿਓ! ਤੁਹਾਡਾ ਰੋਣਾ ਸੁਣਾਂ ਕਿ ਦੁਨੀਆਂ ਦਾ ਸੁਣਾ। ਐਸ ਵੇਲੇ ਜਗਤ ਵਿਰਲਾਪ ਕਰ ਲਿਆ, ਅੱਗ ਵਿਚ ਜਲ ਰਿਹਾ ਹੈ ਤੇ ਮੈਨੂੰ ਮਾਫ ਕਰਨਾ ਮੈਂ ਤੁਹਾਡਾ ਦੋਹਾਂ ਦਾ ਪਿਆਰ ਨਹੀਂ ਕਰ ਸਕਦਾ, ਮੈਂ ਹੁਣ ਸ੍ਰਿਸ਼ਟੀ ਨੂੰ ਪਿਆਰ ਦੇ ਵਿਚ ਲਿਆਉਣਾ ਹੈ। ਤੁਹਾਡੀ ਰੂਪ ਰੇਖਾ ਪ੍ਰਮੇਸ਼ਰ ਨੇ ਲਿਖ ਦਿਤੀ ਹੈ ਤੇ ਹੁਣ ਮੈਨੂੰ ਰੋਕੋ ਨਾ। ਸੋ ਅੱਜ ਗੁਰੂ ਨਾਨਕ ਪਾਤਸ਼ਾਹ ਇਸ ਪਵਿੱਤਰ ਕੰਮ ਨੂੰ ਕਰਨ ਵਾਸਤੇ ਅੱਜ ਘਰੋਂ ਪੈਰ ਪੁੱਟਦੇ ਨੇ।

ਕਲਜੁਗ ਦੇ ਅੰਦਰ ਤੀਰਥ ਭ੍ਰਿਸ਼ਟ ਹੋ ਚੁੱਕੇ ਸੀ, ਕਿਉਂਕਿ ਤੀਰਥਾਂ ਦੇ ਅੰਦਰ ਪਾਪੀ ਬੰਦੇ ਜਦੋਂ ਵਧ ਜਾਂਦੇ ਨੇ ਤਾਂ ਮੈਲ ਵਧ ਜਾਂਦੀ ਹੈ, ਤੀਰਥ ਫਲ ਦੇਣ ਤੋਂ ਹਟ ਜਾਂਦੇ ਨੇ। ਓਸ ਵੇਲੇ ਤੀਰਥ ਕੀ ਕਰਦਾ ਹੈ, ਦਰਗਾਹ ਦੇ ਵਿਚ ਬੇਨਤੀਆਂ ਕਰਦਾ ਹੈ, ਹੇ ਪ੍ਰਭੂ! ਭੇਜ ਕੋਈ ਆਪਣਾ ਪਿਆਰਾ। ਸਾਡੇ ਤੋਂ ਬੋਝ ਨਹੀਂ ਚੁਕਿਆ ਜਾਂਦਾ, ਛਲੀਏ ਕਪਟੀ, ਬੇਈਮਾਨ, ਧੋਖੇਬਾਜ਼, ਪਾਖੰਡੀ ਆ-ਆ ਕੇ ਸਾਡੇ ਵਿਚ ਨਹਾ ਕੇ ਆਪਣੇ ਪਾਪ ਛੱਡ ਜਾਂਦੇ ਨੇ। ਏਸੇ ਕਰਕੇ ਗੁਰੂ ਮਹਾਰਾਜ ਨੇ ਤੀਰਥਾਂ ਦੀ ਲੋਚਾ ਪ੍ਰਗਟ ਕੀਤੀ ਹੈ ਬਾਣੀ ਦੇ ਅੰਦਰ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*

***ਅੰਗ - ੧੨੬੩***

ਉਦਮ ਕਰਦੇ ਨੇ, ਮਹਾਰਾਜ ਕਹਿੰਦੇ ਚੁੱਪ ਕਰਕੇ ਨਹੀਂ ਬੈਠਦੇ। ਉਨ੍ਹਾਂ ਦੇ ਵਿਚ ਇਛਿਆ ਸ਼ਕਤੀ ਹੁੰਦੀ ਹੈ, ਦੇਵ ਲੋਕਾਂ ਦੇ ਵਿਚ ਸਾਡੇ ਨਾਲੋਂ ਜ਼ਿਆਦਾ ਸ਼ਕਤੀ ਹੁੰਦੀ ਹੈ। ਉਹ ਕਿਸੇ ਨਾਲ ਕਿਸੇ ਤਰੀਕੇ ਨਾਲ ਜੇ ਸੰਤ ਨਹੀਂ ਆਉਂਦੇ ਤਾਂ ਜਿੱਥੇ ਸੰਤ ਨੇ ਉਨ੍ਹਾਂ ਦੀ ਧੂੜੀ ਪਰਸਣ ਵਾਸਤੇ, ਤੀਰਥ ਮਨੁੱਖ ਰੂਪ ਧਾਰ ਕੇ, ਪਸ਼ੂ ਰੂਪ ਧਾਰ ਕੇ, ਕਿਸੇ ਰੂਪ ਵਿਚ ਚਲੇ ਜਾਣ। ਜਾ ਕੇ ਇਸ਼ਨਾਨ ਕਰਦੇ ਨੇ।

ਇਕ ਸਾਖੀ ਐਸੀ ਆਉਂਦੀ ਹੈ ਮਹਾਂਪੁਰਸ਼ਾਂ ਦੀ। ਕਿਤਾਬਾਂ ਵਗੈਰਾ ਵਿਚ ਨਹੀਂ ਇਹ ਗੱਲਾਂ ਲਿਖੀਆਂ ਹੁੰਦੀਆਂ ਸੀਨੇ-ਬ-ਸੀਨੇ ਤੁਰੀਆਂ ਆਉਂਦੀਆਂ ਨੇ ਇਹ ਗੱਲਾਂ। ਇਕ ਕੋਈ ਪ੍ਰੇਮੀ ਸੀ ਉਸ ਨੇ ਪ੍ਰਣ ਕਰਿਆ ਹੋਇਆ ਸੀ ਕਿ ਜਿਹਨੇ ਗੰਗਾ 'ਚ ਇਸ਼ਨਾਨ ਨਾ ਕਰਿਆ ਹੋਵੇ ਮੈਂ ਉਹਦੇ ਘਰ ਰੋਟੀ ਨਹੀਂ ਖਾਣੀ, ਇਨ੍ਹਾਂ ਨੂੰ ਕਰਮਕਾਂਡੀ

ਕਹਿੰਦੇ ਨੇ ਐਸੇ ਬੰਦੇ ਜਿਹੜੇ ਹੱਠ ਕਰ ਲੈਂਦੇ ਨੇ। ਇਸ਼ਨਾਨ ਕਰਨ ਗਿਆ, ਹਰ ਕਿਸੀ ਤੋਂ ਪੁਛਦਾ ਹੈ, ਪੈਦਲ ਚਲਦੇ ਸੀ ਲੋਕ, ਕਹਿੰਦਾ ਕੋਈ ਹੈ ਇਸ ਪਿੰਡ ਦੇ ਵਿਚ ਜਿਹਨੇ ਗੰਗਾ ਇਸ਼ਨਾਨ ਕਰਿਆ ਹੋਵੇ। ਹੋਵੇ ਤਾਂ ਰੁਕ ਜਾਂਦਾ ਸੀ ਨਹੀਂ ਤਾਂ ਪਿੰਡ ਛੱਡ ਕੇ ਅਗਲੇ ਪਿੰਡ। ਪ੍ਰਸ਼ਾਦਾ ਉਹਦੇ ਹੱਥ ਦਾ ਉਸ ਦੇ ਘਰੋਂ ਛਕਦਾ ਸੀ। ਚਲਦੇ-ਚਲਦੇ ਜਦੋਂ ਗੰਗਾ ਦੇ ਕਿਨਾਰੇ ਚਲਿਆ ਗਿਆ, ਉਥੇ ਮਹਾਤਮਾ ਦਾ ਆਸ਼ਰਮ ਸੀ, ਉਹਨੇ ਕਿਹਾ ਕਿ ਮਹਾਤਮਾ ਨੂੰ ਮੈਂ ਪੁਛਦਾ ਚੰਗਾ ਨਹੀਂ ਲਗਦਾ, ਲੰਗਰ ਚਲਦਾ ਹੈ ਭੁੱਖ ਲੱਗੀ ਹੋਈ ਹੈ, ਇਥੇ ਤਾਂ ਰੋਜ਼ ਹੀ ਗੰਗਾ ਨਾਹੁੰਦੇ ਹੋਣੇ ਨੇ। ਪ੍ਰਸ਼ਾਦਾ ਛਕ ਲਿਆ ਤੇ ਬਾਅਦ ਵਿਚ ਅੰਦਰ ਐਨਾ ਸ਼ੰਕਾ ਪੈ ਗਿਆ ਕਿ ਮਨ ਟਿਕਦਾ ਨਹੀਂ ਹੈ, ਬਾਰ-ਬਾਰ ਓਹੀ ਸਵਾਲ ਆਉਂਦਾ ਹੈ ਕਿ ਮੈਂ ਪੁਛਿਆ ਨਹੀਂ। ਐਹੋ ਜਿਹਾ ਨਾ ਹੋਵੇ ਕਿ ਮਹਾਤਮਾ ਨਹਾਉਂਦਾ ਹੀ ਨਾ ਹੋਵੇ, ਗੰਗਾ 'ਚ । ਅਖੀਰ ਸੰਗਤ ਬੈਠੀ ਸੀ, ਬੇਨਤੀ ਕਰੀ ਹੱਥ ਜੋੜ ਕੇ, ਕਹਿੰਦਾ ਮਹਾਰਾਜ! ਤੁਸੀਂ ਤਾਂ ਆਸ਼ਰਮ ਹੀ ਬੜੇ ਸੋਹਣੇ ਥਾਂ ਪਾਇਆ ਹੈ। ਕਹਿੰਦੇ, ਪ੍ਰੇਮੀਆ! ਪ੍ਰਮੇਸ਼ਰ ਦਾ ਨਾਉਂ ਜਿਥੇ ਜਪੀਏ, ਉਹ ਥਾਉਂ ਆਪੇ ਹੀ ਸਜ ਜਾਇਆ ਕਰਦਾ ਹੈ, ਸੋਹਣਾ ਹੋ ਜਾਇਆ ਕਰਦਾ ਹੈ। ਜਿਥੇ ਤੁਸੀਂ ਬੈਠੇ ਹੋਂ ਕੋਈ ਮੌਕਾ ਸੀ, ਜਦੋਂ ਗੁ. ਰਤਵਾੜਾ ਸਾਹਿਬ ਦੀ ਇਹ ਧਰਤੀ ਭਰੀ ਪਈ ਸੀ ਸਰਕਰੜਿਆਂ ਦੇ ਨਾਲ। ਲੰਘਦਾ ਕੋਈ ਨਹੀਂ ਸੀ, ਟਿੱਬੇ ਸੀ ਇਥੇ। ਪਰ ਸੰਗਤ ਦੇ ਜਦੋਂ ਚਰਨ ਪਏ, ਗੁਲਜ਼ਾਰ ਬਣੀ ਪਈ ਹੈ ਥਾਉਂ। ਮਸਤਕ ਨਿਵਾ ਕੇ ਲੇਖ ਸਿੱਧੇ ਹੁੰਦੇ ਨੇ, ਚਰਨ ਧੂੜੀ ਲਾ ਕੇ ਲੇਖ ਸਿੱਧੇ ਹੁੰਦੇ ਨੇ, ਓਹੀ ਧਰਤੀ ਸੀ ਜਿੱਥੇ ਕਿ ਕਹਿੰਦੇ ਸੀ ਕਿ ਭੂਤ ਪ੍ਰੇਤ ਰਹਿੰਦੇ ਨੇ ਅਸੀਂ ਨਹੀਂ ਲੰਘਣਾ।

ਸੋ ਮਹਾਤਮਾ ਕਹਿਣ ਲੱਗੇ ਕਿ ਜਿੱਥੇ ਪ੍ਰਮੇਸ਼ਰ ਦਾ ਪਿਆਰਾ ਬੈਠ ਜਾਵੇ, ਉਹ ਥਾਉਂ ਸੁਹਾਵਾ ਹੋ ਜਾਇਆ ਕਰਦਾ ਹੈ। ਪ੍ਰੇਮੀਆ! ਇਹ ਤਾਂ 'ਨਾਮ' ਦੀ ਬਰਕਤ ਹੁੰਦੀ ਹੈ, ਥਾਉਂ ਦੀ ਬਰਕਤ ਨਹੀਂ ਹੁੰਦੀ। ਕਹਿੰਦਾ, ਨਹੀਂ ਮਹਾਰਾਜ! ਮੈਂ ਤਾਂ ਹੋਰ ਤਰ੍ਹਾਂ ਕਹਿੰਦਾ ਸੀ। ਕਹਿੰਦੇ, ਉਹ ਕਿਵੇਂ? ਕਹਿੰਦਾ, ਤੁਸੀਂ ਤਾਂ ਰੋਜ਼ ਹੀ ਗੰਗਾ ਇਸ਼ਨਾਨ ਦਾ ਲਾਹਾ ਲੈਂਦੇ ਹੋਵੋਂਗੇ। ਮਹਾਤਮਾ ਕਹਿੰਦੇ ਗੰਗਾ ਤਾਂ ਸੰਤਾਂ ਦੇ ਅੰਦਰ ਚਲਦੀ ਹੈ, 68 ਤੀਰਥਾਂ ਦਾ ਨਿਵਾਸ ਜਿੱਥੇ ਸੰਤ ਬਚਨ ਕਰਦੇ ਹੋਣ, ਓਸ ਥਾਂ ਤੇ ਹੁੰਦਾ ਹੈ -

***ਹਰਿ ਕੀ ਕਥਾ ਹੋਤ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਪ੍ਰੇਮੀਆ! ਤੂੰ ਕਿਹੜੀ ਗੰਗਾ ਦੀ ਗੱਲ ਕਰਦਾ ਹੈਂ, ਵੱਡਾ ਤੀਰਥ ਜਿਹੜਾ ਹੈ ਆਤਮ ਤੀਰਥ ਉਹ ਸੰਤਾਂ ਕੋਲ ਹੋਇਆ ਕਰਦਾ ਹੈ, ਜਿਹਦੇ ਵਿਚ ਨਾਹ ਕੇ ਜੰਮਣਾ ਮਰਨਾ ਕਟ ਜਾਂਦਾ ਹੈ। ਅਸੀਂ ਤਾਂ ਪ੍ਰੇਮੀਆ, ਗੰਗਾ ਵਿਚ ਕਦੇ ਵੀ ਨਹੀਂ ਨਹਾਏ। ਕਹਿੰਦਾ, ਹਾਏ-ਹਾਏ ਮੇਰਾ ਤਾਂ ਪ੍ਰਣ ਟੁੱਟ ਗਿਆ। ਬੜਾ ਮਾੜਾ ਕੰਮ ਹੋਇਆ, ਮੈਨੂੰ ਕੀ ਪਤਾ ਸੀ ਗੰਗਾ ਦੇ ਕਿਨਾਰੇ ਰਹਿ ਕੇ ਇਹ ਮਹਾਤਮਾ ਨਹਾਉਂਦਾ ਹੀ ਨਹੀਂ ਗੰਗਾ 'ਚ। ਸੋ ਮਹਾਤਮਾ ਦੀ ਮਹਿਮਾ ਨਹੀਂ ਜਾਣਦਾ। ਸਭ ਤੋਂ ਵੱਡਾ ਤੀਰਥ ਨਾਮ ਹੈ। ਸੋ ਉਸ ਵੇਲੇ ਰਾਤ ਹੋ ਚੁੱਕੀ ਸੀ, ਪਰ੍ਹੇ ਜਾ ਕੇ ਟਿੱਬੇ ਸੀਗੇ, ਉਥੇ ਜਾ ਕੇ ਪੈ ਗਿਆ, ਨੀਂਦ ਨਹੀਂ ਆਉਂਦੀ ਕਿ ਮੇਰਾ ਤਾਂ ਜ਼ਿੰਦਗੀ ਭਰ ਦਾ ਪ੍ਰਣ ਟੁੱਟ ਗਿਆ, ਕੀ ਦੇਖਦਾ ਹੈ ਤਿੰਨ ਪਰਛਾਵੇਂ ਜਿਹੇ ਕਾਲੇ ਰੰਗ ਦੇ ਕੋਲ ਦੀ ਲੰਘੇ ਜਾਂਦੇ ਨੇ, ਧਿਆਨ ਚਲਿਆ ਗਿਆ ਓਧਰ, ਦੇਖਣ ਲੱਗ ਗਿਆ ਓਧਰ ਕਿ ਸੰਤ ਜਿਥੇ ਨਾਹੁੰਦੇ ਨੇ, ਸੰਗਤ ਨਾਹੁੰਦੀ ਹੈ, ਜਿਹੜਾ ਟੋਆ ਜਿਹਾ ਹੈ ਜਿੱਥੇ ਪਾਣੀ ਆ ਕੇ ਠਹਿਰਦਾ ਹੈ, ਉਹਦੇ ਵਿਚ ਮਲ-ਮਲ ਨਾਹੁੰਦੇ ਨੇ। ਚੰਦ ਦੀ ਪੂਰਨਮਾਸ਼ੀ ਦਾ ਚਾਨਣਾ ਹੈ, ਸਾਰੀ ਕਿਰਿਆ ਦੇਖ ਕੇ ਜਦੋਂ ਕੋਲ ਦੀ ਲੰਘੇ, ਕੀ ਦੇਖਦਾ ਹੈ ਕਿ ਗਏ ਕਿ ਗਏ ਤਾਂ ਕਾਲੇ ਸੀ ਹੁਣ ਮੁੜਦੇ ਹੋਏ, ਸਾਰੇ ਦੇ ਸਾਰੇ ਚਿੱਟੇ ਹੋ ਕੇ ਆ ਗਏ। ਆਵਾਜ਼ ਦੇ ਦਿਤੀ ਕਿ ਓ ਭਾਈਓ! ਸਾਨੂੰ ਗੱਲ ਦੱਸ ਕੇ ਜਾਓ। ਜਦੋਂ ਤੁਸੀਂ ਗਏ ਸੀ ਕਾਲੇ ਸੀ, ਹੁਣ ਤੁਸੀਂ ਚਿੱਟੇ ਹੋ ਕੇ ਆਏ, ਗੰਦੇ ਪਾਣੀ 'ਚ ਨਾਹ ਕੇ ਤੁਸੀਂ ਚਿੱਟੇ ਹੋ ਗਏ? ਉਹ ਕਹਿੰਦੇ, ਪ੍ਰੇਮੀਆ! ਜਿਹਨੂੰ ਤੂੰ ਗੰਦਾ ਪਾਣੀ ਕਹਿੰਦਾ ਹੈ ਉਹ ਤਾਂ ਸਾਰੇ ਸਰੋਵਰਾਂ ਦੇ ਨਾਲੋਂ ਸ਼ਰੋਮਣੀ ਹੈ, ਉਥੇ ਪ੍ਰਮੇਸ਼ਰ ਦਾ ਪਿਆਰਾ ਇਸ਼ਨਾਨ ਕਰਦਾ ਹੈ, ਉਹਦਾ ਛੂਹਿਆ ਹੋਇਆ ਜਲ ਉਹਦੇ ਵਿਚ ਆਉਂਦਾ ਹੈ।

ਕਹਿੰਦਾ, ਤੁਸੀਂ ਕੌਣ ਹੋਂ?

ਉਹ ਕਹਿੰਦੇ, ਅਸੀਂ ਦੇਵਤੇ ਹਾਂ, ਗੰਗਾ, ਜਮੁਨਾ, ਸੁਰਸਤੀ ਸਾਡੇ ਅੰਦਰ ਤੇਰੇ ਵਰਗੇ ਆ ਕੇ ਨਹਾ ਜਾਂਦੇ ਨੇ, ਮੈਲਾਂ ਹੀ ਮੈਲਾਂ ਛੱਡ ਜਾਂਦੇ ਨੇ ਤੇ ਸਾਡੀ ਪਵਿੱਤਰਤਾ ਹੁੰਦੀ ਹੈ ਤਾਂ ਜੇ ਸਾਧੂ ਆ ਕੇ ਇਸ਼ਨਾਨ ਕਰਨ, ਜੇ ਨਾ ਕਰਨ ਤਾਂ ਅਸੀਂ ਉਦਮ ਕਰਦੇ ਹਾਂ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***

***ਅੰਗ - ੧੨੬੩***

ਸਾਧੂ ਦੀ ਧੂੜ ਵਿਚ ਇਸ਼ਨਾਨ ਕਰਨ ਲਈ ਉਦਮ ਕਰਕੇ ਜਾਂਦੇ ਹਾਂ। ਕਿਉਂ ਜਾਂਦੇ ਹਾਂ? ਕਿਉਂਕਿ -

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ - ੧੨੬੩***

ਸੋ ਕਲਜੁਗ ਦੇ ਤੀਰਥ ਜਿੰਨੇ ਵੀ ਸੀਗੇ, ਪਾਪ ਦਾ

ਐਨਾ ਪਸਾਰਾ ਹੋ ਗਿਆ, ਨਾਮ ਅਲੋਪ ਹੋ ਗਿਆ, ਰਿਹਾ ਹੀ ਨਾ, ਸੱਚ ਉਡ ਗਿਆ ਮਹਾਰਾਜ ਕਹਿੰਦੇ –

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥*** ***ਅੰਗ – ੧੪੫***

ਸੱਚ ਉਡ ਗਿਆ। ਐਸਾ ਹਾਲ ਹੋ ਗਿਆ ਹੁਣ ਕਿਹੜਾ ਹੈ ਜਿਹੜਾ ਤੀਰਥ ਪਵਿੱਤਰ ਕਰੇਗਾ। ਓਸ ਵੇਲੇ ਗੁਰੂ ਮਹਾਰਾਜ ਨੇ ਕਲਜੁਗ ਵਿਚ ਜਿਹੜਾ ਤੀਰਥ ਪ੍ਰਗਟ ਹੋਣਾ ਸੀ ਜਿਸਨੂੰ ਅਸੀਂ ਅੰਮ੍ਰਿਤਸਰ ਦੇ ਨਾਮ ਨਾਲ ਤਸ਼ਵੀਹ ਦਿੰਦੇ ਹਾਂ। ਅੰਮ੍ਰਿਤ ਸਰੋਵਰ ਕਹਿੰਦੇ ਹਾਂ, ਉਥੇ ਗੁਰੂ ਮਹਾਰਾਜ ਕ੍ਰਿਆ ਕਰ ਰਹੇ ਨੇ, ਦੇਖ ਰਹੇ ਨੇ ਕਿ ਕਿੱਥੇ ਹੋਇਆ ਤੀਰਥ। ਉਸ ਵੇਲੇ ਇਕ ਬੀਬੀ ਜਿਹਦਾ ਨਾਮ ਰਜਨੀ ਸੀ ਉਹ ਆਪਣੇ ਪਿੰਗਲੇ ਪਤੀ ਦੀ ਖਾਰੀ ਸਿਰ ਤੇ ਚੁੱਕੀ ਫਿਰਦੀ ਸੀ। ਅੱਜਕਲ੍ਹ ਤਾਂ ਜ਼ਮਾਨਾ ਹੀ ਬਦਲ ਗਿਆ, ਹੁਣ ਤਾਂ ਪਤਾ ਹੀ ਨਹੀਂ ਕਿ ਪਤੀਵਰਤਾ ਕੀ ਹੁੰਦਾ ਹੈ। ਇਸੇ ਕਰਕੇ ਕਲਜੁਗ ਭ੍ਰਿਸ਼ਟ ਯੁੱਗ ਬਣ ਗਿਆ। ਨਾ ਕਿਸੇ ਦਾ 'ਨਾਮ' ਚੱਲੇ, ਸਾਰੇ ਪਾਪ ਦਾ ਪਸਾਰਾ ਹੋਇਆ ਪਿਆ ਹੈ, ਲੇਕਿਨ ਉਹ ਸਤਿ ਸੀ ਫੇਰ ਵੀ। ਸਤਵੰਤੀਆਂ ਬੀਬੀਆਂ ਸੀ, ਪਿੰਗਲੇ ਨਾਲ ਵਿਆਹ ਦਿਤੀ। ਕਹਿੰਦੀ ਕਿ ਮੇਰੇ ਭਾਗਾਂ ਵਿਚ ਇਹੀ ਮੇਰਾ ਵਾਹਿਗੁਰੂ ਸੀਗਾ। ਮੇਰਾ ਪ੍ਰਭੂ ਹੈ ਪਿੰਗਲਾ ਨਹੀਂ ਹੈ, ਉਹਦੀ ਸੇਵਾ ਕਰਦੀ ਹਾਂ, ਮੈਨੂੰ ਸੇਵਾ ਤੇ ਲਾ ਦਿਤਾ, ਮੇਰੇ ਉਤੇ ਤਾਂ ਪ੍ਰਮੇਸ਼ਰ ਦਿਆਲ ਹੋਇਆ ਹੈ ਕਿ ਮੈਂ ਦਿਨ ਰਾਤ ਇਹਦੀ ਸੇਵਾ ਕਰਦੀ ਹਾਂ, ਨਹੀਂ ਤਾਂ ਇਹਨੇ ਕਮਾਉਣਾ ਸੀ ਮੈਂ ਖਾਣਾ ਸੀ। ਮੈਂ ਇਹਦੇ ਤੇ ਵਜ਼ਨ ਬਣਨਾ ਸੀ, ਪਰ ਹੁਣ ਮੈਨੂੰ ਮੌਕਾ ਮਿਲ ਗਿਆ। ਦਿਨੇ ਜਾਂਦੀ ਹੈ ਪਿੰਡ ਦੇ ਵਿਚ, ਪ੍ਰਸ਼ਾਦੇ ਲੈ ਕੇ ਆਉਂਦੀ ਹੈ, ਆਪ ਦੇ ਵਾਸਤੇ ਉਹਦੇ ਵਾਸਤੇ, ਉਹਨੂੰ ਕਿਸੇ ਸੁਰਖਸ਼ਿਤ ਥਾਂ ਛਾਵੇਂ ਜਿਥੇ ਧੁੱਪ ਨਾ ਆਵੇ, ਉਹਦੇ ਮੁੜਦੀ ਤੱਕ ਐਸਾ ਹਿਸਾਬ ਲਾ ਕੇ ਰੱਖ ਕੇ ਜਾਂਦੀ ਹੈ ਤੇ ਪ੍ਰਸ਼ਾਦਾ ਲਿਆਉਂਦੀ ਹੈ ਪਹਿਲਾਂ ਉਹਨੂੰ ਛਕਾਉਂਦੀ ਹੈ, ਫੇਰ ਆਪ ਛਕਦੀ ਹੈ। ਇਸ਼ਨਾਨ ਕਰਾਉਂਦੀ ਹੈ, ਜ਼ਖਮ ਸਾਫ ਕਰਦੀ ਹੈ ਤੇ ਖੁਸ਼ ਹੈ ਕਿ ਮੈਨੂੰ ਪ੍ਰਮੇਸ਼ਰ ਨੇ ਸੇਵਾ ਕਰਨ ਦਾ ਬਲ ਦੇ ਦਿਤਾ। ਮੇਰਾ ਪ੍ਰਭੂ ਐਸ ਰੂਪ ਵਿਚ ਆ ਗਿਆ। ਮੈਨੂੰ ਹੋਰ ਪ੍ਰਭੂ ਦੀ ਲੋੜ ਨਹੀਂ ਹੈ। ਜੋ ਪਤੀਵਰਤਾ ਇਸਤਰੀ ਹੈ ਉਹਨੂੰ ਕਿਸੇ ਹੋਰ ਰੱਬ ਦੀ ਲੋੜ ਨਹੀਂ ਹੋਇਆ ਕਰਦੀ, ਉਹਦਾ ਪਤੀ ਹੀ ਪ੍ਰਮੇਸ਼ਰ ਹੋਇਆ ਕਰਦਾ ਹੈ।

ਸੋ ਉਥੇ ਆਈ, ਉਥੇ ਆ ਕੇ ਉਥੇ ਛੋਟੀ ਜਿਹੀ ਛਪੜੀ ਹੈ, ਉਹਦੇ ਕੰਢੇ ਰੱਖ ਦਿਤਾ, ਕਹਿਣ ਲੱਗੀ ਮਹਾਰਾਜ ਮੈਂ ਪ੍ਰਸ਼ਾਦਾ ਲੈ ਕੇ ਆਉਂਦੀ ਹਾਂ ਤੇ ਐਥੇ ਜਲ ਵੀ ਹੈਗਾ, ਇਥੇ ਰੌਣਕ ਵੀ ਹੈ, ਔਹ ਸਾਮ੍ਹਣੇ ਗੁਰਸਿੱਖ ਸੇਵਾ ਕਰ ਰਹੇ ਨੇ ਨੇੜੇ, ਇਥੇ ਜੰਗਲੀ ਜਾਨਵਰ ਦਾ ਕੋਈ ਡਰ ਵੀ ਨਹੀਂ ਹੈ, ਕਿਉਂਕਿ ਜੰਗਲ ਹੀ ਜੰਗਲ ਪਿਆ ਸੀ। ਆਪ ਪਿੰਡ ਵਿਚ ਚਲੀ ਜਾਂਦੀ ਹੈ।

ਇਧਰਲੇ ਪਾਸੇ ਕੀ ਘਟਨਾ ਵਾਪਰਦੀ ਹੈ ਕਿ ਕੁਝ ਕਾਂ ਆਉਂਦੇ ਨੇ ਉਹ ਪਾਣੀ ਦੇ ਵਿਚ ਟੁੱਭੀ ਲਾਉਂਦੇ ਨੇ, ਉਹ ਸਫੇਦ ਰੰਗ ਦੇ ਹੋ ਗਏ। ਇਹਦੇ ਮਨ ਵਿਚ ਪ੍ਰੇਰਨਾ ਆਈ ਕਿ ਮੈਂ ਵੀ ਦੇਖਾਂ। ਕੋਈ ਘੜੀ ਐਸੀ ਹੁੰਦੀ ਹੈ, ਹਮੇਸ਼ਾਂ ਤਾਂ ਹੁੰਦਾ ਨਹੀਂ ਹੈ। ਐਸਾ ਮਹਾਂਪੁਰਸ਼ਾਂ ਦਾ ਮਤ ਹੈ ਕਿ 24 ਘੰਟੇ ਦੇ ਅੰਦਰ, ਹਰ ਬੰਦੇ ਤੇ ਇਕ ਸੈਂਤ ਆਉਂਦੀ ਹੈ ਚਾਹੇ ਦੋ ਸੈਕਿੰਡ ਦੀ, ਚਾਹੇ ਇਕ ਦੀ ਓਸ ਵੇਲੇ ਉਹ ਜਿਹੜਾ ਕੁਛ ਮੰਗ ਲਵੇ, ਉਹ ਉਸੇ ਵੇਲੇ ਪੂਰਾ ਹੋ ਜਾਂਦਾ ਹੈ। ਉਸ ਵੇਲੇ ਉਹਨੇ ਕਿਹਾ ਕਿ ਇਹ ਤਾਂ ਕੋਈ ਸੈਂਤ, ਕੋਈ ਘੜੀ ਆ ਚੁੱਕੀ ਹੈ, ਮੈਂ ਵੀ ਕਿਉਂ ਨਾ ਇਸ਼ਨਾਨ ਕਰ ਲਵਾਂ। ਰੁੜ੍ਹਦਾ-ਰੁੜ੍ਹਦਾ ਇਸ਼ਨਾਨ ਕਰਨ ਲੱਗਿਆ, ਹੱਥ ਬਾਹਰ ਪਾ ਲਿਆ ਤੇ ਜਦੋਂ ਚੁੱਭੀ ਮਾਰੀ ਪਾਣੀ ਦੇ ਅੰਦਰ, ਨਵਾਂ ਨਰੋਆ ਹੋ ਗਿਆ। ਸੁੰਦਰ ਸਰੀਰ ਹੋ ਗਿਆ ਉਸਦਾ ਤੇ ਬਹੁਤ ਖੁਸ਼ ਹੋਇਆ ਤੇ ਬਾਹਰ ਨਿਕਲ ਕੇ ਜੋ ਵਸਤਰ ਓਸਨੇ ਧੋ ਕੇ ਰੱਖੇ ਹੋਏ ਸੀ ਉਹ ਪਹਿਨ ਲਏ। ਬੈਠ ਗਿਆ, ਸੁੰਦਰ ਜਵਾਨ ਹੈ, ਬਹੁਤ ਸਜਿਆ ਧਜਿਆ ਲਗਦਾ ਹੈ, ਟੋਕਰੇ ਦੇ ਉਤੇ ਬਹਿ ਗਿਆ, ਉਹ ਬੀਬੀ ਆਉਂਦੀ ਹੈ, ਉਹਨੇ ਦੇਖਿਆ ਕਿ ਆਹ ਬੰਦਾ ਕੌਣ ਬੈਠ ਗਿਆ, ਉਹਦੀ ਥਾਂ ਤੇ? ਉਹਨੇ ਤਕਰਾਰ ਕਰਿਆ ਕਿ ਮੇਰਾ ਪਤੀ ਤੂੰ ਮਾਰ ਕੇ ਸੁੱਟ ਦਿਤਾ। ਉਹ ਕਹਿੰਦਾ, ਨਹੀਂ ਕਿ ਮੈਂ ਤਾਂ ਤੇਰਾ ਪਤੀ ਹੀ ਹਾਂ, ਆਪਾਂ ਫਲਾਣੇ-ਫਲਾਣੇ ਪਿੰਡ ਵਿਚ ਘੁੰਮਦੇ ਰਹੇ ਹਾਂ। ਰੌਲਾ ਸੁਣ ਕੇ ਗੁਰਸਿੱਖ ਆ ਗਏ, ਕਹਿੰਦੇ ਬੇਟਾ! ਕੀ ਰੌਲਾ ਹੈ। ਕਹਿੰਦੀ ਕਿ ਜਦੋਂ ਮੈਂ ਛੱਡ ਕੇ ਗਈ ਹਾਂ ਕਿ ਮੇਰਾ ਪਤੀ ਪਿੰਗਲਾ ਸੀ, ਕੋਹੜ ਦਾ ਰੋਗੀ ਸੀ ਤੇ ਜਦੋਂ ਮੈਂ ਵਾਪਸ ਆਈ ਹਾਂ ਇਹ ਤੰਦਰੁਸਤ ਬੈਠਾ ਹੈ। ਗੁਰੂ ਮਹਾਰਾਜ ਦੇ ਪੇਸ਼ ਹੋ ਗਈ ਗੱਲ। ਮਹਾਰਾਜ ਸਾਰੀ ਸੰਗਤ ਨੂੰ ਲੈ ਆਏ ਉਥੇ, ਮਹਾਰਾਜ ਤਾਂ ਜਾਣੀ ਜਾਣ ਸੀ, ਪਤਾ ਸੀ। ਲੇਕਿਨ ਐਡੀ ਗੱਲ ਹੋਣ ਤੋਂ ਬਗੈਰ ਸੰਸਾਰ ਦਾ ਨਿਸ਼ਚਾ ਨਹੀਂ ਸੀ ਬੱਝਣਾ, ਗੁਰੂ ਸਾਹਿਬ ਦੀ ਗੱਲ ਤੇ।

ਜਿਵੇਂ ਗੁਰੂ ਮਹਾਰਾਜ ਕਹਿੰਦੇ ਨੇ ਕਿ ਤੇਰੇ ਅੰਦਰ ਬਾਹਰ ਸਾਰੇ ਪ੍ਰਮੇਸ਼ਰ ਹੈ ਅਸੀਂ ਮੰਨਦੇ ਹਾਂ? ਅਸੀਂ ਤਾਂ ਭੁੱਲ ਹੀ ਜਾਂਦੇ ਹਾਂ ਗੱਲ, ਦਿਮਾਗ 'ਚ ਹੀ ਨਹੀਂ ਆਉਂਦੀ ਕਿਉਂਕਿ ਅੰਦਰੋਂ ਨਹੀਂ ਮੰਨਦੇ ਅਸੀਂ। ਵੱਡੀ ਗੱਲ ਹੋ ਜਾਏ ਫੇਰ ਮੰਨਦੇ ਹਾਂ, ਕਈ ਵਾਰ ਫੇਰ ਵੀ ਨਹੀਂ ਮੰਨਦੇ।

ਆਹ ਰਤਵਾੜਾ ਸਾਹਿਬ ਦੀ ਧਰਤੀ ਤੇ ਜਿੱਥੇ ਆਪਾਂ

ੇਂ ਅੱਜ ਬੈਠੇ ਹਾਂ, ਜਿਸ ਵਕਤ ਇਹ ਜੰਗਲ ਸੀ ਉਸ ਵੇਲੇ ਇਕ ਟਰੈਕਟਰ ਵਾਲਾ ਮੇਰੇ ਕੋਲ ਆਇਆ ਕਿ ਜੀ, ਮੈਂ ਟਰੈਕਟਰ ਕਢਾ ਲਿਆ ਸੀ, ਅਸੀਂ ਉਸ ਦੀ ਤਾਕਤ ਮਾਪਣੀ ਹੈ ਕਿ ਕਿੰਨਾ ਕੁ ਜ਼ੋਰ ਦੇ ਕੇ ਚਲਾਈਏ, ਚੱਲ ਸਕੇ। ਮੈਂ ਕਿਹਾ ਮੈਨੂੰ ਤਾਂ ਪਤਾ ਨਹੀਂ ਉਥੇ ਸਰਕੜੇ ਹੈਗੇ, ਕਿੱਥੇ ਕੁ ਨੇ ਏਸ ਗੱਲ ਦਾ ਮੈਨੂੰ ਨਹੀਂ ਪਤਾ ਹੈ, ਕਹਿੰਦਾ ਜੀ ਮੈਂ ਤਾਂ 13 ਦਿਨਾਂ ਵਾਸਤੇ ਕਢਾ ਲਿਆ, ਮਸਤਗੜ੍ਹ ਤੋਂ ਪਰ੍ਹੇ ਦਾ ਸੀ ਪ੍ਰੇਮੀ। ਮੈਂ ਇਥੇ ਭਾਈ ਹਰਪਾਲ ਸਿੰਘ ਓਨ੍ਹਾਂ ਨੂੰ ਕਿਹਾ ਕਿ ਤੁਸੀਂ ਕੋਈ ਇਥੇ ਦੀ ਹੱਦਬੰਦੀ ਦਸ ਦਿਓ, ਓਧਰੋਂ ਇਹ ਅੰਦਾਜ਼ੇ ਨਾਲ ਪੁੱਟੀ ਜਾਣਗੇ। ਇਥੇ ਜਦੋਂ ਆਏ, ਆਹ ਛੋਟਾ ਰਸਤਾ ਸੀ, ਜਿੱਥੇ ਹੁਣ ਆਹ ਸੜਕ ਬਣੀ ਹੋਈ ਹੈ। ਇਨ੍ਹਾਂ ਨਾਲ ਨੰਬਰਦਾਰ ਰਾਮ ਸਿੰਘ ਸੀ, ਕਹਿੰਦੇ ਬਾਬਾ ਜੀ ਨੇ ਤਾਂ ਨਿਸ਼ਾਨ ਸਾਹਿਬ ਵੀ ਲਾ ਦਿਤਾ। ਆਹ ਜਿੱਥੇ ਨਿਸ਼ਾਨ ਸਾਹਿਬ ਹੈ ਕੀ ਦੇਖਦੇ ਨੇ ਇਥੇ ਇਕ ਲਾਈਟ ਦਾ ਗੋਲਾ ਖੜ੍ਹਾ ਹੈ, ਚਾਨਣਾ ਹੋਇਆ ਹੋਇਆ ਹੈ, ਜਦੋਂ ਨੇੜੇ ਆ ਗਏ ਤਾਂ ਚਾਨਣਾ ਹਟ ਗਿਆ। ਪਟਵਾਰੀ ਮਿਲੇ ਨਾ, ਦੂਜੇ ਦਿਨ ਫੇਰ ਤੁਰ ਪਏ ਇਸੇ ਰਸਤੇ, ਕਹਿੰਦੇ ਗੋਲਾ ਖੜ੍ਹਾ ਹੈ ਲਾਈਟ ਦਾ। ਮੱਥਾ ਇਨ੍ਹਾਂ ਨੇ ਟੇਕਿਆ ਉਸ ਤੋਂ ਬਾਅਦ ਤੀਸਰੇ ਦਿਨ ਕਹਿਣ ਲੱਗੇ ਕਿ ਦੋ ਦਿਨ ਤਾਂ ਦਿਸਦਾ ਰਿਹਾ, ਅੱਜ ਅਰਦਾਸ ਕਰੀਏ, ਅਰਦਾਸ ਕਰੀ ਉਹ ਫੇਰ ਦਿਸਣ ਲਗ ਗਿਆ। ਫੇਰ ਇਕ ਪ੍ਰੇਮੀ ਸੀ ਇਥੇ ਕਹਿਣ ਲੱਗਿਆ ਇਹ ਤਾਂ ਐਵੇਂ ਕਹੀ ਜਾਂਦੇ ਨੇ, ਅਸੀਂ ਰੋਜ਼ ਉਥੇ ਰਹਿੰਦੇ ਹਾਂ ਸਾਨੂੰ ਤਾਂ ਦਿਸਿਆ, ਉਹ ਪਾਣੀ ਲਾਉਂਦਾ ਸੀ, ਉਹ ਗੋਲਾ ਉਹਦੇ ਪਿੱਛੇ ਪੈ ਗਿਆ। ਉਹ ਗੱਲ ਸਾਰਿਆਂ ਦੇ ਸਾਮ੍ਹਣੇ ਹੋਈ ਹੈ, ਕੋਈ ਬੰਦਾ ਨਹੀਂ ਮੰਨਣ ਨੂੰ ਤਿਆਰ। ਕਹਿੰਦੇ ਨੇ ਹੋ ਸਕਦਾ ਹੈ ਉਨ੍ਹਾਂ ਦੀ ਨਿਗ੍ਹਾ 'ਚ ਕੋਈ ਫਰਕ ਪੈ ਗਿਆ ਹੋਵੇ।

ਸੋ ਬੰਦੇ ਦੇਖ ਕੇ ਵੀ ਨਹੀਂ ਮੰਨਿਆ ਕਰਦੇ, ਬੜੀਆਂ ਗੱਲਾਂ ਹੋਈਆਂ ਨੇ, ਦੇਖ ਕੇ ਵੀ ਨਹੀਂ ਮੰਨਦੇ। ਕਿਉਂਕਿ ਸਾਡਾ ਨਿਸ਼ਚਾ ਐਸਾ ਹੀ ਹੈ। ਗੁਰੂ ਮਹਾਰਾਜ ਨੇ ਐਡਾ ਕੌਤਕ ਨਾ ਵਰਤਦਾ, ਚੌਧਰੀ ਰਾਜੇ ਦੀ ਲੜਕੀ ਸੀ ਪੱਟੀ ਵਾਲੇ ਦੀ, ਸਾਰੀ ਦੁਨੀਆਂ 'ਚ ਮਸ਼ਹੂਰ ਸੀ, ਇਕੱਲੇ-ਇੱਕਲੇ ਪਿੰਡ ਘੁੰਮ ਆਈ ਸੀ, ਟੋਕਰਾ 'ਚ ਲੈ ਕੇ, ਸਾਰੇ ਉਸ ਨਾਲ ਹਮਦਰਦੀ ਰੱਖਦੇ ਸੀ ਤੇ ਜਿਸ ਵਕਤ ਉਥੇ ਆਏ ਇਕੱਠ ਹੋ ਗਿਆ, ਗੱਲਾਂ ਦੂਰ ਤੱਕ ਫੈਲ ਗਈਆਂ। ਜਦੋਂ ਫੇਰ ਮਹਾਰਾਜ ਜੀ ਨੇ ਕਿਹਾ ਕਿ ਬੇਟਾ! ਇਹ ਤੇਰਾ ਹੀ ਪਤੀ ਹੈ, ਕਹਿੰਦੇ ਤੂੰ ਬਹੁਤ ਚੰਗਾ ਕਰਿਆ, ਕਲਜੁਗ ਦੇ ਪਾਪੀ ਬੰਦਿਆਂ ਦੇ ਉਧਾਰ ਵਾਸਤੇ ਤੂੰ ਤੀਰਥ ਪ੍ਰਗਟ ਕਰ ਦਿਤਾ, ਇਹਦੀ ਪਵਿੱਤਰਤਾ ਸਦਾ ਬਣੀ ਰਹਿਣੀ ਹੈ ਕਿਉਂਕਿ ਇਹਦੇ ਅੰਦਰ ਨਾਮ ਦਾ ਜਾਪ ਹੋਣਾ ਹੈ। ਇਹਦੇ ਅੰਦਰ ਹਰੀ ਦਾ ਕੀਰਤਨ ਹੋਣਾ ਹੈ, ਇਹਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪਾਠ ਹੋਣੇ ਨੇ, ਇਥੇ ਬੇਅੰਤ ਸਾਧੂ, ਸੰਤਾਂ, ਮਹਾਤਮਾਵਾਂ ਨੇ ਇਸ਼ਨਾਨ ਕਰਨ ਆਉਣਾ ਹੈ। ਸੋ ਇਹ ਤੀਰਥ ਪਵਿੱਤਰ ਬਣਿਆ ਰਹੇਗਾ, ਕਲਜੁਗ ਦੇ ਜੀਵਾਂ ਦਾ ਉਧਾਰ ਕਰਨ ਵਾਸਤੇ। ਉਹ ਤੀਰਥ ਵੀ ਅੱਜ ਵਿਸਾਖੀ ਵਾਲੇ ਦਿਨ ਪ੍ਰਗਟ ਹੋਇਆ ਸਾਧਸੰਗਤ ਜੀ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਤੀਜੇ ਪਾਤਸ਼ਾਹ ਬਉਲੀ ਦਾ ਕੜ ਨਹੀਂ ਸੀ ਟੁੱਟਦਾ, ਜਦੋਂ ਕੜ ਟੁੱਟਿਆ, ਉਹ ਵੀ ਅੱਜ ਦੇ ਦਿਨ ਹੀ ਟੁੱਟਿਆ। ਪਹਿਲਾਂ ਕਦਮ ਸੀ ਉਹ ਕਿ ਜਾਤ ਪਾਤ ਜਿਹੜੀ ਘੇਰੀ ਬੈਠੀ ਹੈ ਆਦਮੀ ਨੂੰ, ਇਸ ਤੋਂ ਬੰਦੇ ਨੂੰ ਆਜ਼ਾਦ ਕਰ ਦਿਤਾ ਜਾਵੇ। ਉਚਾ ਕਰ ਦਿਤਾ ਜਾਵੇ ਇਹ ਕਮ-ਸ-ਕਮ ਇਕੱਠਾ ਨਹੀਂ ਹੋ ਸਕਦਾ ਤਾਂ ਦੋ ਕੰਮ ਤਾਂ ਕਰ ਲਵੇ, ਇਕ ਤਾਂ ਇਹ ਹੈ ਕਿ ਇਸ਼ਨਾਨ ਇਹ ਇਕੱਠੇ ਹੋ ਕੇ ਕਰ ਲੈਣ, ਐਉਂ ਨਾ ਸਮਝਣ ਕਿ ਫਲਾਣਾ ਨਹਾ ਕੇ ਗਿਆ ਹੈ ਮੈਂ ਭਿੱਟਿਆ ਗਿਆ। ਬਉਲੀ ਦੀ ਐਨੀ ਪਵਿੱਤਰਤਾ ਕਰ ਦਿਤੀ ਕਿ ਇਹਦੇ ਵਿਚ ਇਸ਼ਨਾਨ ਕਰੋ। ਦੂਸਰਾ ਗੁਰੂ ਮਹਾਰਾਜ ਨੇ ਪੰਗਤ ਲਵਾਉਣ ਦਾ ਰਿਵਾਜ ਪਾਇਆ ਕਿ ਇਕ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕੋ, ਕਿਉਂਕਿ ਇਹ ਬੜਾ ਮਸਲਾ ਸੀ ਜ਼ਬਰਦਸਤ।

ਭਗਤ ਰਵਿਦਾਸ ਜੀ ਨੂੰ ਰਾਣੀ ਝਾਲੀ ਲੈ ਗਈ ਚਿਤੌੜਗੜ੍ਹ ਦੇ ਅੰਦਰ, ਉਥੇ ਰਵਿਦਾਸ ਜੀ ਨੂੰ ਪਹਿਲਾਂ, ਕਿਉਂਕਿ ਗੁਰੂ ਸੀ, ਗੁਰੂ ਨੂੰ ਭੋਗ ਲਵਾਏ ਬਿਨਾਂ ਲੰਗਰ ਨਹੀਂ ਵਰਤਦਾ ਹੁੰਦਾ। ਬ੍ਰਾਹਮਣ ਨੇ ਇਤਰਾਜ਼ ਕਰ ਦਿਤਾ ਕਿ ਇਹ ਚਮਾਰ ਹੈ, ਅਸੀਂ ਨਹੀਂ ਇਹਦਾ ਭੋਗ ਲੱਗਿਆ ਖਾਣਾ, ਜਿਹੜਾ ਭੰਡਾਰਾ ਰਾਣੀ ਘਰ ਰਹੀ ਹੈ ਅਸੀਂ ਇਹਦੇ ਵਿਚ ਸ਼ਾਮਿਲ ਨਹੀਂ ਹੋਣਾ। ਬਥੇਰਾ ਕਿਹਾ ਕਿ ਤੁਹਾਨੂੰ ਦੱਛਣਾ ਦੀ ਲੋੜ ਹੈ, ਅਸੀਂ ਦੁੱਗਣੀ ਤੀਗਣੀ ਕਰ ਦਿੰਦੇ ਹਾਂ, ਮੋਹਰਾਂ ਦੇਵਾਂਗੇ, ਦੁਸ਼ਾਲੇ ਦੇਵਾਂਗੇ ਕਹਿੰਦੇ ਨਹੀਂ ਇਹ ਤਾਂ ਗੱਲ ਅਸੀਂ ਮੰਨਣੀ ਹੀ ਨਹੀਂ। ਰਵਿਦਾਸ ਜੀ ਨੇ ਕਿਹਾ ਕਿ ਬੇਟਾ, ਜਾਤ ਪਾਤ ਦਾ ਐਨਾ ਜ਼ੋਰ ਹੈ ਕਿ ਇਹ ਸੱਚੇ ਨੂੰ ਲਕੋਈ ਬੈਠਾ ਹੈ ਤੇ ਤੁਸੀਂ ਫਿਕਰ ਨਾ ਕਰੋ, ਅਸੀਂ ਬਾਹਰ ਬੈਠ ਜਾਂਦੇ ਹਾਂ ਤੇ ਤੁਸੀਂ ਇਹ ਕੰਮ ਕਰੋ, ਇਨ੍ਹਾਂ ਨੂੰ ਪ੍ਰਸ਼ਾਦ ਪਾਣੀ ਛਕਾ ਦਿਓ, ਬਾਅਦ ਵਿਚ ਮੈਂ ਛਕ ਲਵਾਂਗਾ, ਤੁਹਾਨੂੰ ਕੋਈ ਦੋਸ਼ ਨਹੀਂ ਲਗਣਾ।

ਰਵਿਦਾਸ ਜੀ ਇਕ ਪਾਸੇ ਹੋ ਕੇ ਬਹਿ ਗਏ, ਉਸ ਤੋਂ ਬਾਅਦ ਉਨ੍ਹਾਂ ਨੇ ਮਨਜ਼ੂਰ ਕਰ ਲਿਆ ਕਿ ਹੁਣ ਅਸੀਂ ਛਕ ਲਵਾਂਗੇ ਬ੍ਰਹਮਭੋਜ। ਜਦੋਂ ਵਰਤਾਉਣ ਲੱਗੇ ਤਾਂ ਹੈਰਾਨ ਹੋ ਗਏ ਕਿ ਹੱਥ ਪਾਇਆ ਤੇ ਨਾਲ ਹੀ ਰਵਿਦਾਸ ਜੀ ਦਾ ਹੱਥ। ਉਹ ਆਲੇ ਦੁਆਲੇ ਦੇਖਦਾ ਹੈ ਕਿ ਮੈਨੂੰ ਤਾਂ

ਸਾਰਿਆਂ ਨੇ ਦੇਖ ਲਿਆ ਕਿ ਰਵਿਦਾਸ ਜੀ ਨਾਲ ਬੈਠੇ ਨੇ। ਹੁਣ ਰੋਟੀ ਨਹੀਂ ਖਾਂਦਾ। ਪਰਲੇ ਵਲ ਦੇਖਿਆ ਉਹ ਵੀ ਨਹੀਂ ਖਾਂਦਾ। ਕਿਉਂਕਿ ਹੱਥ ਲਾਇਆ ਹੋਇਆ ਹੈ ਪਦਾਰਥਾਂ ਨੂੰ ਕੋਈ ਮੂੰਹ ਵਿਚ ਨਹੀਂ ਪਾ ਰਿਹਾ। ਅਖੀਰ ਪੁਛਿਆ ਉਨ੍ਹਾਂ ਨੇ ਕਿ ਪ੍ਰਸ਼ਾਦਾ ਕਿਉਂ ਨਹੀਂ ਛਕਦੇ? ਕਹਿੰਦੇ, ਅਸੀਂ ਛਕੀਏ ਕਿਵੇਂ ਰਵਿਦਾਸ ਤਾਂ ਮੇਰੇ ਨਾਲ ਆ ਕੇ ਬੈਠ ਗਿਆ। ਦੂਜੇ ਨੂੰ ਪੁਛਿਆ ਤਾਂ ਉਹਨੇ ਕਿਹਾ ਮੇਰੇ ਨਾਲ ਖਾਂਦਾ ਹੈ। ਚੌਥੇ, ਪੰਜਵੇਂ, ਦਸਵੇਂ ਸਭ ਇਹੀ ਕਹਿਣ। ਰਾਣੀ ਕਹਿਣ ਲੱਗੀ ਕਿ ਤੁਹਾਡੀ ਬੁੱਧੀ ਨੂੰ ਕੁਛ ਹੋ ਗਿਆ। ਰਵਿਦਾਸ ਜੀ ਤਾਂ ਅੰਦਰ ਬੈਠੇ ਨੇ। ਫੇਰ ਸਿਆਣਿਆਂ ਨੂੰ ਸੋਝੀ ਆ ਗਈ ਕਿ ਰੱਬ ਨਾਲ ਮੁਕਾਬਲਾ ਨਾ ਕਰੋ, ਆਪਣਾ ਕਲਜੁਗ ਦੇ ਵਿਚ ਤਾਂ ਹੀ ਨਿਰਾਦਰ ਹੋ ਗਿਆ। ਅਸੀਂ ਅਸਲੀਅਤ ਨੂੰ ਛੁਪਾ ਦਿਤਾ ਤੇ ਭੇਖ ਵਿਚ ਆ ਗਏ, ਗੱਲ ਸਮਝੇ ਨਹੀਂ ਹੈਗੇ।

ਮਨੁੱਖ ਦੀ ਜਾਤ ਕੀ ਹੈ ਸਾਧਸੰਗਤ ਜੀ। ਇਕ ਆਤਮਾ ਹੈ, ਆਤਮਾ ਹਉਮੈ ਦੇ ਅਸਰ ਦੇ ਅਧੀਨ ਇਕ ਵੱਖਰੀ, ਜਿਵੇਂ ਪਰਛਾਵਾਂ ਹੁੰਦਾ ਹੈ, ਮੈਂ ਸੱਚੀ ਮੰਨ ਲਈ ਤੇ ਜਿਹੜਾ ਅਸਲੀ ਮੈਂ ਉਹਨੂੰ ਭੁੱਲ ਗਏ ਅਸੀਂ। ਪੰਜ ਢੱਕਣ ਲੱਗੇ ਹੋਏ ਨੇ, ਪੰਜ ਪਰਦੇ ਅੰਦਰ। ਪੰਜਾਂ ਪਰਦਿਆਂ 'ਚ ਨੀਵੀਂ ਐਨੀ ਹੋ ਗਈ ਕਿ ਆਹ ਸਰੀਰ ਮੰਨ ਲਿਆ ਆਪਣੇ ਆਪ ਨੂੰ ਕਿ ਮੈਂ ਸਰੀਰ ਹਾਂ। ਮਹਾਰਾਜ ਕਹਿੰਦੇ, ਸਰੀਰ 'ਚ ਕੀ ਹੈ, ਅੱਖਾਂ 'ਚ ਤੇਰੇ ਮੈਲ ਪਈ ਹੈ, ਨੱਕ 'ਚ ਤੇਰੇ ਪਈ ਹੈ, ਭਰਿਆ ਪਿਆ ਹੈਂ ਤੂੰ ਗਾਰਵੇਜ ਬੈਗ ਹੈ।

*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ - ੩੭੪*

ਕਹਿੰਦੇ ਹੈ ਕੀ ਤੂੰ ਧਿਆਨ ਦੇ ਕੇ ਤਾਂ ਦੇਖ। ਐਥੇ ਇਕ ਤੇਰੇ ਨਾਲੋਂ ਵੀ ਵਧੀਆ ਇਕ ਮਨੁੱਖ ਦੀ ਤਸਵੀਰ ਲਿਆ ਦਿੰਦੇ ਹਾਂ, ਗੰਦ ਮੰਦ ਉਹਦੇ ਵਿਚ ਪਾ ਦਿੰਦੇ ਹਾਂ, ਹੱਥ ਲਾ ਕੇ ਦਿਖਾਈਂ ਤੂੰ। ਕਦੇ ਵੀ ਨਹੀਂ ਲਾਉਂਦੇ।

ਤੇਰੇ ਵਿਚ ਗੰਦ ਸਾਖਸ਼ਾਤ ਭਰਿਆ ਪਿਆ ਹੈ, ਕੋਈ ਇੰਦਰਾ ਐਸਾ ਨਹੀਂ, ਸਾਢੇ ਤਿੰਨ ਕਰੋੜ ਰੋਮਾਂ ਵਿਚੋਂ ਤੇਰੇ ਹਰ ਵਕਤ ਮੈਲ ਨਿਕਲਦੀ ਹੈ ਜਿਹੜਾ ਐਨਾ ਮੈਲਾ ਸਰੀਰ ਹੈ ਕਹਿੰਦੇ ਧੋਤੇ ਤੇ ਕਿਵੇਂ ਨਿਰਮਲ ਹੋ ਜਾਏਗਾ।

ਸੋ ਮਹਾਰਾਜ ਕਹਿੰਦੇ ਨੇ ਸਰੀਰ ਤੇਰਾ ਪਵਿੱਤਰ ਨਹੀਂ ਪਿਆਰਿਆ! -

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪*

ਜੇ ਤਾਂ ਤੂੰ ਬੁੱਝ ਗਿਆ ਆਤਮ ਤੱਤ ਨੂੰ, ਤਾਂ, ਤੇ ਤੂੰ ਪਾਕ। ਜੇ ਬੁੱਝਿਆ ਨਹੀਂ ਤਾਂ ਨਾਪਾਕ ਹੈਂ ਤੂੰ।

ਸੋ ਏਸ ਤਰ੍ਹਾਂ ਦੇ ਨਾਲ ਉਹ ਕਹਿਣ ਲੱਗੇ ਕਿ ਪਿਆਰਿਓ! ਜਦੋਂ ਰੱਬ ਨੂੰ ਇਹ ਗੱਲ ਭਾਉਂਦੀ ਹੈ, ਫੇਰ ਆਪਾਂ ਨੂੰ ਇਤਰਾਜ਼ ਨਹੀਂ ਕਰਨਾ ਚਾਹੀਦਾ। ਚੱਲੀਏ, ਰਵਿਦਾਸ ਜੀ ਦੇ ਕੋਲ ਤੇ ਜਾ ਕੇ ਬੇਨਤੀ ਕਰੀਏ ਕਿ ਮਹਾਰਾਜ! ਪਧਾਰੋ। ਆਪ ਤਖਤ ਤੇ ਬੈਠੋ ਤੇ ਅਸੀਂ ਪ੍ਰਸ਼ਾਦੇ ਛਕਾਂਗੇ। ਐਡੀ ਵੱਡੀ ਗੱਲ, ਐਨੀ ਗੱਲ ਦੇਖਣ ਤੋਂ ਬਾਅਦ ਵੀ ਜਾਤ-ਪਾਤ ਭਰਮ ਸਾਡਾ ਛੁਟਦਾ ਨਹੀਂ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਏਸ ਮਸਲੇ ਦੇ ਉਤੇ ਐਸਾ ਫੁਰਮਾਨ ਕਰਿਆ ਹੈ -

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***

ਮਹਾਰਾਜ ਕਹਿੰਦੇ ਨੇ ਕਿ ਕਿੰਨਾ ਭੁਲੇਖਾ ਪਿਆ ਹੈ, ਜਾਤਾਂ-ਪਾਤਾਂ ਦੇ ਵਿਚ ਵੰਡਿਆ ਪਿਆ ਹੈ ਮਨੁੱਖ। ਸੋ ਤੀਰਥ ਪ੍ਰਗਟ ਹੋ ਗਿਆ, ਜਾਤਾਂ ਕਮਜ਼ੋਰ ਪੈ ਗਈਆਂ। ਇਸ਼ਨਾਨ ਇਕ ਥਾਂ ਕਰਨਾ ਸ਼ੁਰੂ ਹੋ ਗਿਆ, ਪੰਗਤ ਲੱਗਣੀ ਸ਼ੁਰੂ ਹੋ ਗਈ, ਬਉਲੀ ਦਾ ਕੜ੍ਹ ਟੁੱਟ ਗਿਆ, ਰਜਨੀ ਤੇ ਰਾਹੀਂ ਤੀਰਥ ਪ੍ਰਗਟ ਹੋ ਗਿਆ ਅਤੇ ਗੁਰੂ ਅਠਵੇਂ ਪਾਤਸ਼ਾਹ ਜਦੋਂ ਸੰਸਾਰ ਤੋਂ ਅਲੋਪ ਹੋਣ ਲੱਗੇ ਸਰੀਰ ਤੌਰ ਤੇ, ਉਸ ਵੇਲੇ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਗੁਰੂ ਜਾਣ ਤੋਂ ਪਹਿਲਾਂ ਦੂਸਰੇ ਦੇ ਲੜ ਲਾਉਂਦੇ ਨੇ, ਬਹੁ-ਵਾਟਾਂ 'ਚ ਅਸੀਂ ਚੱਲ ਪਵਾਂਗੇ?

ਅਸੀਂ ਕਿਹਦੇ ਪਿੱਛੇ ਲੱਗਾਂਗੇ, ਕਹਿੰਦੇ ਬਾਬਾ ਬਕਾਲੇ। ਅੱਜ ਦੇ ਦਿਨ ਬੋਲੇ ਸੀ ਉਹ। ਗੁਰੂ ਤੇਗ ਬਹਾਦਰ ਵਾਸਤੇ। ਸੋ ਇਸੇ ਤਰ੍ਹਾਂ ਦੇ ਨਾਲ ਜੋ ਖਾਲਸੇ ਦਾ ਆਦਰਸ਼ ਪ੍ਰਗਟ ਕਰਿਆ, ਗੁਰੂ ਮਹਾਰਾਜ ਨੇ ਅੱਜ ਦੇ ਦਿਨ ਪ੍ਰਗਟ ਕਰਿਆ। ਬਾਕੀ ਰਾਜਸੀ ਗੱਲਾਂ ਤਾਂ ਬੇਅੰਤ ਹੀ ਹੁੰਦੀਆਂ ਨੇ। ਉਨ੍ਹਾਂ ਦੇ ਨਾਲ ਮੇਰਾ ਕੋਈ ਸਬੰਧ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਅੱਜ ਦਾ ਦਿਨ ਜੋ ਹੈ ਸਾਡੇ ਇਤਿਹਾਸ ਦੇ ਵਿਚ, ਸਾਡੇ ਨਾਲ ਖਾਸ ਕਰਕੇ ਸਬੰਧਿਤ ਹੈ। ਪ੍ਰਗਟ ਹੋਇਆ ਖਾਲਸਾ, ਇਕ ਆਦਰਸ਼ ਪ੍ਰਗਟ ਹੋਇਆ। ਰਹਿੰਦੀ ਦੁਨੀਆਂ ਤਕ ਇਸ ਆਦਰਸ਼ ਦੇ ਵਿਚੋਂ ਪ੍ਰਕਾਸ਼ ਮਿਲਣਾ ਹੈ। ਸੋ ਐਸੀ ਘਟਨਾ ਹੋਈ ਹੈ ਇਤਿਹਾਸ ਦੇ ਅੰਦਰ ਕਿ ਪਹਿਲਾਂ ਹੀ ਚਾਓ ਸ਼ੁਰੂ ਹੋ ਜਾਂਦੀ ਹੈ ਕਿ ਵਿਸਾਖੀ ਆ ਰਹੀ ਹੈ। ਉਹ ਸਾਡੇ ਅੰਦਰ vibration ਪੈਦਾ ਕਰਦੀ ਹੈ। ਜੀਵਨ ਨੂੰ ਉਤਸ਼ਾਹ ਬਖਸ਼ਦੀ ਹੈ। ਜੇ ਤਾਂ ਵਿਸਾਖੀ ਨੂੰ ਵੈਸੇ ਮਨਾ

ਲਓ ਕਿ ਚਲੋ ਜੀ ਵਿਸਾਖੀ ਹੈ, ਦੀਵਾਨ ਹੁੰਦਾ ਹੈ, ਫਾਇਦਾ ਤਾਂ ਇਹਦਾ ਵੀ ਹੈ, ਪਰ ਜੇ ਇਹ ਕਹੋ ਕਿ ਪਿਛਲੀ ਵਿਸਾਖੀ ’ਚ ਜਦੋਂ ਮਨਾਈ ਹੈ ਮੇਰਾ ਐਨਾ ਕੁ ਨਾਮ ਚਲਦਾ ਸੀ ਤੇ ਐਸ ਸਾਲ ਦੇ ਅੰਦਰ ਮੈਂ ਐਨੀ ਹੋਰ ਤਰੱਕੀ ਕਰ ਲਈ, ਮੇਰੇ ਅੰਦਰ ਆਹ ਔਗੁਣ ਘਟ ਗਏ।

ਮੇਰੇ ਕੋਲ ਇਥੇ ਪ੍ਰੇਮੀ ਹੁੰਦੀ, ਪਹਿਲਾਂ-ਪਹਿਲਾਂ ਅਸੀਂ ਸਲਾਹ ਕਰੀ ਕਿ ਇਕ character ਡਾਇਰੀ ਬਣਾ ਲਈਏ। ਉਹਦੇ ਉਤੇ ਸਾਰੇ ਔਗੁਣ ਲਿਖ ਲਓ, ਗੁਣਾਂ ਦੀ ਗੱਲ ਨਾ ਕਰੋ ਕਿਉਂਕਿ ਗੁਣਾਂ ਦਾ ਤਾਂ ਸਾਨੂੰ ਸੋਚਣਾ ਹੀ ਨਹੀਂ ਚਾਹੀਦਾ, ਔਗੁਣਾਂ ਤੋਂ ਅਸੀਂ ਜ਼ਰੂਰ ਡਰਦੇ ਹਾਂ। ਨੋਟ ਕਰ ਲਓ, ਰਾਤ ਨੂੰ ਰੋਜ਼ ਦੋ ਮਿੰਟ ਰੱਖ ਲਓ ਤੇ ਸੋਚੋ ਕਿ ਅੱਜ ਨਿੰਦਿਆ ਕਿੰਨੀ ਕਰੀ ਹੈ, ਚੁਗਲੀ ਕਿੰਨੀ ਕਰੀ ਹੈ, ਈਰਖਾ ਕਿੰਨੀ ਕਰੀ ਹੈ, ਧੋਖਾ ਕਿੰਨਾ ਦਿਤਾ ਹੈ, ਝੂਠ ਕਿੰਨਾ ਬੋਲੇ ਹਾਂ ਤੇ ਮਾੜੀਆਂ ਗੱਲਾਂ ਕਿੰਨੀਆਂ ਕੀਤੀਆਂ ਨੇ। ਉਹ ਟੋਟਲ ਬਣਾ ਲਿਆ ਕਰੋ ਮਹੀਨੇ ਤੋਂ ਬਾਅਦ। ਉਹ ਫੇਰ ਆਪਾਂ ਬੈਠ ਕੇ ਵਿਚਾਰ ਕਰਿਆ ਕਰਾਂਗੇ ਕਿ ਆਹ ਬਿਮਾਰੀ ਵਧ ਚਲੀ, ਜਦੋਂ ਬਿਮਾਰੀਆਂ ਦਾ ਪਤਾ ਲਗ ਗਿਆ ਫੇਰ ਆਪਾਂ ਬਚਣ ਵੀ ਲਗ ਜਾਵਾਂਗੇ। ਉਹ ਚਰਿੱਤਰ ਦੀ ਚੈਕਿੰਗ ਹੁੰਦੀ ਹੈ ਕਿ ਮੈਂ ਕਿੱਥੇ ਚੱਲ ਰਿਹਾ ਹਾਂ।

ਇਸੇ ਤਰ੍ਹਾਂ ਦੇ ਨਾਲ ਕੌਮ ਜਿਹੜੀ ਹੁੰਦੀ ਹੈ, ਇਹ ਆਪਣਾ ਪ੍ਰਕਾਸ਼ ਉਤਸਵ ਮਨਾਵੇ। ਜਨਮ ਦਿਨ ਮੈਂ ਤਾਂ ਨਹੀਂ ਕਹਿੰਦਾ ਕਿਉਂਕਿ ਜਨਮ ਦਿਨ ਹਉਮੈ ਦੇ ਸਰਕਲ ਵਿਚ ਹੁੰਦਾ ਹੈ, ਪ੍ਰਕਾਸ਼ ਹਉਮੈ ਤੋਂ ਉਪਰਲੀ ਚੀਜ਼ ਹੁੰਦੀ ਹੈ। ਜੰਮਦਾ ਮਰਦਾ ਹਮੇਸ਼ਾ ਹਉਮੈ ਵਾਲਾ ਹੈ ਕਿ ਜਨਮ ਦਿਨ ਮਨਾਉਂਦੇ ਹਾਂ। ਗੁਰੂ ਜੰਮੇ ਸੀਗੇ? ਉਹ ਤਾਂ ਪ੍ਰਗਟ ਹੋਏ ਨੇ ਸਰੀਰ ਦੇ ਵਿਚ, ਜੋਤ ਪ੍ਰਗਟ ਹੋਈ ਹੈ। ਇਹ ਜ਼ਰੂਰੀ ਨਹੀਂ ਕਿ ਜੋਤ ਉਸੇ ਦਿਨ ਪ੍ਰਗਟ ਹੋ ਗਈ, ਉਹਨੇ ਆਪਣੇ ਸਮੇਂ ਨਾਲ ਪ੍ਰਗਟ ਹੋਣਾ ਹੈ।



**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ**

ਮੁਹੰਮਦ ਸਾਹਿਬ ਦੇ 40ਵੇਂ ਸਾਲ ਵਿਚ ਜੋਤ ਪ੍ਰਗਟ ਹੋਈ ਸੀ। ਪਹਿਲਾਂ 40 ਸਾਲ ਸਾਡੇ ਵਰਗੇ ਹੀ ਸੀ, ਇਵੇਂ ਜਿਵੇਂ ਈਸਾ ਜੀ ਸੀ, ਕਾਫੀ ਸਮੇਂ ਤੋਂ ਬਾਅਦ ਉਨ੍ਹਾਂ ਨੂੰ ਜੋਤ ਦਾ ਝਲਕਾਰਾ ਵੱਜਿਆ। ਸੋ ਇਸ ਤਰ੍ਹਾਂ ਦੇ ਨਾਲ ਜਿਸ ਦਿਨ ਜੋਤ ਦਾ ਪ੍ਰਕਾਸ਼ ਹੋਵੇ, ਉਸ ਦਿਨ ਤੋਂ ਪ੍ਰਕਾਸ਼ ਉਤਸਵ ਹੁੰਦਾ ਹੈ। ਜਨਮ ਹੁੰਦਾ ਹੈ ਜਿਸ ਦਿਨ ਤੋਂ ਜੰਮ ਪਿਆ। ਸੋ ਇਸ ਕਰਕੇ ਖਾਲਸਾ ਜਿਹੜੇ ਕਹਿੰਦੇ ਨੇ ਆਪਣੇ ਆਪ ਨੂੰ, ਇਹ ਇਕ ਆਦਰਸ਼ ਹੈ, ਇਹ ਆਦਰਸ਼ ਅਸੀਂ ਖਾਸ ਕਰਕੇ ਗੁਰੂ ਨਾਨਕ ਪਾਤਸ਼ਾਹ ਦੇ ਨਾਮ ਲੇਵਾ ਨੇ ਅਪਣਾਅ ਲਿਆ ਕਿ ਅਸੀਂ ਹੀ ਖਾਲਸਾ ਹਾਂ। ਇਹ ਬੜੀ ਸੋਚਣ ਦੀ ਗੱਲ ਹੈ ਤੇ ਗੁਰੂ ਕਹਿੰਦੇ ਨੇ ਕਿ ਖਾਲਸਾ ਜਿਹੜਾ ਹੈ ਇਹ ਹੋਰ ਚੀਜ਼ ਹੈ ਤੇ ਸਾਡਾ ਜਿਹੜਾ ਨਾਲ ਅਸੀਂ ਦੋਹਰਾ ਜਿਹੜਾ ਪੜ੍ਹਦੇ ਹਾਂ ‘ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ’ ਉਹਦਾ ਮਤਲਬ ਕੀ ਹੈ? ਮੈਨੂੰ ਵੀ ਪੁਛਿਆ ਗਿਆ, ਇਹਦਾ ਮਤਲਬ ਕੀ ਹੈ? ਤਾਂ ਮੈਂ ਕਿਹਾ ਇਹਦਾ ਮਤਲਬ ਹੈ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਅੰਗ – ੭੧੧***

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ – ੫***

***ਨਾਨਕ ਹੋਰਿ ਪਤਿਸਾਹੀਆ ਕੂੜੀਆ***
***ਨਾਮਿ ਰਤੇ ਪਾਤਿਸਾਹ ॥***
***ਅੰਗ – ੧੪੧੩***

ਅਸੀਂ ਦੂਜੀਆਂ ਕੂੜੀਆਂ ਪਾਤਸ਼ਾਹੀਆਂ ਤੋਂ ਲੈਣਾ ਕੀ ਹੈ। ਜਿਹੜੇ ਨਾਮ ਦੇ ਵਿਚ ਰੱਤੇ ਪਏ ਨੇ ਉਨ੍ਹਾਂ ਦੀ ਪਾਤਸ਼ਾਹੀ ਹੈ। ਉਹ ਜੇ ਹਵਾ ਨੂੰ ਕਹਿ ਦੇਣ ਠਹਿਰ ਜਾ, ਗੁਰੂ ਅੰਗਦ ਸਾਹਿਬ ਨੇ ਪ੍ਰਸ਼ਾਦਾ ਛਕਣਾ ਹੈ, ਰੇਤਾ ਨਾ ਤੂੰ ਪਾ, ਉਸੇ ਵੇਲੇ ਠਹਿਰ ਜਾਣਾ ਹੈ ਹਨ੍ਹੇਰੀ ਨੇ, ਭਾਈ ਜੀਵੇ ਨੇ ਏਵੇਂ ਹੀ ਕਰਿਆ ਸੀ, ਮਹਾਰਾਜ ਨਰਾਜ਼ ਹੋ ਗਏ।

ਕਹਿੰਦੇ, ਭਾਈ ਜੀਵਾ! ਤੈਨੂੰ ਨਹੀਂ ਪਤਾ, ਓਸ ਹਨ੍ਹੇਰੀ ਵਿਚ ਕਿੰਨਾ ਰਿਜ਼ਕ ਜਾ ਰਿਹਾ ਸੀਗਾ, ਵੱਡੇ-ਵੱਡੇ ਅਜ਼ਗਰਾਂ, ਕਿੰਨੀ ਦੇਸ਼ ਦੀ ਬਿਮਾਰੀ ਨੂੰ ਹੂੰਝ ਕੇ ਹਨ੍ਹੇਰੀ ਦੀ ਤੇਜ਼ੀ ਲੈ ਜਾ ਰਹੀ ਸੀ। ਤੂੰ ਰੋਕ ਦਿਤਾ। ਅਸੀਂ ਪ੍ਰਸ਼ਾਦਾ ਫੇਰ ਚਾਰ ਘੜੀਆਂ ਬਾਅਦ ਛਕ ਲੈਂਦੇ, ਕੀ ਫਰਕ ਪੈਂਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਇਹ ਜੋ ਆਦਰਸ਼ ਹੈ ਖਾਲਸੇ, ਜੋ ਚੀਜ਼ ਗੁਰੂ ਮਹਾਰਾਜ ਨੇ ਪ੍ਰਗਟ ਕਰੀ ਉਹ ਸਾਨੂੰ ਉਵੇਂ ਜਿਵੇਂ ਰੱਖਣੀ ਚਾਹੀਦੀ ਹੈ। ਐਸ ਤਰ੍ਹਾਂ ਨਹੀਂ ਹੋਣੀ ਚਾਹੀਦੀ ਕਿ ਸ਼ਰਾਬ ਵੀ ਪੀਈ ਜਾਂਦਾ ਹੈ, ਝੂਠ ਵੀ ਬੋਲੀ ਜਾਂਦਾ ਹੈ, ਨਾਉਂ ਨਾਲ ਲਾਇਆ ਹੋਇਆ ਹੈ ਖਾਲਸਾ, ਜੇ ਉਹਨੂੰ ਕਹੋ ਕਿ ਕੀਰਤਨ ਕਰਨਾ ਹੈ ਤਾਂ ਕਹਿੰਦਾ ਹੈ ਕਿ 10 ਹਜ਼ਾਰ ਪਹਿਲਾਂ ਜਮ੍ਹਾਂ ਕਰਵਾ ਜਾਹ, ਜਿੰਨਾ ਪੈਸਾ ਵਾਜੇ ਤੇ ਆਏਗਾ ਉਹ ਮੇਰਾ, ਜਿਹੜਾ ਚੜ੍ਹਾਵਾ ਹੋਏਗਾ ਉਹਦੇ ਵਿਚ ਮੇਰਾ ਅੱਧ। ਤੇ ਫਲਾਣਾ ਸਿੰਘ ਖਾਲਸਾ ਕੀਰਤਨ ਕਰਨ ਆ ਰਹੇ ਨੇ।



**ਧੰਨ ਗੁਰੂ ਨਾਨਕ ਸਾਹਿਬ ਜਿਨੇਓ ਪਾਉਣ ਤੋਂ ਪਹਿਲਾਂ ਪਾਧੇ ਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ।**

ਫੇਰ ਖਾਲਸਾ ਕਾਹਦਾ ਹੋਇਆ? ਨਾਉਂ ਪਿਛੇ ਲਾਉਣ ਨਾਲ ਨਹੀਂ ਖਾਲਸਾ ਬਣਦਾ। ਖਾਲਸਾ ਇਕ ਆਦਰਸ਼ ਹੈ। ਸੋ ਬੜੇ ਹੀ ਧਿਆਨ ਦੇ ਨਾਲ ਗੁਰੂ ਮਹਾਰਾਜ ਨੇ ਦੱਸ ਜਾਮਿਆਂ ਦੇ ਅੰਦਰ ਤਿਆਰ ਕੀਤਾ ਖਾਲਸਾ, ਇਕ ਦਮ ਨਹੀਂ ਇਹ ਪ੍ਰਗਟ ਹੋਇਆ। ਇਹ ਵਾਹਿਗੁਰੂ ਦਾ ਹੁਕਮ ਹੋਇਆ ਜਿਸ ਵਕਤ ਇਹ ਪ੍ਰਗਟ ਹੋਇਆ।

***ਪ੍ਰਗਟਿਓ ਖਾਲਸਾ ਅਕਾਲ ਪੁਰਖ ਕੀ ਮੌਜ।***

ਇਕ ਲਹਿਰ ਉਠੀ ਜਿਹਨੇ ਇਕ ਆਦਰਸ਼ ਪ੍ਰਗਟ ਕਰ ਦਿਤਾ, ਸੰਸਾਰ ਦੇ ਅੰਦਰ। ਗੁਰੂ ਵੀ ਆਉਂਦੇ ਨੇ ਉਹ ਵੀ ਆਦਰਸ਼ ਸੀ, ਅਵਤਾਰ ਵੀ ਆਉਂਦੇ ਨੇ ਉਹ ਵੀ ਉਹਦੇ ਹੁਕਮ ਵਿਚ ਆਉਂਦੇ ਨੇ। ਇਸੇ ਤਰ੍ਹਾਂ ਇਕ ਆਦਰਸ਼ ਕਲਜੁਗ ਦੇ ਅੰਦਰ ਐਸਾ ਸਾਮ੍ਹਣੇ ਲਿਆ ਦਿਤਾ ਕਿ ਗੁਰੂ ਦਸ਼ਮੇਸ਼ ਪਿਤਾ ਦੇ ਹੱਥੀਂ ਖਾਲਸਾ ਪ੍ਰਗਟ ਹੋਇਆ। ਓਸ ਤੋਂ ਪਹਿਲੀ ਜੋ ਹਾਲਤ ਹੈ ਉਹ ਮੈਂ ਆਪ ਦੇ ਪਾਸ ਬੇਨਤੀ ਕਰੀ ਹੈ ਕਿ ਕਿੰਨਾ ਆਦਮੀ ਨੀਵਾਂ ਚਲਿਆ ਗਿਆ ਸੀ। ਗੁਲਾਮ ਹੋ ਜਾਣਾ ਆਦਮੀ ਦੇ ਭਾਗ ਦੀ ਗੱਲ ਨਹੀਂ ਉਹਦਾ ਗੁਲਾਮੀ ਨਾਲ ਸਮਝੌਤਾ ਕਰ ਲੈਣਾ ਹੈ। ਜੇ ਕਹੋ ਕਿ ਸਾਡਾ ਵਸ ਕੋਈ ਨਹੀਂ ਚਲਦਾ ਕਿ ਤਾਣ ਤਾਂ ਲਾਉਂਦਾ ਹੈ ਆਦਮੀ, ਸਤਿ ਦੀ ਆਵਾਜ਼ ਦਿੰਦਾ ਹੈ ਤੇ ਨਹੀਂ ਫੇਰ gility ਸਾਰੇ ਹੋ ਜਾਂਦੇ ਨੇ।


ਇਕ ਵਾਰੀ ਈਸਾ ਜੀ ਭਜਨ ਕਰ ਰਹੇ ਸੀ। ਭਜਨ ਕਰਦੇ-ਕਰਦੇ ਵੀਜ਼ਨ 'ਚ ਆਇਆ ਕਿ ਸਕੰਦਰੀਆ ਜਿਹੜਾ ਸ਼ਹਿਰ ਹੈ ਉਹਨੇ ਗਰਕ ਹੋ ਜਾਣਾ ਹੈ। ਉਥੇ ਉਨ੍ਹਾਂ ਦਾ 4600 ਈਸਾਈ ਰਹਿੰਦਾ ਸੀ। ਉਨ੍ਹਾਂ ਨੇ ਪ੍ਰਭੂ ਕੋਲ ਬੇਨਤੀ ਕਿ ਹੇ ਪ੍ਰਭੂ! 4600 ਬੰਦਾ ਓਸ ਸ਼ਹਿਰ ਵਿਚ ਬਚਾ ਲੈ, ਉਹ ਤੈਨੂੰ ਮੰਨਣ ਵਾਲੇ ਨੇ। ਐਸੀ ਫਿਲਾਸਫੀ ਆ ਗਈ ਸੀ ਕਿ ਪ੍ਰਮੇਸ਼ਰ ਤੋਂ ਬੇਮੁਖ ਹੋ ਗਏ ਸੀ।

Eat drink and be marry for we shall have to die.

ਆਹ ਥਿਊਰੀ ਆ ਗਈ ਸੀ ਸਿਕੰਦਰੀਆ ਦੀ। ਯੂਨੀਵਰਸਿਟੀ ਸੀ ਉਥੋਂ ਨਾਸਤਕ ਪੜ੍ਹ-ਪੜ੍ਹ ਕੇ ਨਿਕਲਦੇ ਸੀ। ਪੜ੍ਹਨ ਵਾਲਾ ਨਾਸਤਕ, ਪ੍ਰਮੇਸ਼ਰ ਦੀ ਹਸਤੀ ਤੋਂ ਮੁਨਕਰ, ਚਰਿੱਤਰ ਦੀ ਉਚਤਾਈ ਤੋਂ ਮੁਨਕਰ, ਹਨ੍ਹੇਰਾ ਪੈ ਰਿਹਾ ਸੀ। ਜਦੋਂ ਐਹੋ ਜਿਹੀ ਗੱਲ ਹੋ ਜਾਵੇ, ਫੇਰ ਪ੍ਰਮੇਸ਼ਰ ਕਿਤੇ ਗਿਆ ਹੋਇਆ ਤਾਂ ਨਹੀਂ ਹੈ। ਉਹਦਾ ਕਾਨੂੰਨ ਐਕਸ਼ਨ ਵਿਚ ਆ ਜਾਂਦਾ ਹੈ। ਬੇਨਤੀ ਸੁਣੀ ਨਾ ਗਈ, ਦੂਜੇ ਦਿਨ ਫੇਰ ਉਹੀ ਵੀਜ਼ਨ ਆ ਗਿਆ। ਫੇਰ ਈਸਾ ਜੀ

ਨੇ ਬੇਨਤੀ ਕਰੀ, ਕੋਈ ਜਵਾਬ ਨਾ ਆਇਆ। ਤੀਸਰੇ ਦਿਨ ਭੁਚਾਲ ਆ ਗਿਆ, ਤਾਂ ਇਕ ਵੀ ਬੰਦਾ ਓਸ ਸ਼ਹਿਰ ਦਾ ਨਾ ਬਚਿਆ, ਢਾਈ ਹਜ਼ਾਰ ਸਾਲ ਦੀ ਗੱਲ ਹੈ। ਦੂਸਰੇ ਦਿਨ ਈਸਾ ਜੀ ਨੇ ਪ੍ਰਭੂ ਕੋਲ ਬੇਨਤੀ ਕਰੀ ਕਿ ਹੇ ਪ੍ਰਭੂ! ਠੀਕ ਹੈ ਤੇਰੀ ਰਜ਼ਾ ਨੂੰ ਮੈਂ ਮੰਨਦਾ ਹਾਂ, ਪਰ ਵਜ੍ਹਾ ਵੀ ਮੈਨੂੰ ਪਤਾ ਲਗ ਜਾਵੇ ਕਿ ਜਿਹੜਾ 4600 ਬੰਦਾ ਤੇਰੇ ਉਤੇ ਵਿਸ਼ਵਾਸ਼ ਰੱਖਦਾ ਸੀ ਉਹ ਕਿਉਂ ਮਾਰਿਆ ਗਿਆ। ਉਸ ਵੇਲੇ ਜਵਾਬ ਆਇਆ ਕਿ ਉਨ੍ਹਾਂ ਦਾ ਬੁਰਿਆਈ ਦੇ ਨਾਲ ਸਮਝੌਤਾ ਸੀ।

ਕਹਿਣ ਲੱਗੇ, ਮਹਾਰਾਜ! ਉਹ ਤਾਂ ਬਹੁਤ ਥੋੜ੍ਹੀ ਗਿਣਤੀ ਵਿਚ ਸੀ। ਉਨ੍ਹਾਂ ਦੀ ਆਵਾਜ਼ ਕੋਈ ਨਹੀਂ ਸੀ। ਕਹਿੰਦੇ ਮੈਂ ਆਵਾਜ਼ ਦੀ ਗੱਲ ਨਹੀਂ ਕਰਦਾ, ਮੈਂ ਕਰਦਾ ਹਾਂ ਕਿ ਉਨ੍ਹਾਂ ਦਾ ਅੰਦਰੋਂ ਸਮਝੌਤਾ ਸੀ ਬੁਰਿਆਈ ਦੇ ਨਾਲ। ਬੁਰਿਆਈ ਨੂੰ ਉਹ ਬੁਰਿਆਈ ਨਹੀਂ ਸੀ ਸਮਝਦੇ। ਉਹ ਉਨ੍ਹਾਂ ਨਾਲ ਮਿਲਦੇ ਸੀ, ਵਰਤਦੇ ਸੀ, ਕਦੇ ਵੀ ਉਨ੍ਹਾਂ ਦੇ ਅੰਦਰ ਨਹੀਂ ਸੀ ਆਉਂਦਾ ਕਿ ਲੋਕ ਗਲਤ ਕੰਮ ਕਰ ਰਹੇ ਨੇ। ਇਸ ਕਰਕੇ ਇਹ ਵੀ ਉਨ੍ਹਾਂ ਦੇ ਨਾਲ ਸ਼ਾਮਿਲ ਹੋ ਗਏ। ਸਜ਼ਾ ਉਨ੍ਹਾਂ ਨੂੰ ਵੀ ਨਾਲ ਹੀ ਮਿਲ ਗਈ।



ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ

ਗੁਰੂ ਨਾਨਕ ਪਾਤਸ਼ਾਹ ਬੈਠੇ ਨੇ ਤੇ ਬਹੁਤ ਜ਼ਿਆਦਾ ਕਤਲਾਮ ਹੋ ਚੁਕਿਆ ਹੈ ਏਮਨਾਬਾਦ। ਮਰਦਾਨਾ ਉਦਾਸ ਬੈਠਾ ਹੈ। ਕਹਿੰਦੇ ਕੀ ਗੱਲ ਮਰਦਾਨਿਆ! ਕੀ ਗੱਲ ਤੇਰੀ ਤਾਰ ਦੇ ਵਿਚ ਵੀ ਫਰਕ ਪੈ ਰਿਹਾ ਹੈ। ਕਿੱਥੇ ਚਲੀ ਗਈ ਤੇਰੀ ਬਿਰਤੀ, ਕਹਿੰਦਾ ਮਹਾਰਾਜ ਮੈਂ ਕੀ ਦੱਸਾਂ ਕਿੰਨੇ ਸੋਹਣੇ-ਸੋਹਣੇ ਬੰਦੇ, ਕਿੰਨੇ ਸਤਿਕਾਰ ਕਰਨ ਵਾਲੇ ਬੰਦੇ, ਕਿੰਨੇ ਤੇਰੀਆਂ ਪਿਆਰ ਨਾਲ ਗੱਲਾਂ ਕਰਨ ਵਾਲੇ ਬੰਦੇ। ਬੀਬੀਆ, ਬੱਚੇ ਖਿੜ ਜਾਂਦੇ ਸੀ ਸਾਨੂੰ ਦੇਖ ਕੇ, ਸੱਚੇ ਪਾਤਸ਼ਾਹ! ਉਹ ਵੀ ਵਿਚੇ ਮਾਰੇ ਗਏ। ਮੈਨੂੰ ਉਨ੍ਹਾਂ ਦਾ ਅਫਸੋਸ ਆ ਰਿਹਾ ਹੈ ਕਿ ਉਹ ਤਾਂ ਬਚ ਜਾਣੇ ਚਾਹੀਦੇ ਸੀਗੇ। ਮਹਾਰਾਜ ਕਹਿੰਦੇ ਮਰਦਾਨਿਆ! ਜਦੋਂ ਰੱਬ ਦਾ ਹੱਥ ਫਿਰਦਾ ਹੈ ਨਾ, ਫੇਰ ਉਹਦਾ ਹਿਸਾਬ ਕਿਤਾਬ ਹੋਰ ਹੀ ਹੋਇਆ ਕਰਦਾ ਹੈ। ਉਹ ਬੰਦਾ ਜਿਹੜਾ ਆਵਾਜ਼ ਨਹੀਂ ਦਿੰਦਾ ਤੇ ਅੰਦਰੋਂ ਉਹ ਸਮਝਦਾ ਨਹੀਂ ਹੈ ਕਿ ਇਹ ਕੰਮ ਮਾੜੇ ਹੋ ਰਹੇ ਨੇ, ਉਨ੍ਹਾਂ ਦੇ ਨਾਲ ਖੁਸ਼ ਹੋ ਕੇ ਬੋਲਦਾ ਹੈ, ਖੁਸ਼ੀ ਵੀ ਗੱਲਾਂ ਕਰਦਾ ਹੈ ਤੇ ਧਿਆਨ 'ਚੋਂ ਕੱਢ ਦਿੰਦਾ ਹੈ ਉਨ੍ਹਾਂ ਦੀਆਂ ਬੁਰਿਆਈਆਂ, ਫੇਰ ਉਹ ਵੀ gilty ਹੋ ਜਾਇਆ ਕਰਦਾ ਹੈ।

ਮਰਦਾਨਾ ਕਹਿਣ ਲੱਗਿਆ ਨਾ ਮਹਾਰਾਜ! ਮੈਂ ਤੁਹਾਡੀ ਤਾਲੀਮ ਰੋਜ਼ ਸੁਣਦਾ ਹਾਂ, ਤੁਸੀਂ ਕਹਿੰਦੇ ਹੋਂ ਭਲਿਆਂ ਦੀ ਰਖਸ਼ਾ ਆਪ ਕਰਦਾ ਹੈ ਵਾਹਿਗੁਰੂ। ਕਹਿੰਦੇ ਉਹ ਗੱਲ ਹੋਰ ਹੈ, ਇਹ ਹੋਰ ਹੈ। ਕਹਿੰਦੇ ਚੰਗਾ ਤੈਨੂੰ ਪ੍ਰੈਕਟੀਕਲੀ ਸਮਝਾਵਾਂਗੇ।

ਗਰਮੀਆਂ ਜਿਹੇ ਦਾ ਮਹੀਨਾ ਸੀ, ਵਸਤਰ ਵਗੈਰਾ ਤਾਂ ਉਦੋਂ ਘੱਟ ਹੀ ਪਾਉਂਦੇ ਹੁੰਦੇ ਸੀ, ਮਰਦਾਨੇ ਦੇ ਸਰੀਰ ਤੇ ਵਸਤਰ ਨਹੀਂ ਸੀ ਪਹਿਨਿਆ ਹੋਇਆ, ਗਰਮੀ ਸੀ। ਬੈਠੇ-ਬੈਠੇ ਨੂੰ ਉਂਘ ਆਉਣ ਲਗ ਗਈ। ਐਨੇ ਨੂੰ ਇਕ ਪ੍ਰੇਮੀ ਨੇ ਗੁੜ ਲਿਆ ਕੇ ਮਹਾਰਾਜ ਨੂੰ ਮੱਥਾ ਟੇਕਿਆ, ਮਹਾਰਾਜ ਜੀ ਨੇ ਨਹੁੰ ਦੇ ਨਾਲ ਚੁੱਕ ਕੇ ਐਉਂ ਮਾਰਿਆ ਮਾਰਿਆ, ਉਹਦੇ ਪੇਟ ਤੇ ਜਾ ਕੇ ਲਗ ਗਿਆ ਥੋੜ੍ਹਾ ਜਿਹਾ ਗੁੜ। ਕੀੜੀਆਂ ਚੜ੍ਹਨ ਲਗ ਗਈਆਂ ਉਸ ਦੇ ਤੇ ਜਾ ਕੇ ਘੇਰਾ ਬਣਾ ਲਿਆ ਗੁੜ ਦੇ ਦੁਆਲੇ। ਜਦੋਂ ਇਕ ਕੀੜੀ ਨੇ ਕੱਟਿਆ ਤਾਂ ਮਰਦਾਨੇ ਨੇ ਜ਼ੋਰ ਨਾਲ ਹੱਥ ਮਾਰਿਆ, ਮਰਦਾਨੇ ਨੇ ਸਾਰੀਆਂ ਕੀੜੀਆਂ ਮਾਰ ਦਿਤੀਆਂ।

ਮਹਾਰਾਜ ਕਹਿੰਦੇ, ਮਰਦਾਨਿਆ! ਆਹ ਕੀ ਗੱਲ ਕਰੀ ਤੂੰ।

ਕਹਿੰਦਾ, ਕੀੜੀ ਲੜ ਗਈ ਸੀ ਮਹਾਰਾਜ!

ਕਹਿੰਦੇ, ਫੇਰ ਉਹਨੂੰ ਹੀ ਸਜ਼ਾ ਦਿੰਦਾ। ਬਾਕੀਆਂ ਨੂੰ ਕਿਉਂ ਦਿਤੀ?

ਕਹਿੰਦਾ, ਮਹਾਰਾਜ! ਹੁਣ ਪਤਾ ਲਗਦਾ ਸੀ ਬਾਕੀਆਂ ਦਾ?

ਕਹਿੰਦੇ, ਆਹੀ ਗੱਲ ਹੈ, ਜੇ ਬੰਦਾ ਬੁਰਿਆਈ ਨਾਲ ਅੰਦਰੋਂ ਸਮਝੌਤਾ ਕਰ ਲਵੇ, ਉਹ ਅੰਦਰੋਂ ਤਾਂ ਕੋਈ ਦੇਖਦਾ ਨਹੀਂ ਨਾ ਹੈ, ਬਾਹਰੋਂ ਠੀਕ ਹੈ ਤੁਸੀਂ ਕੋਈ ਗੱਲ ਨਹੀਂ ਕਰ ਸਕਦੇ, ਉਹ ਗੱਲ ਵਖਰੀ ਹੈ, ਪਰ ਅੰਦਰੋਂ ਤਾਂ ਨਾ ਮੰਨੋ ਨਾ। ਅੰਦਰੋਂ ਤਾਂ ਸਮਝੋ ਕਿ ਚੰਗਿਆਈ ਵਧਾਉਣੀ ਹੈ, ਕੋਸ਼ਿਸ਼ ਕਰੀ ਜਾਓ। ਸੋ ਇਸ ਤਰ੍ਹਾਂ ਦੇ ਨਾਲ ਸਜ਼ਾਵਾਂ ਮਿਲਦੀਆਂ ਨੇ। ਜਿਸ ਵਕਤ ਕੋਈ ਬੁਰਿਆਈ ਵੱਧ ਜਾਵੇ।

ਸੋ ਮਹਾਰਾਜ ਵੇਲੇ ਬੁਰਿਆਈ ਬਹੁਤ ਵੱਧ ਗਈ, ਗੱਲਾਂ ਗਲਤ ਹੋਣੀਆਂ ਸ਼ੁਰੂ ਹੋ ਗਈਆਂ। ਗੁਲਾਮੀ ਦਾ ਅਸਰ, ਉਹਨੂੰ ਸਹਿ ਗਏ। ਕਿੱਥੇ ਤਾਂ ਮੰਦਰਾਂ 'ਚ ਜਾ ਕੇ, ਧਰਮਸਾਲਾ 'ਚ ਜਾ ਕੇ, ਕਥਾ ਸੁਣਦੇ ਨੇ ਮਹਾਂਭਾਰਤ ਦੀ, ਕਥਾ ਸੁਣਦੇ ਨੇ ਰਾਮਾਇਣ ਦੀ ਲੇਕਿਨ action ਦੇ ਵਿਚ ਕੀ ਹੈ? –

***ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥***

***ਅੰਗ – ੧੧੯੧***

ਬੋਲੀ ਵੀ ਬਦਲਾ ਲਈ। ਮੀਆਂ ਜੀ-ਮੀਆਂ ਜੀ ਕਹਿਣ ਲੱਗ ਗਏ ਇਕ ਦੂਜੇ ਨੂੰ। ਵਸਤਰ ਓਹੀ ਪਾ ਲਏ–

***ਨੀਲ ਬਸਤ੍ਰ ਲੇ ਕਪੜੇ ਪਹਿਰੇ***
***ਤੁਰਕ ਪਠਾਣੀ ਅਮਲੁ ਕੀਆ ॥ ਅੰਗ – ੪੭੦***

ਸਭ ਨੇ ਨੀਲੇ ਹੀ ਰੰਗਾ ਲਏ ਕਿ ਰਾਜੇ ਦੇ ਐਹੋ ਜਿਹੇ ਨੇ, ਅਸੀਂ ਵੀ ਰੰਗਾ ਲਈਏ। ਆਪਣੀ ਪੁਸ਼ਾਕ ਆਪਣੀ ਬੋਲੀ, ਆਪਣੀ ਖੁਰਾਕ, ਆਪਣੀ ਸੋਚ ਸਾਰੀ ਭੁੱਲ ਗਈ। ਜਦੋਂ ਇਹ ਚੀਜ਼ ਕਿਸੇ ਕੌਮ 'ਚੋਂ ਨਿਕਲ ਜਾਵੇ, ਉਸ ਵੇਲੇ ਖੁਆਰ ਹੋ ਜਾਇਆ ਕਰਦਾ ਹੈ ਕਿਉਂਕਿ ਆਪਣੇ ਧੁਰੇ ਨਾਲੋਂ ਟੁੱਟ ਗਿਆ। ਹੁਣ ਜਿਹੜੇ ਬੱਚੇ ਸਾਡੇ ਬਾਹਰ ਨੇ, ਅਮਰੀਕਾ, ਇੰਗਲੈਂਡ 'ਚ ਉਥੇ ਚੰਗੇ ਸੁਚੱਜੇ ਮਾਂ-ਬਾਪਾਂ ਨੇ ਕਮੇਟੀਆਂ ਬਣਾ ਕੇ ਫੈਸਲਾ ਕਰ ਲਿਆ ਕਿ ਘਰ ਵਿਚ ਪੰਜਾਬੀ ਬੋਲਣੀ ਹੈ। ਜੇ ਬੱਚਾ ਸਕੂਲ ਤੋਂ ਆ ਕੇ ਅੰਗਰੇਜ਼ੀ ਦੇ ਵਿਚ ਗੱਲ ਕਰਦਾ ਹੈ ਨਾ, ਇੰਗਲਿਸ਼ ਨਹੀਂ ਉਹਦੇ ਨਾਲ ਬੋਲਣੀ। ਜੇ ਉਹ ਅੰਗਰੇਜ਼ੀ ਵਿਚ ਕਹਿੰਦਾ ਹੈ ਕਿ ਮੈਨੂੰ ਪਾਣੀ ਦਿਓ, ਰੋਟੀ ਦਿਓ ਤਾਂ ਬਿਲਕੁਲ ਜਵਾਬ ਨਹੀਂ ਦੇਣਾ, ਰੋਂਦਾ ਹੈ ਰੋਈ ਜਾਣ ਦਿਓ। ਜਦੋਂ ਤੱਕ ਉਹ ਪੰਜਾਬੀ 'ਚ ਨਹੀਂ ਬੋਲਦਾ, ਉਹਨੂੰ attend ਹੀ ਨਹੀਂ ਕਰਨਾ। ਹੁਣ ਉਹ ਬੱਚੇ ਘਰ 'ਚ ਪੰਜਾਬੀ ਬੋਲਦੇ ਨੇ ਤੇ ਬਾਹਰ ਸਕੂਲ ਵਿਚ ਇੰਗਲਿਸ਼ ਬੋਲਦੇ ਨੇ। ਬੋਲੀ ਤਾਂ ਆਦਮੀ ਕਾਇਮ ਰੱਖੇ ਨਾ ਆਪਣੀ। ਸਾਡੇ ਉਲਟਾ ਰਿਵਾਜ਼ ਹੈ ਕਿ ਜੇ ਅੰਗਰੇਜ਼ੀ ਨਹੀਂ ਬੱਚਾ ਘਰ 'ਚ ਆ ਕੇ ਬੋਲਦਾ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਬਿਲਕੁਲ ਨਿਕੰਮਾ ਬੱਚਾ ਹੈ। ਮਹਾਰਾਜ ਕਹਿੰਦੇ ਬੋਲੀ ਬਦਲਾਅ ਲਈ ਤੁਸੀਂ। ਜਿਹਦੀ ਬੋਲੀ ਬਦਲ ਜਾਵੇ ਉਹਦੇ ਖਿਆਲ ਸਾਰੇ ਮੁਰਦਾ ਹੋ ਜਾਂਦੇ ਨੇ, ਪਿਛਲੇ ਜਿਹੜੇ ਹੁੰਦੇ ਨੇ ਉਹਦੇ ਨਾਲੋਂ ਟੁੱਟ ਜਾਂਦਾ ਹੈ। ਕਥਾਵਾਂ ਰਮਾਇਣ ਦੀਆਂ ਸੁਣਨੀਆਂ, ਮਹਾਂਭਾਰਤ ਦੀਆਂ ਸੁਣਨੀਆਂ, ਜੋਸ਼ ਆਉਣਾ ਲੇਕਿਨ ਕੱਪੜੇ ਵੀ ਬੇਗਾਨੇ ਤੇ ਬੋਲੀ ਵੀ ਬੇਗਾਨੀ ਜਿਵੇਂ ਪੈਂਟਾਂ ਪਾ ਲਈਆਂ ਅਸੀਂ ਅੰਗਰੇਜ਼ ਦੇ ਆਇਆਂ ਤੇ। ਸਾਰਿਆਂ ਨੂੰ ਹੁਣ ਪੈਂਟ ਹੀ ਵਧੀਆ ਲਗਦੀ ਹੈ। ਇਹਦਾ ਮਤਲਬ ਹੈ ਗੁਲਾਮੀ ਨਾਲ ਸਮਝੌਤਾ ਕਰ ਲਿਆ।



**ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

ਸਤਿਗੁਰੂ ਨਾਮਧਾਰੀ ਜੀ ਦਾ ਜੋ ਯੁੱਗ ਹੈ, ਬਹੁਤ ਵੱਡੀਆਂ ਉਨ੍ਹਾਂ ਨੇ ਗੱਲਾਂ ਕਰੀਆਂ ਸੀ। ਉਹ ਕਹਿੰਦੇ ਸੀ ਕਿ ਇਨ੍ਹਾਂ ਦੀਆਂ ਰੇਲਾਂ ਤੇ ਨਹੀਂ ਚੜ੍ਹਨਾ, ਪੈਦਲ ਤੁਰ ਲਓ, ਇਨ੍ਹਾਂ ਦੇ ਨਲਕਿਆਂ ਤੋਂ ਪਾਣੀ ਨਹੀਂ ਪੀਣਾ, ਇਨ੍ਹਾਂ ਦੀਆਂ ਮਿਲਾਂ ਤੋਂ ਲਿਆਂਦੇ ਹੋਏ ਕੱਪੜੇ ਨਹੀਂ ਪਾਉਣੇ ਤੇ ਜਿਹੜੇ ਕੁੰਭਲਾਂ ਦੇ ਬਣੇ ਹੋਏ ਖੱਦਰ ਨੇ ਓਹੀ ਪਾ ਕੇ ਰੱਖਣੇ ਨੇ। ਉਹ ਕਹਿੰਦੇ, ਜੇ ਅਸੀਂ ਇਹ ਚੀਜ਼ਾਂ ਮੰਨ ਲਈਆਂ ਸਾਡੇ ਮਨ ਉਤੇ ਗੁਲਾਮੀ ਛਾ ਜਾਏਗੀ, ਅਸੀਂ ਗੁਲਾਮ ਬਣ ਜਾਵਾਂਗੇ। ਜੇ ਬੰਦਾ ਮਾਨਸਿਕ ਤੌਰ ਤੇ ਗੁਲਾਮੀ ਨੂੰ ਸਹਿ

ਲਵੇ ਉਸ ਵੇਲੇ ਉਸਦਾ ਅੰਦਰਲਾ ਸਾਹਸ ਖਤਮ ਹੋ ਜਾਂਦਾ ਹੈ। ਅੰਦਰਲੀ ਅਣਖ ਖਤਮ ਹੋ ਜਾਂਦੀ ਹੈ। ਅੰਦਰੋਂ ਗਿਰ ਜਾਂਦਾ ਹੈ ਬਿਲਕੁਲ ਹੀ। ਫੇਰ ਉਹ ਗੁਲਾਮੀ ਸਹਿ ਲੈਂਦਾ ਹੈ। ਇਥੋਂ ਤੱਕ ਆ ਗਈ ਕਿ ਰਾਜਪੂਤ ਰਾਜਿਆਂ ਨੇ ਆਪਣੇ ਰਾਜਸੀ ਮੰਤਵਾਂ ਨੂੰ ਸਾਮ੍ਹਣੇ ਰੱਖ ਕੇ, ਆਪਣੀਆਂ ਲੜਕੀਆਂ ਨੇ ਬਾਹਰਲੇ ਪਰਦੇਸੀ ਰਾਜਿਆਂ ਮੁਗਲਾਂ ਨਾਲ ਸ਼ਾਦੀਆਂ ਕਰ ਲਈਆਂ। ਇਹ ਚੀਜ਼ਾਂ ਜਿਹੜੀਆਂ ਸਾਰੀਆਂ ਸੀ ਇਹ ਗਿਰਾਵਟ ਦੀਆਂ ਸੀ। ਦੂਸਰਾ ਸੀ ਵਰਣ ਵੰਡ ਸਾਡੇ 'ਚ। ਇਕ ਦੂਜੇ ਨੂੰ ਛੋਂਹਦੇ ਨਹੀਂ ਸੀ, ਐਨੀ ਜ਼ਬਰਦਸਤ ਵੰਡ ਸੀ ਦੱਖਣ ਦੇ ਅੰਦਰ, ਜੇ ਉਥੇ ਅਛੂਤ ਲੰਘ ਜਾਵੇ, ਉਹਦੀ ਪੈੜ ਨਜ਼ਰ ਆ ਜਾਵੇ ਉਹਨੂੰ ਪੰਚਾਇਤ ਲਿਆ ਕੇ ਉਹਦੇ ਕੋਰੜੇ ਲਾਉਂਦੇ ਸੀ। ਕਹਿੰਦੇ ਸੀ ਕਿ ਤੂੰ ਪੈੜ ਕਿਉਂ ਨਹੀਂ ਮੇਟ ਕੇ ਆਇਆ। ਉਹਦਾ ਇਲਾਜ ਕੀ ਸੀ ਹਰੇਕ ਦੇ ਪਿਛਲੇ ਪਾਸੇ ਝਾਫੇ ਬੰਨੇ ਹੁੰਦੇ, ਉਹ ਜਦੋਂ ਜਾਣਾ ਤਾਂ ਪੈੜ ਮਿਟਾਉਂਦੇ ਜਾਣਾ ਹੈ, ਇਸ ਤੋਂ ਜ਼ਿਆਦਾ ਗੁਲਾਮੀ ਕੀ ਹੋ ਸਕਦੀ ਹੈ, ਮਨੁੱਖਤਾ ਦੇ ਨਾਲ ਬੇਦਰਦੀ ਐਨੀ ਜ਼ਿਆਦਾ ਹੋਰ ਕਿੰਨੀ ਕੁ ਹੋ ਸਕਦੀ ਹੈ। ਜਦੋਂ ਇਹੋ ਜਿਹੀ ਵਰਣ ਵੰਡ ਹੋਵੇ ਫੇਰ ਰਾਖੀ ਕੌਣ ਕਰੇ? ਉਹ ਕਹਿੰਦੇ ਨੇ ਕਿ ਆਪੇ ਲੜਨਗੇ ਅਮੀਰ, ਗਰੀਬ ਕਹਿੰਦਾ ਸਾਡੇ ਤਾਂ ਭੇਡਾਂ ਤੋਂ ਉੱਨ ਹੀ ਲਾਹੁਣੀ ਹੈ, ਮੁਗਲਾਂ ਨੇ ਲਾਹ ਲਈ ਚਾਹੇ ਦੂਜੇ ਰਾਜਿਆਂ ਨੇ ਲਾਹ ਲਈ। ਸੋ ਐਸ ਤਰ੍ਹਾਂ ਦੀ ਮਾਨਸਿਕ ਸਥਿਤੀ ਹੋ ਚੁੱਕੀ ਸੀ। ਭਾਈਚਾਰਕ ਸਾਂਝ ਬਿਲਕੁਲ ਖਤਮ। ਅਗਿਆਨ ਐਨਾ ਆ ਗਿਆ ਸੀ, ਕਿੱਕਰ ਆ ਗਈ, ਕਿੱਕਰ ਨੂੰ ਮੱਥਾ ਟੇਕ ਦਿਤਾ, ਜੰਡ ਦੇ ਦਰਖਤ ਨੂੰ ਮਠਿਆਈ ਚਾੜ੍ਹ ਦਿਤੀ, ਜੇ ਸਰਵਰ ਆ ਗਿਆ, ਉਹਦੇ ਢੋਲ੍ਹ ਢਮੱਕੇ ਦੇ ਵਿਚ ਚਲੇ ਗਏ, ਜੇ ਦੇਵੀ ਆ ਗਈ ਦੇਵੀ ਨੂੰ ਮੰਨਣ ਲਗ ਗਏ। ਜੋ ਹੋਰ ਕੁਛ ਮੂਹਰੇ ਆ ਗਿਆ ਉਹਨੂੰ ਮੰਨਣ ਲਗ ਗਏ। ਤੁਸੀਂ ਇਕ ਨੂੰ ਮੰਨੋ, ਐਨਿਆਂ ਨੂੰ ਮੰਨ ਕੇ ਕੋਈ ਬੋਹੜੂਗਾ ਆ ਕੇ। ਵਿਚੇ ਹੀ ਗੁਰੂ ਨਾਨਕ ਦੇ ਹਿਰਸ ਰਹਿੰਦੀ ਸੀ। ਕਹਿੰਦੇ ਨੇ ਆਹ ਬਾਬਿਆਂ ਦਾ ਗੁਰਦੁਆਰਾ ਬਣਿਆ ਹੋਇਆ ਹੈ ਇਥੇ ਵੀ ਮੱਥਾ ਟੇਕ ਚੱਲੀਏ। ਇਕ ਮੱਤ ਨਹੀਂ ਸੀ, ਇਕ ਨਿਸ਼ਚਾ ਨਹੀਂ ਸੀ। ਇਕ ਸੋਚ ਨਹੀਂ ਸੀ, ਇਕੱਠੇ ਹੋ ਕੇ ਬੈਠ ਨਹੀਂ ਸੀ ਸਕਦੇ। ਕਿੱਡੀ ਵੱਡੀ ਮੁਸ਼ਕਲ ਗੁਰੂ ਦਸਵੇਂ ਪਾਤਸ਼ਾਹ ਦੇ ਸਾਮ੍ਹਣੇ ਸੀ, ਇਨ੍ਹਾਂ ਨੂੰ ਦੂਰ ਕਰਨ ਵਾਸਤੇ ਕਿੰਨਾ ਸਮਾਂ ਲੱਗਿਆ, ਗੁਰਬਾਣੀ ਦਾ ਪਰਸਾਰ ਹੋਇਆ, ਹੌਲੀ-ਹੌਲੀ ਇਹ ਪ੍ਰਸਾਰ ਜਿਹੜਾ ਸੀ ਇਹ ਅੰਦਰ ਜਾਣਾ ਸ਼ੁਰੂ ਹੋ ਗਿਆ। ਕੁਝ ਸਾਹਸ ਬਣਨ ਲੱਗਿਆ, ਉਦਮ ਬਣਨ ਲੱਗਿਆ, ਕੁਛ ਸੋਚ ਆਈ, ਕੁਛ ਅਣਖ ਦੀ ਗੱਲ ਸਮਝ 'ਚ ਆਉਣ ਲੱਗ ਗਈ, ਪਹਿਲਾਂ ਤਾਂ ਇਹੀ ਸੀ ਕਿ ਅਣਖ ਕੀ ਹੁੰਦੀ ਹੈ? ਇਹ ਤਾਂ ਪਤਾ ਹੀ ਨਹੀਂ ਸੀ, ਜਿਹੜਾ ਫੜ ਕੇ ਲੈ ਗਿਆ, ਕਹਿੰਦਾ ਸੀ ਚੁੱਕ ਮੇਰਾ ਮੰਜਾ, ਚਾਰ ਜਣੇ ਚੁੱਕੋ ਮੈਂ ਉਤੇ ਬੈਠਾਂ, ਤੇ ਆਰਾਮ ਨਾਲ ਹੀ ਤੁਰ ਪੈਂਦੇ ਸੀ। ਸੋ ਐਸੀ ਸੁਸਾਇਟੀ ਦੀ ਅਧੋਗਤੀ ਨੂੰ ਮੁਰਦਾ ਸੁਸਾਇਟੀ ਕਹਿੰਦੇ ਨੇ, ਇਸੇ ਕਰਕੇ ਗੁਲਾਮੀ ਆ ਕੇ ਨਾ ਕੋਈ ਧਰਮ, ਨਾ ਕਰਮ, ਨਾ ਕੋਈ ਸ਼ੁਧਤਾ ਰਹੀ, ਕੋਈ ਆਵਾਜ਼ ਨਾ ਰਹੀ। ਮਨੁੱਖ ਜਿਹੜਾ ਸੀ, ਮਨੁੱਖਪੁਣੇ ਤੋਂ ਗਿਰ ਕੇ ਪਸ਼ੂਪੁਣੇ ਤੋਂ ਵੀ ਥੱਲੇ ਜਾ ਚੁੱਕਿਆ ਸੀ, ਸੋ ਇਹ ਵੱਡਾ ਭਾਰਾ ਕੰਮ ਗੁਰੂਆਂ ਦੇ ਕੋਲ ਜਿਨ੍ਹਾਂ ਨੇ ਹੌਲੀ-ਹੌਲੀ ਮਹਿਲ ਰਚਣਾ ਸ਼ੁਰੂ ਕਰਿਆ। ਐਵੇਂ ਤਾਂ ਨਹੀਂ ਗੁਰੂ ਨਾਨਕ ਸਰੀਰਾਂ 'ਚ ਆਈ ਗਏ, ਆਹ ਮੁਰਦੇ ਨੂੰ ਜੀਉਂਦਾ ਕਰਨਾ ਸੀ। ਮਰੇ ਹੋਏ ਨੂੰ ਖੜ੍ਹਾ ਕਰਨਾ ਸੀ, ਪਿੰਗਲੇ ਨੂੰ ਖੜ੍ਹਾ ਕਰਨਾ ਸੀ, ਪੋਲੀਓ ਦੀ ਬਿਮਾਰੀ ਵਾਲੇ ਨੂੰ ਨੱਠਣ ਲਾਉਣਾ ਸੀ। ਕਿੰਨਾ ਸਮਾਂ ਲੱਗਣਾ ਸੀ, ਸੋ ਓਸ ਵੇਲੇ ਜਦੋਂ ਗੁਰਮਤਿ ਦਾ ਪ੍ਰਕਾਸ਼ ਹੋਇਆ, ਗੁਰਮਤਿ ਦਾ ਚਾਨਣ ਹੋਇਆ ਪਿਆਰ ਦੇ ਨਾਲ, ਗੁਰੂ ਦੇ ਨਾਲ - ਜੁੜਿਆ ਸੰਸਾਰ, ਬਾਣੀ ਨੂੰ ਸਮਝਣਾ ਕੀਤਾ, ਉਸ ਵੇਲੇ ਭਾਈਚਾਰਕ ਸਾਂਝ ਜਾਗੀ ਕਿ ਸਾਡੇ ਸਤਿਸੰਗ 'ਚ ਆਉਣ ਵਾਲੇ ਬੰਦੇ ਨੇ। ਇਕੱਠੇ ਜਾਂਦੇ ਹਾਂ ਗੁਰੂਆਂ ਕੋਲ, ਨਮਸਕਾਰ ਅਸੀਂ ਇਕੱਠੇ ਕਰਦੇ ਹਾਂ ਉਹ ਜਿਹੜਾ ਵਖੇਵਾਂ ਸੀ ਉਹ ਘਟਣ ਲੱਗਿਆ। ਹੁਕਮ ਦੀ ਸੋਝੀ ਆਉਣੀ ਸ਼ੁਰੂ ਹੋਈ, ਆਦਰਸ਼ਕ ਜੀਵਨ ਜੀਉਣ ਦੀ ਜਾਂਚ ਆਈ। ਗੁਰੂ ਨੇ ਦੱਸਿਆ ਕਿ ਤੂੰ ਆਤਮਾ ਹੈਂ, ਤੂੰ ਸਰੀਰ ਨਹੀਂ ਹੈ। ਤੂੰ ਕਦੇ ਵੀ ਮਰਦਾ ਨਹੀਂ ਹੈ, ਤੂੰ ਸਦਾ ਅਮਰ ਹੈਂ, ਸਰੀਰ ਦੇ ਵਿਚ ਸਰੀਰ ਮਰਦਾ ਹੈ, ਸਰੀਰ 'ਚ ਘਾਟੇ ਪੈਂਦੇ ਨੇ, ਸਰੀਰ 'ਚ ਵਾਧੇ ਹੁੰਦੇ ਨੇ। ਤੂੰ ਇਨ੍ਹਾਂ ਸਾਰਿਆਂ ਤੋਂ ਪਰ੍ਹੇ ਸਦਾ ਪਰਮ ਸਤਿ ਚਿੱਤ ਅਨੰਦ ਰਹਿਣ ਵਾਲਾ ਤੇਰਾ ਵਜੂਦ ਹੈ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***

***ਅੰਗ - ੪੪੧***

ਦੱਸ ਦਿਤਾ ਕਿ ਤੂੰ ਪੰਜ ਤੱਤ ਦੀ ਦੇਹ ਨਹੀਂ ਹੈਂ, ਤੂੰ ਇਸ ਦੇਹ ਵਿਚ ਜੋ ਗਿਆਨ ਇੰਦਰੇ, ਕਰਮ ਇੰਦਰੇ ਨੇ ਉਹ ਵੀ ਤੂੰ ਨਹੀਂ ਹੈਗਾ, ਇਹਦੇ ਵਿਚ ਪੰਜ ਪ੍ਰਾਣ ਚਲਦੇ ਨੇ ਇਹ ਵੀ ਤੂੰ ਨਹੀਂ ਹੈ, ਇਹਦੇ ਵਿਚ ਮਨ ਫੁਰਨੇ ਕਰਦਾ ਹੈ, ਤੂੰ ਮਨ ਨਹੀਂ ਹੈਂ। ਮਨ, ਚਿੱਤ, ਬੁੱਧ ਵੀ ਨਹੀਂ ਹੈ। ਜਿਹੜਾ ਤੂੰ ਕਹਿੰਦਾ ਹੈਂ ਕਿ ਇਹ ਮੈਂ ਹਾਂ ਇਹ ਮੈਂ ਵੀ ਤੂੰ ਨਹੀਂ ਹੈ ਇਹ ਹਉਮੈ ਦਾ ਪਰਛਾਵਾਂ ਹੈ, ਇਹ ਵੀ ਤੇਰਾ ਰੂਪ ਨਹੀਂ ਹੈ। ਇਸ ਸਭ ਕੁਛ ਨੂੰ ਭੁੱਲ ਕੇ ਤੂੰ ਆਪਣੇ ਸਰੂਪ ਨੂੰ ਪਛਾਣ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***

*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਅੰਗ - ੮੪੯*

ਸੋ ਐਸਾ ਗੁਰਸਿੱਖ ਦੇ ਅੰਦਰ ਗਿਆਨ ਭਰ ਦਿਤਾ, ਉਹ ਦੇਹ ਨੂੰ ਛੱਡ ਕਿ ਇਹ ਮੈਂ ਹਾਂ। ਜਦੋਂ ਦੇਹ ਨੂੰ ਕਹਿਣਾ ਛੱਡ ਜਾਵੇ ਤਾਂ ਦੇਹ ਅਧਿਆਸ ਟੁੱਟ ਜਾਇਆ ਕਰਦਾ ਹੈ। ਜਿਹੜੇ ਪਹਿਲੇ ਮਹਾਤਮਾ ਹੋਏ ਨੇ ਉਨ੍ਹਾਂ ਦਾ ਜਦੋਂ ਦੇਹ ਅਧਿਆਸ ਟੁੱਟ ਜਾਂਦਾ ਸੀ, ਆਤਮ ਗਿਆਨ ਹੁੰਦਾ ਫੇਰ ਉਹ ਸਰੀਰ ਰੱਖਿਆ ਨਹੀਂ ਸੀ ਕਰਦੇ, ਸਮਾਧੀ ਲਾ ਕੇ ਸਰੀਰ ਛੱਡ ਦਿੰਦੇ ਸੀ। ਬਹੁਤ ਸਾਰੇ ਮਹਾਤਮਾ ਬਾਰੇ ਐਸਾ ਆਉਂਦਾ ਹੈ, ਉਨ੍ਹਾਂ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਨੇ, ਚੌਂਕੜਾ ਮਾਰਿਆ ਤੇ ਸਰੀਰ ਛੱਡ ਦਿਤਾ।

ਸਵਾਮੀ ਰਾਮ ਤੀਰਥ, ਆਪ ਦਰਿਆ ਦੇ ਵਿਚ ਬੈਠ ਗਏ ਗੰਗਾ ਦੇ, ਪਤਾ ਵੀ ਹੈ ਕਿ ਗੰਗਾ ਚੜ੍ਹ ਰਹੀ ਹੈ, ਸਮਾਧੀ ਲਾ ਲਈ, ਕਹਿੰਦੇ ਹੁਣ ਸਰੀਰ ਰੱਖਣਾ ਨਹੀਂ ਕੀ ਲੋੜ ਹੈ, ਜਿਹੜਾ ਕੁਛ ਮੈਨੂੰ ਮਿਲਣਾ ਸੀ ਮੈਂ ਗਿਆਨ ਪ੍ਰਾਪਤ ਕਰ ਲਿਆ, ਮੇਰੀ ਮੈਂ ਮਰ ਗਈ ਤੇ ਹੁਣ ਪ੍ਰਮੇਸ਼ਰ ਹੀ ਆਪ ਹੈ ਮੈਂ ਵਾਧੂ ਦੀ ਚੀਜ਼ ਕਾਹਨੂੰ ਰੱਖਣੀ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਇਹ ਚੀਜ਼ ਐਉਂ ਨਹੀਂ ਗਵਾਉਣੀ ਪਿਆਰਿਓ! ਜਦੋਂ ਗਿਆਨ ਹੋ ਜਾਵੇ ਤਾਂ ਇਹ ਸਰੀਰ ਲੇਖੇ ਲਾਉਣਾ ਹੈ। ਕਈ ਮਹਾਤਮਾ ਇਹ ਕਹਿੰਦੇ ਨੇ ਕਿ ਸਾਡਾ ਸਰੀਰ ਦਰਿਆ ਸਪੁਰਦ ਕਰ ਦਿਓ ਮੱਛੀਆਂ ਖਾ ਲੈਣ। ਐਵੇਂ ਨਾ ਜਾਵੇ ਇਹ। ਦੇਹ ਅਧਿਆਸ ਟੁੱਟਿਆ ਹੁੰਦਾ ਹੈ, ਦੇਹ ਤੋਂ ਉਚੇ ਹੋਏ ਹੁੰਦੇ ਨੇ, ਦੇਹ ਨੂੰ ਕੰਮ ਲਾਉਣ ਵਾਸਤੇ ਸੋਚਦੇ ਨੇ ਕਿ ਕਿਤੇ ਕੰਮ ਲਗ ਜਾਵੇ। ਭਲੇ ਥਾਉਂ ਇਹ ਲੇਖੇ ਵਿਚ ਲਗ ਜਾਵੇ। ਸੋ ਐਸੀ ਭਾਵਨਾ ਗੁਰਸਿੱਖਾਂ ਦੇ ਅੰਦਰ ਭਰੀ ਜਾ ਚੁੱਕੀ ਸੀ। ਅਗਿਆਨ ਦਾ ਨਾਸ਼ ਹੋ ਗਿਆ ਸੀ। ਆਦਰਸ਼ਕ ਜੀਵਨ ਜੀਉਂਦੇ ਸੀ ਤੇ ਗੁਰਸਿੱਖ ਨੂੰ ਕਿੱਡੀ ਵੱਡੀ ਪਦਵੀ ਮਿਲਦੀ ਹੈ, ਆਪ ਹੈਰਾਨ ਹੋ ਜਾਓਂ।

ਮੁਲਤਾਨ ਦੇ ਅੰਦਰ ਭਾਈ ਤਾਰਾ ਗੁਰਸਿੱਖ ਸੀ ਗੁਰੂ ਸਾਹਿਬ ਦਾ। ਓਸ ਸ਼ਹਿਰ ਵਿਚ ਡਾਕਾ ਪੈ ਗਿਆ, ਕਿਸੇ ਨੇ ਤਾਰੇ ਦਾ ਨਾਉਂ ਲਿਆ। ਸੁਣਨ ਵਾਲੇ ਨੇ ਸੁਣ ਲਿਆ ਕਿ ਤਾਰਾ ਨਾਉਂ ਲੈਂਦੇ ਸੀ। ਦੂਜੇ ਦਿਨ ਜਦੋਂ ਪੁਲਿਸ ਆਈ ਤਾਂ ਉਹ ਕਹਿੰਦੇ ਕਿ ਤਾਰਾ ਨਾਉਂ ਬੋਲਿਆ ਸੀ ਉਥੇ। ਭਾਈ ਤਾਰੇ ਦਾ ਕਾਰੋਬਾਰ ਬੜਾ ਚਲਦਾ ਸੀ, ਅਮੀਰ ਸੀ, ਗੁਰਸਿਖਾਂ ਦੀ ਸੇਵਾ ਕਰਦਾ ਸੀ, ਓਸ ਨੂੰ ਫੜ ਲਿਆ। ਆ ਕੇ ਪੁਛ-ਪੁਛਾਈ ਹੋਈ, ਕਹਿੰਦੇ ਭਾਈ ਤਾਰਾ ਤੇਰਾ ਨਾਉਂ ਲਿਆ ਹੈ। ਤੂੰ ਡਾਕਾ ਮਾਰਿਆ ਹੈ।

ਕਹਿੰਦੇ, ਨਹੀਂ ਮੈਂ ਡਾਕਾ ਤਾਂ ਕੋਈ ਨਹੀਂ ਮਾਰਿਆ। ਪਰ ਇਹ ਹੈ ਕਿ ਮੇਰੇ ਤੇ ਕੋਤਵਾਲ ਸਾਹਿਬ ਨਾਰਾਜ਼ ਨੇ। ਨਰਾਜ਼ ਹੋਣ ਕਰਕੇ, ਕੋਈ ਹੋਣਾ ਤਾਰਾ ਹੋ ਸਕਦਾ ਹੈ, ਪਰ ਮੈਂ ਨਹੀਂ ਡਾਕਾ ਮਾਰਿਆ। ਕੋਤਵਾਲ ਸਾਹਿਬ ਕਿਉਂਕਿ ਏਸ ਕੇਸ ਦਾ ਇਕ ਇਨਾਮ ਰੱਖਿਆ ਗਿਆ, ਤਾਰਾ ਮੇਰਾ ਹੀ ਨਾਉਂ ਹੈ, ਮੈਂ ਫੜਿਆ ਗਿਆ। ਪਰ ਮੈਂ ਸੱਚਾ ਹਾਂ। ਕੋਤਵਾਲ ਸਾਹਿਬ ਨੇ ਏਸ ਗੱਲ ਦੇ ਉਤੇ ਕਿ ਮੈਂ ਇਕ ਮਸ਼ਹੂਰ ਡਾਕੂ ਫੜ ਲਿਆ ਕਿਉਂਕਿ ਤਾਰਾ ਹੀ ਤਾਰਾ ਹੁੰਦੀ ਸੀ ਹਰੇਕ ਥਾਵਾਂ ਦੇ ਉਤੇ। ਜਿਵੇਂ ਮਸ਼ਹੂਰ ਹੋ ਜਾਂਦਾ ਹੈ ਕੋਈ ਬੰਦਾ। ਮੈਨੂੰ ਬੜਾ ਇਨਾਮ ਮਿਲੇਗਾ, ਤਰੱਕੀ ਮਿਲੇਗੀ, ਓਸ ਕਪਟ ਦਾ ਸਹਾਰਾ ਲੈ ਕੇ 80 ਗਵਾਹੀਆਂ ਭਾਈ ਤਾਰੇ ਦੇ ਖਿਲਾਫ ਭੁਗਤਾਅ ਦਿਤੀਆਂ। ਹੁਣ ਕਾਜ਼ੀ ਦੇ ਕੋਲ ਮੁਕਦਮਾ ਸੀ। ਕਾਜ਼ੀ ਕਹਿਣ ਲੱਗਿਆ, ਨਵਾਬ ਸਾਹਿਬ ਨੂੰ ਕਿ ਬੰਦਾ ਕਾਰੋਬਾਰੀ, ਤਾਰਾ ਇਹ ਡਾਕਾ ਮਾਰਦਾ ਹੈ ਤੇ ਸਜ਼ਾ ਇਹਦੀ ਇਹ ਹੈ ਕਿ ਇਹਨੂੰ ਸ਼ਰੇਆਮ ਧਰਤੀ 'ਚ ਅੱਧਾ ਗੱਡ ਕੇ ਉਤੇ ਦਹੀਂ ਪਾ ਕੇ ਕੁੱਤਿਆਂ ਤੋਂ ਜੀਉਂਦਾ ਪੜਵਾ ਦਿਤਾ ਜਾਵੇ। ਬੜੀਆਂ ਸਖਤ ਸਜ਼ਾਵਾਂ ਦਿੰਦੇ ਸੀ।

ਨਵਾਬ ਕਹਿਣ ਲੱਗਿਆ ਕਿ ਮੁਕੱਦਮਾ ਮੇਰੇ ਪੇਸ਼ ਕਰੋ? ਕਹਿੰਦਾ, ਕਿਉਂ ਨਵਾਬ ਸਾਹਿਬ? ਕਹਿੰਦਾ ਮੇਰੇ ਅੰਦਰੋਂ ਆਵਾਜ਼ ਆਉਂਦੀ ਹੈ ਕਿ ਸਿੱਖ ਕਦੇ ਵੀ ਚੋਰੀ ਨਹੀਂ ਕਰੇਗਾ। ਇਹ ਗੁਰੂ ਨਾਨਕ ਦਾ ਸਿੱਖ ਹੋਵੇ ਤੇ ਚੋਰੀ ਕਰੇ। ਗੁਰੂ ਨਾਨਕ ਦਾ ਸਿੱਖ ਹੋਵੇ ਤੇ ਡਾਕੇ ਮਾਰੇ। ਗੁਰੂ ਨਾਨਕ ਦਾ ਸਿੱਖ ਹੋਵੇ ਤੇ ਝੂਠ ਬੋਲੇ। ਨਹੀਂ ਮੇਰਾ ਅੰਦਰੋਂ ਮਨ ਨਹੀਂ ਮੰਨਦਾ। ਕਿਉਂਕਿ ਮੈਂ ਗੁਰੂ ਨਾਨਕ ਦੇ ਸਿੱਖਾਂ ਨਾਲ ਵਾਹ ਪਾ ਕੇ ਦੇਖਿਆ ਹੈ, ਉਹ ਕਦੇ ਝੂਠ ਨਹੀਂ ਬੋਲਦਾ, ਕਦੇ ਉਹ ਕਪਟ ਦੀ ਗੱਲ ਨਹੀਂ ਕਰਦੇ, ਕਦੇ ਛਲ ਦੀ ਗੱਲ ਨਹੀਂ ਕਰਦੇ, ਪਰਇਸਤ੍ਰੀ ਗਮਨ ਨਹੀਂ ਕਰਦੇ, ਸੱਚੇ ਸੁੱਚੇ ਨੇ।

ਕਾਜ਼ੀ ਕਹਿਣ ਲੱਗਿਆ, ਕਿ 90 ਗਵਾਹੀਆਂ ਹੋ ਚੁੱਕੀਆਂ ਨੇ। ਭਾਈ ਤਾਰੇ ਨੂੰ ਕਹਿਣ ਲੱਗੇ ਕਿ ਪੇਸ਼ ਕਰੋ। ਕਹਿਣ ਲੱਗਿਆ, ਭਾਈ ਤਾਰਾ! ਕਾਨੂੰਨ ਦੇ ਮੁਤਾਬਿਕ ਤੇਰੇ ਖਿਲਾਫ 80 ਗਵਾਹੀਆਂ ਹੋ ਗਈਆਂ ਤੇ ਤੇਰੀ ਸ਼ਨਾਖਤ ਹੋ ਚੁੱਕੀ ਹੈ ਤੇ ਪਿਆਰਿਆ ਮੇਰੇ ਅੰਦਰ ਆ ਨਹੀਂ ਰਿਹਾ ਕਿ ਸਿੱਖ ਨਹੀਂ ਹੋ ਸਕਦਾ। ਐਨੇ ਹੋਣ ਦੇ ਬਾਵਜੂਦ ਵੀ ਇਹ ਹੈ ਕਿ ਸਿੱਖ ਕਦੇ ਵੀ ਡਾਕਾ ਨਹੀਂ ਮਾਰੇਗਾ। ਸਿੱਖ ਡਾਕੂਆਂ ਨਾਲ ਲੜ ਕੇ ਸ਼ਹੀਦ ਹੋ ਜਾਏਗਾ, ਪਰ ਸਿੱਖ ਡਾਕਾ ਨਹੀਂ ਮਾਰੇਗਾ। ਸਿੱਖ ਦੂਜੇ ਦੀਆਂ ਬਹੂ ਬੇਟੀਆਂ ਦੀ ਇਜ਼ਤ ਰੱਖਣ ਵਾਸਤੇ ਆਪਣੇ ਪ੍ਰਾਣ ਦੇ ਦਏਗਾ, ਕਦੇ ਦੂਸਰੇ ਦੀਆਂ ਬਹੂ-ਬੇਟੀਆਂ ਦੀ ਬੇਇਜ਼ਤੀ ਨਹੀਂ ਕਰੇਗਾ। ਇਹ ਮੈਂ ਗੁਰੂ ਨਾਨਕ ਦੀ ਤਾਲੀਮ ਸੁਣ ਕੇ, ਪੜ੍ਹ ਕੇ ਇਹ ਮੇਰਾ ਵਿਸ਼ਵਾਸ਼ ਹੈ ਭਾਈ ਤਾਰਾ। ਮੈਨੂੰ ਬੜਾ ਅਫਸੋਸ ਹੁੰਦਾ

ਹੈ ਕਿ ਮੈਂ ਅੱਜ ਇਕ ਸਿੱਖ ਨੂੰ ਸਜ਼ਾ ਦੇਣ ਲੱਗਾ ਹਾਂ। ਤੂੰ ਕੋਈ ਸਫਾਈ ਦਾ ਗਵਾਹ ਨਹੀਂ ਲਿਆ ਸਕਦਾ? ਕਹਿਣ ਲੱਗਿਆ, ਨਵਾਬ ਸਾਹਿਬ! ਮੇਰਾ ਗਵਾਹ ਤਾਂ ਮੇਰਾ ਗੁਰੂ ਹੈ, ਗੁਰੂ ਪੰਜਵੇਂ ਪਾਤਸ਼ਾਹ। ਹੋਰ ਕੋਈ ਮੇਰਾ ਗਵਾਹ ਨਹੀਂ ਹੈ। ਕਹਿਣ ਲੱਗੇ, ਐਨਾ ਸ਼ਹਿਰ ਵਸਦਾ ਹੈ? ਕਹਿੰਦੇ ਕੋਤਵਾਲ ਸਾਹਿਬ ਤੋਂ ਡਰਦਾ ਹੈ, ਜੇ ਗਵਾਹੀ ਦੇਣਗੇ ਤਾਂ ਕੋਤਵਾਲ ਸਾਹਿਬ ਨੇ ਉਸੇ ਵਕਤ ਕੇਸ ਵਿਚ ਉਹਨੂੰ ਫੜ ਲੈਣਾ ਹੈ। ਏਸ ਕਰਕੇ ਸਤਿ ਬੋਲਣ ਦੀ ਜ਼ੁਰਅਤ ਨਹੀਂ ਹੈ ਕਿਸੇ ਵਿਚ। ਸੱਚ ਬੋਲ ਨਹੀਂ ਸਕਦਾ ਕੋਈ, ਏਸ ਕਰਕੇ ਮੈਂ ਦੂਜਿਆਂ ਨੂੰ ਕਿਉਂ ਤਕਲੀਫ ’ਚ ਪਾਵਾਂ, ਸਭ ਨੂੰ ਪਤਾ ਹੈ ਮੇਰਾ।

ਉਹ ਕਹਿਣ ਲੱਗਿਆ, ਚੰਗਾ! ਤੂੰ ਗੁਰੂ ਵਾਲਾ ਹੈਂ, ਮੈਂ ਕਾਨੂੰਨ ਦਾ ਰਾਖਾ ਹਾਂ। ਕਾਨੂੰਨ ਦੇ ਮੁਤਾਬਿਕ ਮੈਂ ਤੈਨੂੰ ਸਜ਼ਾ ਦੇਣੀ ਹੀ ਹੈ। ਪਰ ਪੰਦਰਾਂ ਦਿਨ ਦਾ ਮੈਂ ਵਕਫਾ ਦਿੰਦਾ ਹਾਂ। ਪੰਦਰਾਂ ਦਿਨਾਂ ਤੋਂ ਬਾਅਦ ਫੇਰ ਮੁਕੱਦਮਾ ਨਵਾਬ ਸਾਹਿਬ ਦੇ ਕੋਲ ਆਇਆ। ਕਹਿਣ ਲੱਗੇ, ਭਾਈ ਤਾਰਾ! ਤੈਨੂੰ ਸਜ਼ਾ ਇਹ ਮਿਲੀ ਹੈ। ਤੈਨੂੰ ਜੀਉਂਦੇ ਨੂੰ ਚੁਰਾਹੇ ਵਿਚ ਗੱਡ ਕੇ ਕੁੱਤਿਆਂ ਤੋਂ ਪੜਵਾਉਂਣਾ ਹੈ। ਅਜੇ ਵੀ ਇਕ ਮੌਕਾ ਮੈਂ ਤੈਨੂੰ ਦਿੰਦਾ ਹਾਂ ਕਿ ਜੇ ਤੇਰੀ ਸਫਾਈ ਦਾ ਤੇਰਾ ਕੋਈ ਗਵਾਹ ਹੈ ਤਾਂ ਲੈ ਆ। ਕਹਿਣ ਲੱਗਿਆ, ਮੇਰਾ ਤਾਂ ਗਵਾਹ ਮੇਰਾ ਗੁਰੂ ਹੈ, ਹੋਰ ਕੋਈ ਨਹੀਂ ਹੈ। ਮੇਰਾ ਆਪਣਾ ਜੀਵਨ ਹੈ, ਮੇਰੇ ਗੁਰੂ ਦੀ ਬਾਣੀ ਹੈ ਮੇਰੀ ਗਵਾਹ ਜਿਹਨੂੰ ਮੈਂ ਮੰਨਦਾ ਹੈ, ਜਿਹਦੇ ਮੁਤਾਬਿਕ ਮੈਂ ਆਪਣਾ ਜੀਵਨ ਢਾਲ ਰਿਹਾ ਹਾਂ। ਜਿਹਦੀ ਰੋਸ਼ਨੀ ਦੇ ਅੰਦਰ ਮੈਂ ਚਲ ਰਿਹਾ ਹਾਂ। ਮੇਰੇ ਗੁਰੂ ਦੀ ਬਾਣੀ ਨਹੀਂ ਕਹਿੰਦੀ ਕਿ ਡਾਕਾ ਮਾਰੋ, ਮੇਰੇ ਗੁਰੂ ਦੀ ਬਾਣੀ ਨਹੀਂ ਕਹਿੰਦੇ ਕਿ ਕਿਸੇ ਨਾਲ ਵੈਰ ਕਰੋ। ਮੇਰੇ ਗੁਰੂ ਦੀ ਬਾਣੀ ਨਹੀਂ ਕਹਿੰਦੇ ਕਿ ਕਿਸੇ ਦਾ ਬੁਰਾ ਕਰੋ। ਮੇਰਾ ਗੁਰੂ ਕਹਿੰਦਾ ਹੈ ਕਿ ਜਿਹੜਾ ਬੁਰਾ ਕਰਦਾ ਹੈ ਉਹਦਾ ਵੀ ਭਲਾ ਕਰ। ਮੈਂ ਹੋਰ ਤਰ੍ਹਾਂ ਦੇ ਬੰਦੇ ਸੰਸਾਰ ’ਚ ਲਿਆਉਣੇ ਚਾਹੁੰਦਾ ਹਾਂ ਜਿਹੜੇ ਸੱਚਮੁੱਚ ਰੱਬ ਦੇ ਬੰਦੇ ਨੇ। ਮੇਰਾ ਬੰਦਾ ਕਿਸੇ ਦੀ ਨਿੰਦਿਆ ਨਹੀਂ ਕਰੇਗਾ। ਨਵਾਬ ਸਾਹਿਬ, ਮੈਂ ਗੁਰੂ ਨੂੰ ਮੰਨਣ ਵਾਲਾ, ਮੇਰਾ ਪ੍ਰਥਮ ਗੁਰੂ, ਨਾਨਕ ਕਹਿੰਦਾ ਹੈ ਕਿ ‘ਹਮ ਨਹੀ ਚੰਗੇ ਬੁਰਾ ਨਹੀ ਕੋਇ’ ਮੇਰੇ ਗੁਰੂ ਨੇ ਅੰਦਰ ਅੱਖ ਖੋਲ੍ਹ ਦਿਤੀ ਤੇ ਮੈਨੂੰ ਹੁਣ ਬੁਰਾ ਦਿਸਣ ਤੋਂ ਹਟ ਗਿਆ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦***

ਨਵਾਬ ਨੇ ਪੁਛਿਆ, ਕਿ ਭਾਈ ਤਾਰਾ! ਮੌਤ ਤੋਂ ਡਰ ਨਹੀਂ ਲਗਦਾ?

ਕਹਿਣ ਲੱਗਿਆ, ਨਵਾਬ ਸਾਹਿਬ! ਮੈਂ ਮੌਤ ਦਾ ਜਿਹੜਾ ਕੰਢਾ ਸੀ ਨਾ ਉਹ ਪਾਰ ਕਰਕੇ ਉਥੇ ਬੈਠਾ ਹਾਂ ਜਿੱਥੇ ਮੌਤ ਪਹੁੰਚਦੀ ਨਹੀਂ ਹੈ। ਕਹਿੰਦੇ, ਸਾਰਾ ਸੰਸਾਰ ਡਰਦਾ ਹੈ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਨਵਾਬ ਸਾਹਿਬ! ਜ਼ਿੰਦਗੀ ਦਾ ਜੋ ਆਦਰਸ਼ ਹੈ, ਮੰਤਵ ਹੈ ਉਹ ਮੈਂ ਪਾਰ ਕਰ ਲਿਆ ਉਥੇ ਮੌਤ ਨਹੀਂ ਪਹੁੰਚਦੀ, ਸਰੀਰ ਨੇ ਕਦੇ ਰਹਿਣਾ ਨਹੀਂ, ਇਹ ਤਾਂ ਤ੍ਰੈਕਾਲ ਬਿਨਸਣਾ ਹੀ ਬਿਨਸਣਾ ਹੈ, ਅੱਜ ਨਾ ਬਿਨਸਿਆ ਫੇਰ ਬਿਨਸ ਜਾਏਗਾ। ਏਸ ਕਰਕੇ ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲਗਦਾ। ਸੋਚਣ ਲੱਗ ਗਿਆ, ਕਹਿਣ ਲੱਗਿਆ ਮੈਂ ਥੋੜ੍ਹਾ ਸਮਾਂ ਹੋਰ ਦਿੰਦਾ ਹਾਂ। ਕਾਜ਼ੀ ਕਹਿਣ ਲੱਗਿਆ ਕਿ ਨਵਾਬ ਸਾਹਿਬ, ਹੁਣ ਸਮਾਂ ਕਾਹਦਾ? ਕਹਿੰਦਾ, ਮੇਰਾ ਅੰਦਰੋਂ ਆਵਾਜ਼ ਆ ਰਹੀ ਹੈ ਕਿ ਇਹ ਬੇਕਸੂਰ ਹੈ।

ਕਹਿੰਦਾ, 80 ਗਵਾਹੀਆਂ?

ਕਹਿੰਦਾ, 80 ਗਵਾਹੀਆਂ ਗੁਰੂ ਵਾਲਿਆਂ ਦੀਆਂ ਨਹੀਂ ਹੋਈਆਂ, ਇਹ ਡਰਾਕਲ ਬੰਦਿਆਂ ਦੀਆਂ ਗਵਾਹੀਆਂ ਨੇ ਮੈਂ ਨਹੀਂ ਮੰਨਦਾ। ਅਜੇ ਗੱਲਾਂ ਹੋ ਰਹੀਆਂ ਸੀ, ਭਾਈ ਤਾਰਾ ਕਚਹਿਰੀ ਵਿਚ ਖੜ੍ਹਾ ਹੈ, ਇਕ ਦੂਤ ਆਇਆ ਤੇ ਪਰਵਾਨਾ ਹੱਥ ਵਿਚ ਫੜਾ ਦਿਤਾ ਨਵਾਬ ਦੇ। ਉਸ ਤੇ ਲਿਖਿਆ ਹੋਇਆ ਸੀ, ਨਵਾਬ ਸਾਹਿਬ! ਤੁਹਾਡੇ ਸੂਬੇ ਦੇ ਅੰਦਰ, ਮੁਲਤਾਨ ਦੇ ਅੰਦਰ ਕੋਈ ਤਾਰੇ ਨਾਮ ਦਾ ਸਿੱਖ ਫੜਿਆ ਹੋਇਆ ਹੈ ਕਿ ਇਹਨੇ ਡਾਕਾ ਮਾਰਿਆ ਹੈ, ਤਾਰਾ ਡਾਕੂ ਮੈਂ ਫੜ ਲਿਆ ਹੈ ਤੇ ਸਾਡੀ ਪੁਛ-ਗਿੱਛ ਦੇ ਅੰਦਰ ਹੈ ਤੇ ਉਸਨੇ ਸਾਰਾ ਦੱਸ ਦਿਤਾ ਕਿ ਐਨਾ ਮੈਂ ਸਮਾਨ ਚੁੱਕਿਆ ਸੀ, ਅਸੀਂ ਸਾਰਾ ਸਮਾਨ ਪ੍ਰਾਪਤ ਕਰ ਲਿਆ ਉਸ ਤੋਂ।

ਸਾਰੀ ਗੱਲ ਬਦਲ ਗਈ, ਨਵਾਬ ਖਿੜ ਉਠਿਆ, ਕਹਿਣ ਲੱਗਿਆ, ਕਿਉਂ ਕੋਤਵਾਲ ਸਾਹਿਬ! ਇਕ ਨਾਜ਼ਾਇਜ਼ ਬੰਦੇ ਨੂੰ ਤੁਸੀਂ ਫੜਿਆ, ਕਾਜ਼ੀ ਸਾਹਿਬ, ਤੁਸੀਂ ਵੀ ਨਾ ਅਕਲ ਕਰੀ। ਮੈਂ ਕਹਿਦਾ ਸੀ ਨਾ ਕਿ ਗੁਰੂ ਨਾਨਕ ਦਾ ਸਿੱਖ ਕਦੇ ਵੀ ਝੂਠ ਨਹੀਂ ਬੋਲਦਾ, ਕਦੇ ਕਿਸੇ ਨੂੰ ਫਸਾਉਂਦਾ ਨਹੀਂ। ਦੁੱਖ ਦੁਨੀਆਂ ਦਾ ਆਪਣੇ ਸਿਰ ਤੇ ਲੈ ਲੈਂਦਾ ਹੈ। ਦੂਸਰੇ ਨੂੰ ਦੁਖੀ ਨਹੀਂ ਕਰਦਾ, ਦੂਜੇ ਦਾ ਭਲਾ ਕਰਦਾ ਹੈ, ਬੁਰਿਆਈ ਨਹੀਂ ਕਰਦਾ, ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਸਤਿ ਦੀ ਕਿਰਤ ਕਰਦਾ ਹੈ, ਸੋ ਬਾ-ਇਜ਼ਤ ਤਰੀਕੇ ਨਾਲ ਬਰੀ ਹੀ ਨਹੀਂ ਕੀਤਾ,

ਮਾਫੀਆਂ ਮੰਗੀਆਂ, ਕਹਿਣ ਲੱਗੇ, ਭਾਈ ਤਾਰਾ! ਤੈਨੂੰ ਕਿੰਨੇ ਮਹੀਨੇ ਹੋ ਗਏ ਕਾਰਾਗਾਰ ਦੇ ਅੰਦਰ। ਬੜੀ ਤਕਲੀਫ ਹੋਈ, ਮੈਂ ਬੜਾ ਸ਼ਰਮਿੰਦਾ ਹਾਂ ਕਿ ਮੈਂ ਇਕ ਗੁਰੂ ਦੇ ਸਿੱਖ ਨੂੰ ਨਾਜ਼ਾਇਜ਼ ਤਕਲੀਫ ਦਿਤੀ। ਭਾਵੇਂ ਮੈਂ ਅੰਦਰੋਂ ਮੰਨਦਾ ਸੀ।

ਸੋ ਇਹ ਕੋਈ ਜੀਵਨ ਛੋਟਾ ਜਿਹਾ ਹੈ ਸਾਧਸੰਗਤ ਜੀ! ਮੈਦਾਨ-ਏ-ਜੰਗ ਦੇ ਅੰਦਰ ਕਾਜ਼ੀ ਨੂਰਦੀਨ ਆਉਂਦਾ ਹੈ, ਅਹਿਮਦ ਸ਼ਾਹ ਅਬਦਾਲੀ ਦੇ ਨਾਲ, ਉਹ ਜਾ ਕੇ ਲਿਖਦਾ ਹੈ ਕਿ ਇਨ੍ਹਾਂ ਨੂੰ ਝੂਠੇ ਨਾ ਕਹੋ, ਇਹ ਝੂਠ ਨਹੀਂ ਬੋਲਦੇ, ਇਹ ਕਪਟੀ ਨਹੀਂ ਹੈਗੇ। ਇਹ ਪਰਇਸਤ੍ਰੀ ਗਮਨ ਨਹੀਂ ਕਰਦੇ। ਇਹ ਜੇ ਕਿਸੇ ਦਾ ਸ਼ਸਤਰ ਟੁੱਟ ਜਾਵੇ, ਉਹਨੂੰ ਫੇਰ ਨਹੀਂ ਮਾਰਦੇ। ਕਹਿੰਦੇ ਨੇ ਕਿ ਹੋਰ ਸ਼ਸਤਰ ਲੈ ਜੇ ਲੜਨਾ ਹੈ। ਸੂਰਮੇ ਦਾ ਕੰਮ ਨਹੀਂ ਕਿ ਸ਼ਸਤਰ ਟੁੱਟ ਜਾਏ ਤੇ ਮਾਰ ਦਿਓ। ਜੇ ਕੋਈ ਇਨ੍ਹਾਂ ਦੀ ਸ਼ਰਨ ਲੈ ਲਵੇ ਫੇਰ ਇਹ ਮਾਰਦੇ ਨਹੀਂ। ਕਹਿੰਦੇ ਨੇ ਇਨ੍ਹਾਂ ਨੂੰ ਕੁੱਤੇ ਨਾ ਕਹੋ ਇਹ ਸੱਚਮੁੱਚ ਸ਼ੇਰ ਨੇ। ਸੋ ਐਸੀ ਕੁਆਲਿਟੀ ਦੇ ਬੰਦੇ ਗੁਰੂ ਮਹਾਰਾਜ ਨੇ, ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਬਾਣੀ ਦੇ ਬਲ ਦੇ ਨਾਲ ਪੈਦਾ ਕਰ ਦਿਤੇ ਸੀ ਤੇ ਗੁਰੂ ਛੇਵੇਂ ਪਾਤਸ਼ਾਹ ਨੂੰ ਜਦੋਂ ਯੁੱਧ ਲੜਨਾ ਪਿਆ, ਇਕ ਦਮ ਪਰਵਾਨਿਆਂ ਵਾਂਗਣ ਆ ਕੇ ਸ਼ਹੀਦੀਆਂ ਪ੍ਰਾਪਤ ਕਰੀਆਂ। ਸੋ ਇਹ ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਏਸ ਨੂੰ ਵਿਉਂਤਬੰਦ ਦੇ ਅੰਦਰ ਜਿਵੇਂ ਪੁਸ਼ਾਕ ਪਾਉਣੀ ਹੁੰਦੀ ਹੈ, uniformity ਲਿਆਉਣੀ ਸੀ। ਖਾਲਸਾ ਪਹਿਲਾਂ ਹੀ ਤਿਆਰ ਸੀ। ਇਹਦੀ ਤਿਆਰੀ ਸਾਰੀ ਹੋ ਚੁੱਕੀ ਸੀ, ਕੇਵਲ ਰੂਪ ਰੇਖਾ ਦੇਣੀ ਸੀ, ਮਕਾਨ ਬਣਿਆ ਪਿਆ ਸੀ ਸਾਰਾ। ਜਿਸ ਵਕਤ ਗੁਰੂ ਮਹਾਰਾਜ ਜੀ ਖਾਲਸਾ ਆਦਰਸ਼ ਪ੍ਰਗਟ ਕਰਦੇ ਨੇ ਤਾਂ 'ਖਾਲਸਾ' ਨਾਉਂ ਲਿਖੇ ਤੋਂ ਨਹੀਂ ਹੁੰਦਾ।

ਖਾਲਸਾ ਆਦਰਸ਼ ਹੁੰਦਾ ਹੈ। ਮਹਾਰਾਜ ਨੇ ਐਵੇਂ ਨਹੀਂ ਕਹਿ ਦਿਤਾ। ਖਾਲਸਾ ਮੇਰਾ ਸੱਜਣ ਹੈ, ਸੂਰਮਾ ਹੈ, ਖਾਲਸਾ ਮੇਰਾ ਗੁਰੂ ਹੈ, ਸਤਿਗੁਰੂ ਪੂਰਾ ਹੈ ਖਾਲਸਾ ਹੈ ਤੇ ਇਹ ਵੀ ਕਹਿ ਦਿਤਾ -

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਮੇਰੇ ਵਿਚ ਤੇ ਮੇਰੇ ਖਾਲਸੇ ਦੇ ਅੰਦਰ ਤੇ ਵਾਹਿਗੁਰੂ ਦੇ ਅੰਦਰ ਰੰਚਕ ਜਿੰਨਾ ਭੇਦ ਨਾ ਜਾਣੋ। ਇਥੇ ਸ਼ੰਕਾ ਕਰ ਦਿੰਦੇ ਨੇ ਕਿ ਇਥੇ ਗੁਰੂ ਸਾਹਿਬ ਨੇ ਬਰਾਬਰੀ ਕਰ ਲਈ ਅਕਾਲਪੁਰਖ ਦੀ। ਇਕ ਥਾਂ ਤੇ ਉਹ ਕਹਿੰਦੇ ਨੇ -

***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***

ਜਦੋਂ ਇਹ ਬਚਨ ਉਚਾਰਿਆ ਗੁਰੂ ਸਾਹਿਬ ਨੇ, ਪਹਿਲਾਂ ਵਚਿੱਤਰ ਨਾਟਕ ਦਾ ਬਚਨ ਭੁੱਲ ਚੁੱਕੇ ਸੀ? ਨਹੀਂ ਸਾਧਸੰਗਤ ਜੀ! ਇਹ ਅਵਸਥਾ ਭੇਦ ਹੁੰਦਾ ਹੈ। indiviual ਜੋ ਬੰਦਾ ਹੈ ਉਹ ਕਿੱਡਾ ਹੀ ਉਚਾ ਕਿਉਂ ਨਾ ਹੋਵੇ, ਉਹ ਰੱਬ ਨਹੀਂ ਹੋਇਆ ਕਰਦਾ, collective ਜਿਹੜਾ ਹੁੰਦਾ ਹੈ ਉਹ ਰੱਬ ਤੋਂ ਅੱਡ ਨਹੀਂ ਹੁੰਦਾ। collective ਜੋ ਕੁਛ ਯੂਨਿਟ ਹੈ ਉਹ ਜਿਹੜਾ ਯੂਨਿਟ ਦਾ ਆਪਣਾ ਫਰਜ਼ ਹੋਇਆ ਕਰਦਾ ਹੈ। ਜਿਹੜੀ totality ਹੈ ਉਹ ਪ੍ਰਮੇਸ਼ਰ ਹੈ ਸਾਰੀ। ਇਕ ਬੰਦੇ ਨੂੰ ਤੁਸੀਂ ਪ੍ਰਮੇਸ਼ਰ ਕਹੋ, ਦੂਜੇ ਕੌਣ ਨੇ, ਜੇ ਤੁਹਾਡੀ ਐਨੀ ਸੋਝੀ ਖੁਲ੍ਹ ਗਈ, ਫੇਰ ਵਾਹਿਗੁਰੂ ਤੋਂ ਬਿਨਾਂ ਇਥੇ ਹੈ ਕੋਈ ਨਹੀਂ, ਸਭ ਪ੍ਰਮੇਸ਼ਰ ਹੀ ਹੈ। ਜੇ ਇਕ ਬੰਦੇ ਨੂੰ ਤੁਸੀਂ ਰੱਬ ਕਹਿੰਦੇ ਓਂ, ਇਕ ਨੂੰ ਦੁਸ਼ਟ ਕਹਿੰਦੇ ਹੋਂ ਫੇਰ ਝੂਠ ਬੋਲਦੇ ਹੋਂ। ਫੇਰ ਜਿਹਨੂੰ ਰੱਬ ਕਹਿੰਦੇ ਓਂ ਉਹ ਰੱਬ ਨਹੀਂ ਹੈ, ਜਿਹਨੂੰ ਦੁਸ਼ਟ ਕਹਿੰਦੇ ਓਂ ਉਹ ਦੁਸ਼ਟ ਨਹੀਂ ਹੈ। ਫੇਰ ਝੂਠ ਨਾ ਬੋਲੋ। ਕਿਉਂਕਿ ਅਗਿਆਨ ਦੀਆਂ ਗੱਲਾਂ ਨੇ, ਗਿਆਨ ਦੀ ਗੱਲ ਹੋਰ ਹੁੰਦੀ ਹੈ। ਸੋ ਗੁਰੂ ਸਾਹਿਬ ਐਨਾ ਉਚਾ ਲੈ ਗਏ ਕਿ ਉਨ੍ਹਾਂ ਵਿਚ ਤੇ ਪ੍ਰਮੇਸ਼ਰ ਵਿਚ ਭੇਤ ਨਹੀਂ ਹੈ ਤੇ ਜਿਹੜੇ ਦੇਵਤੇ ਨੇ ਜਿਨ੍ਹਾਂ ਨੂੰ ਮਨੁੱਖਾਂ ਤੋਂ ਉਚਾ ਗਿਣਿਆ ਜਾਂਦਾ ਸੀ ਉਹ ਦੇਵਤੇ ਵੀ ਉਸੇ ਆਦਰਸ਼ ਦੀ ਢੂੰਡ ਦੇ ਵਿਚ ਸੰਸਾਰ ਤੇ ਆ ਕੇ ਗੁਪਤ ਰੂਪ ਵਿਚ ਦੇਖਦੇ ਫਿਰਦੇ ਨੇ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਅੰਗ - ੨੭੩***

ਕਿਉਂ ਖੋਜਦਾ ਹੈ? ਨਾਲ ਹੀ ਜਵਾਬ ਹੈ -

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਜਿਹਦੇ 'ਚੋਂ ਮੈਂ ਦਾ ਖਾਤਮਾ ਹੋ ਗਿਆ, ਉਹਦੇ ਵਿਚ ਵਾਹਿਗੁਰੂ ਹੈ। ਹੈ ਤਾਂ ਵਾਹਿਗੁਰੂ ਤੁਹਾਡੇ ਸਾਰਿਆਂ 'ਚ, ਮੇਰੇ ਵਿਚ ਹੈ ਤੁਹਾਡੇ ਵਿਚ ਵੀ ਹੈ, ਪਰ ਇਕ ਮੰਜ਼ਲ ਹੇਠਾਂ ਉਤਰ ਕੇ ਅਸੀਂ ਆਪਣੇ ਆਪ ਨੂੰ ਆਪੇ ਹੀ ਜੀਵ ਆਤਮਾ ਮੰਨ ਲਿਆ। ਜੀਵ ਆਤਮਾ ਵੀ ਨਹੀਂ ਮੰਨਿਆ, ਆਹ ਜਿਹੜਾ ਸਰੀਰ ਹੈ, ਇਹੀ ਬਣ ਗਏ, ਮੇਰਾ ਨਾਉ ਫਲਾਣਾ, ਮੇਰਾ ਫਲਾਣਾ। ਇਹ ਤਾਂ ਸਰੀਰ ਹੈ ਪੰਜ ਤੱਤ ਦਾ ਬਣਿਆ ਹੈ। ਬ੍ਰਹਮਗਿਆਨੀ ਦੇ ਅੰਦਰ ਪੂਰਨ ਪ੍ਰਕਾਸ਼ ਹੁੰਦਾ ਹੈ, ਉਹਦੇ ਵਿਚ ਜਿਹੜੀ ਝੂਠੀ ਮੈਂ ਹੈ ਉਹ ਖਤਮ ਹੋ ਜਾਂਦੀ ਹੈ, ਅਸਲ ਵਿਚ ਪ੍ਰਮੇਸ਼ਰ ਸਾਰੇ ਸਰੀਰਾਂ 'ਚ ਬੈਠਾ ਆਪ ਹੀ ਕੰਮ ਕਰਦਾ ਹੈ, ਸਤਿ ਤਾਂ ਹੈਗਾ ਇਹ। ਲੇਕਿਨ ਮਾਇਆ ਦੇ ਅਸਰ ਅੰਦਰ, ਭੁੱਲ ਦੇ ਅੰਦਰ, ਇਹ ਪਦਵੀ ਤੋਂ ਜਿਹੜੀ ਸੁਰਤ ਸੀ ਹੇਠਾਂ ਉਤਰ ਕੇ ਆ ਕੇ ਸਾਢੇ ਤਿੰਨ ਹੱਥ ਦਾ ਸਰੀਰ ਬਣ ਗਈ। ਬ੍ਰਹਮਗਿਆਨੀ ਜਿਹੜਾ ਹੁੰਦਾ

ਹੈ ਉਹ ਸਰੀਰ ਨਹੀਂ ਹੁੰਦਾ, ਉਹ ਪੂਰਨ ਜੋਤ ਦੇ ਵਿਚ ਪ੍ਰਕਾਸ਼ਤ ਹੁੰਦਾ, ਆਪਣੀ ਹਸਤੀ ਖੋ ਬੈਠਦਾ ਹੈ, ਉਥੇ ਕੁਛ ਨਹੀਂ ਹੁੰਦਾ, ਰੱਬ ਤੋਂ ਬਿਨਾਂ।

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ - ੬੫੭*

ਜਦੋਂ ਹਸਤੀ ਖੋਈ ਤਾਂ ਰੱਬ ਰਹਿ ਗਿਆ ਉਹਦੇ ਵਿਚ, ਮਹਾਰਾਜ ਫੁਰਮਾਨ ਕਰਦੇ ਨੇ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ - ੫੫੦*

ਕਹਿੰਦੇ, ਆਹ ਸਰੀਰ ਰੂਪੀ ਦਰਖਤ ਦੇ ਉਤੇ ਦੋ ਪੰਛੀ ਬੈਠੇ ਨੇ ਇਕ ਤਾਂ ਬੁੱਧੀ ਰੂਪ ਹੈ ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਇਕ ਪ੍ਰਮੇਸ਼ਰ ਹੈ, ਪ੍ਰਮੇਸ਼ਰ ਅਸਲ ਹੈ ਨਾ ਕਿਤੇ ਜਾਂਦਾ ਹੈ ਨਾ ਕਿਤੇ ਆਉਂਦਾ ਹੈ, ਸਦਾ ਅਨੰਦ ਦੇ ਵਿਚ ਰਹਿੰਦਾ ਹੈ, ਜਿਹੜਾ ਜੀਵ ਆਤਮਾ ਹੈ ਇਹ ਉਡਦਾ ਫਿਰਦਾ ਹੈ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - ੬੬*

ਮਾਇਆ ਵਿਚ ਫਸ ਗਿਆ -

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥*
*ਅੰਗ - ੫੦*

ਹੇਠਲੇ ਪੱਧਰ ਤੇ ਸੁਰਤ ਆ ਗਈ, ਹੇਠਾਂ ਆ ਕੇ ਮੈਂ ਬਣ ਗਈ ਜਿੰਨਾ ਚਿਰ ਮੈਂ ਹੈ ਓਨਾ ਚਿਰ ਗਿਆਨ ਨਹੀਂ ਹੁੰਦਾ। ਜਦੋਂ ਮੈਂ ਮਿਟ ਗਈ ਫੇਰ ਅਸਲ ਰਹਿ ਗਿਆ ਇਹਦੇ ਵਿਚ। ਬ੍ਰਹਮਗਿਆਨ ਆਪ ਪ੍ਰਮੇਸ਼ਰ ਹੁੰਦਾ ਹੈ।

ਗੁਰੂਆਂ ਦੀ ਬਾਣੀ ਨੇ ਮਨੁੱਖ ਨੂੰ ਐਨਾ ਉਚਾ ਚੁੱਕ ਦਿਤਾ ਕਿ ਤੂੰ ਮਨੁੱਖਪੁਣਾ ਭੁੱਲ ਜਾਹ, ਤੂੰ ਆਪਣੇ ਆਪ ਨੂੰ ਪਛਾਣ, ਤੂੰ ਹੈ ਹੀ ਰੱਬ। ਸੋ ਇਕ ਆਦਰਸ਼ ਹੈ ਬਹੁਤ ਉਚਾ ਜਿਹੜਾ ਗੁੰਮ ਹੋ ਚੁਕਿਆ ਸੀ। ਪ੍ਰੈਕਟੀਕਲ ਨਹੀਂ ਸੀ ਰਿਹਾ, ਗ੍ਰੰਥਾਂ ਦੇ ਵਿਚ ਰਹਿ ਗਿਆ ਸੀ। ਸੋ ਉਹ ਜਿਹੜਾ ਆਦਰਸ਼ ਹੈ ਉਹਦੇ ਵਿਚ ਦਇਆ ਪ੍ਰਧਾਨ ਹੁੰਦੀ ਹੈ ਕਿਉਂਕਿ ਦਇਆ ਤੋਂ ਧਰਮ ਪੈਦਾ ਹੁੰਦਾ ਹੈ, ਧਰਮ ਹੀ ਜੀਵਨ ਹੁੰਦਾ ਹੈ। ਸੋ ਇਸ ਉਚੇ ਆਦਰਸ਼ ਦੇ ਉਤੇ ਦਇਆਵੰਤ ਬਣਾਇਆ ਹੈ ਮਨੁੱਖ ਨੂੰ। ਖਿਮਾ ਦਾ ਜੀਵਨ ਬਖਸ਼ਿਆ। ਖਿਮਾ ਦੀਆਂ ਨੀਸ਼ਾਨੀਆਂ - ਕਿਸੇ ਜੀਵਨ 'ਚ ਕੁਛ ਹੁੰਦਾ ਹੈ, ਕਿਸੇ ਵਿਚ ਕੁਛ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੇ ਅੰਦਰ ਖਿਮਾ ਦਾ ਗੁਣ ਪ੍ਰਧਾਨ ਸੀ। ਸਾਰੀ ਜ਼ਿੰਦਗੀ ਦੇ ਅੰਦਰ ਉਹਨੇ ਇਕ ਵੀ ਬੰਦੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ। ਇਕ ਵੀ ਬੰਦੇ ਦਾ ਸਿਰ ਨਹੀਂ ਵੱਢਿਆ ਆਪਣੇ ਆਪ। ਸੋ ਇਸ ਤਰ੍ਹਾਂ ਦੇ ਨਾਲ ਸ਼ਹਿਨਸ਼ੀਲਤਾ, ਧੀਰਜੀ ਹੋਵੇ, ਕਾਹਲਾ ਨਾ ਪਵੇ, ਕਾਹਲਾ ਹਮੇਸ਼ਾ ਗਲਤੀਆਂ ਕਰਦਾ ਹੈ, ਕਾਹਲੇ ਬੰਦੇ ਤੋਂ ਕੋਈ ਇਨਸਾਫ ਦੀ ਉਮੀਦ ਨਹੀਂ ਹੋਇਆ ਕਰਦੀ। ਚੌਥਾ ਗੁਣ ਸੀ ਕਿ ਜੋ ਕੁਛ ਹੋ ਗਿਆ ਅਰਦਾਸ ਕਰੋ, ਇਕੱਲੇ ਹੀ ਨਾ ਖਾਵੋ। ਜੇ ਗੁਰੂ ਨੇ ਅਮੀਰੀ ਦਿਤੀ ਹੈ ਅਮੀਰੀ ਨੂੰ ਵੰਡ ਕੇ ਖਾਓ। ਤੁਹਾਡੇ ਨੇੜੇ ਰਹਿਣ ਵਾਲੇ ਗਰੀਬ ਨੇ, ਧਿਆਨ ਦੇਵੋ ਉਨ੍ਹਾਂ ਦਾ ਵਸਤਰ ਨਹੀਂ ਹੈ ਵਸਤਰ ਦੇਵੋ। ਖੁਰਾਕ ਨਹੀਂ ਹੈ ਤਾਂ ਖੁਰਾਕ ਦੇਵੋ, ਤੁਹਾਡਾ ਕੀ ਵਿਗੜਦਾ ਹੈ, ਤੁਹਾਨੂੰ ਪ੍ਰਮੇਸ਼ਰ ਨੇ ਬੇਅੰਤ ਦਿਤਾ ਹੋਇਆ ਹੈ। ਜਦੋਂ ਵੰਡ ਕੇ ਖਾਵੋਂਗੇ ਪ੍ਰਮੇਸ਼ਰ ਦਇਆਲ ਹੋਵੇਗਾ। ਜਿੰਨੀ ਕੁ ਚੀਜ਼ ਮਿਲ ਗਈ, ਸਾਥੀ ਸਾਰੇ ਵੰਡ ਲਓ। ਇਕ-ਇਕ ਗਰਾਹੀ ਆਉਂਦੀ ਹੈ ਛੋਲਿਆਂ ਦੀ, ਮੁੱਠ-ਮੁੱਠ ਆਉਂਦੀ ਹੈ, ਇਕੱਲੇ ਨਾ ਖਾਓ। ਵੰਡ ਕੇ ਛਕੋ ਜੋ ਕੁਛ ਵੀ ਹੈ। ਜੇ ਪ੍ਰਬੰਧ ਨਹੀਂ ਹੁੰਦਾ ਤਾਂ ਗੁਰਦੁਆਰਾ ਸਾਰਿਆਂ ਦਾ ਸਾਂਝਾ ਹੁੰਦਾ ਹੈ, ਆਪਣੀ ਕਮਾਈ ਦੇ ਵਿਚੋਂ ਸਹਿਜ ਨਾਲ ਜੋ ਦੇ ਸਕਦੇ ਹੋਂ, ਉਥੇ ਆ ਕੇ ਜਮ੍ਹਾਂ ਕਰਾ ਦਿਓ ਤੇ ਉਨ੍ਹਾਂ ਨੂੰ ਤਾਕੀਦ ਕਰ ਦਿਓ ਕਿ ਪਿਆਰਿਆ! ਇਹ ਗੁਰੂ ਨਾਨਕ ਦਾ ਘਰ ਹੈ ਇਥੇ ਨਿਸ਼ਾਨ ਲੱਗਿਆ ਹੋਇਆ ਹੈ, ਇਹਦਾ ਫਰਾਇਰਾ ਹਰ ਵਕਤ ਹਿੱਲਦਾ ਹੈ, ਦੋ ਤਿੰਨ ਗੱਲਾਂ ਕਹਿੰਦਾ ਹੈ ਕਿ ਭੁੱਖਾ ਜੇ ਕੋਈ ਦੇਖਦਾ ਹੈ ਤਾਂ ਆ ਜਾਵੇ, ਮੁਹੰਮਦ ਸਾਹਿਬ ਬਾਰੇ ਲਿਖਦੇ ਨੇ ਕਿ ਸਿਰਫ ਦੋ ਕੱਪੜੇ ਪਹਿਨਦਾ ਸੀ ਮੁਹੰਮਦ ਸਾਹਿਬ, ਇਕ ਤਾਂ ਤੇੜ ਧੋਤੀ ਹੁੰਦੀ, ਤੰਬਾ ਜਿਹਨੂੰ ਕਹਿੰਦੇ ਨੇ, ਦੂਸਰਾ ਸਿਰ ਦੇ ਉਤੇ ਬੰਨਣ ਵਾਸਤੇ ਇਕ ਚਾਦਰ ਹੁੰਦੀ, ਸਰੀਰ ਤੇ ਪਾਉਣ ਨੂੰ ਕੋਈ ਚੀਜ਼ ਨਹੀਂ ਸੀ, ਉਨ੍ਹਾਂ ਦਾ ਇਹ ਨੇਮ ਸੀ ਪ੍ਰਸ਼ਾਦਾ ਤਿਆਰ ਹੋਣ ਤੋਂ ਬਾਅਦ ਕੋਠੇ ਦੀ ਛੱਤ ਤੇ ਚੜ੍ਹ ਕੇ ਪੂਰੇ ਜ਼ੋਰ ਨਾਲ ਕਹਿੰਦੇ ਸੀ ਕਿ ਕੋਈ ਭੁੱਖਾ ਮੇਰੀ ਆਵਾਜ਼ ਸੁਣਦਾ ਹੋਵੇ, ਜਿਹਨੂੰ ਅੱਜ ਪ੍ਰਸ਼ਾਦਾ ਨਾ ਮਿਲਿਆ ਹੋਵੇ, ਉਹ ਐਸ ਆਵਾਜ਼ ਦੀ ਸੇਧ ਵਿਚ ਆ ਜਾਵੇ। ਉਹਦੀ ਸੇਧ ਵਿਚ ਆ ਜਾਣਾ। ਕਈ ਵਾਰੀ ਐਸਾ ਹੋਣਾ ਕਿ ਇਨ੍ਹਾਂ ਵਾਸਤੇ ਕੁਛ ਵੀ ਨਾ ਬਚਣਾ। ਦੂਜੇ ਦਿਨ ਫੇਰ ਇਸੇ ਤਰ੍ਹਾਂ ਕਿ ਕੁਛ ਨਾ ਬਚਿਆ। ਐਸਾ ਆਉਂਦਾ ਹੈ ਕਿ ਕਈ ਵਾਰੀ ਤਿੰਨ-ਤਿੰਨ, ਚਾਰ-ਚਾਰ ਦਿਨ ਇਨ੍ਹਾਂ ਨੂੰ ਖਾਣਾ ਹੀ ਨਾ ਆਪਣੇ ਵਾਸਤੇ ਬਚਿਆ। ਐਵੇਂ ਤਾਂ ਨਹੀਂ ਤਪ ਤੇਜ਼ ਹੋ ਗਿਆ ਉਨ੍ਹਾਂ ਦਾ। ਤਾਲੀਮ ਤਾਂ ਉਨ੍ਹਾਂ ਦੀ ਬਿਲਕੁਲ ਸ਼ੁੱਧ ਸੀ, ਬਾਅਦ ਵਿਚ pollusion ਆਉਂਦੀ

ਹੈ, ਸਾਡੇ ਵੀ ਆ ਜਾਣੀ ਹੈ, ਆ ਵੀ ਗਈ ਹੈ।

ਸੋ ਇਸ ਤਰ੍ਹਾਂ ਦੇ ਨਾਲ ਵੰਡ ਛਕਣ ਦਾ, ਬਹੁਤ ਹੀ ਵੱਡਾ ਮਹਾਤਮਾ ਹੈ, ਉਹਦਾ ਨਤੀਜਾ ਕੀ ਹੈ ਕਿ ਪੰਜਾਬ ਵਿਚ ਕੋਈ ਬੰਦਾ ਭੁੱਖਾ ਹੀ ਨਹੀਂ ਮਰ ਸਕਦਾ। ਹੋਰ ਬਾਹਰ ਚਲੇ ਜਾਓ ਰੋਟੀ ਨਹੀਂ ਮਿਲਦੀ ਕਿਤੇ ਵੀ। ਪੰਜਾਬ ਵਿਚ ਫਿਰੀ ਜਾਓ, ਕੋਈ ਬੰਦਾ ਜੇ ਕਹੇ ਨਾ ਕਿ ਮੈਂ ਕੋਈ ਕੰਮ ਨਹੀਂ ਕਰਨਾ, ਵੈਸੇ ਤਾਂ ਮਾੜੀ ਗੱਲ ਹੈ ਇਹ ਬਹੁਤ, ਪਰ ਰੋਟੀ ਤੋਂ ਗੁਰੂ ਉਹਨੂੰ ਭੁੱਖਾ ਨਹੀਂ ਮਰਨ ਦਿੰਦਾ, 13-14 ਹਜ਼ਾਰ ਗੁਰਦੁਆਰਾ ਹੈ, ਇਕ ਦਿਨ ਇਕ ਥਾਉਂ ਰਹਿ, ਦੂਜੇ ਦਿਨ ਦੂਜੇ ਥਾਉਂ ਚਲਿਆ ਜਾਹ, ਕਿੰਨੇ ਸਾਲ ਕੱਟ ਲਏ। ਸੋ ਪੰਜਾਬ ਵਿਚ ਤਾਂ ਕੋਈ ਭੁੱਖਾ ਮਰਦਾ ਹੀ ਨਹੀਂ। ਦੇਸ਼ ਹੀ ਐਸਾ ਭਾਗਾਂ ਵਾਲਾ ਹੈ। ਗੁਰੂ ਨੇ ਐਸਾ ਬੰਦੋਬਸਤ ਕਰ ਦਿਤਾ। ਸੋ ਵੰਡ ਕੇ ਛਕਣਾ।

ਸਭ ਤੋਂ ਉਤਮ ਜੋ ਚੀਜ਼ ਹੈ ਉਹ ਇਹ ਹੈ ਕਿ ਸਭ ਦੇ ਵਿਚ ਪ੍ਰਮੇਸ਼ਰ ਦੇਖਣਾ। ਵੈਰ ਭਾਵ ਦੇ ਨਾਲ ਨਹੀਂ ਦੇਖਣਾ। ਜੇ ਕੋਈ ਮਾੜਾ ਬੰਦਾ ਹੈ ਉਹਦੇ ਵਲ ਵੀ ਪਿਆਰ ਦੀ ਦ੍ਰਿਸ਼ਟੀ ਕਰਨੀ ਹੈ, ਉਹਦੇ ਅੰਦਰ ਚਲੇ ਜਾਏਗੀ, ਸੁਧਰ ਜਾਏਗਾ ਉਹ। ਦੂਜਿਆਂ ਦਾ ਦੁੱਖ ਸੁਣ ਕੇ ਜਿੰਨਾ ਤਾਣ ਪ੍ਰਮੇਸ਼ਰ ਨੇ ਦਿਤਾ ਹੈ, ਉਨ੍ਹਾਂ ਕੁ ਅਗਲੇ ਦਾ ਦੁਖ ਜ਼ਰੂਰ ਦੂਰ ਕਰੇ। ਜੇ ਤਾਂ ਗੁਜਾਇੰਸ ਬਹੁਤ ਵੱਡੀ ਹੈ ਤਾਂ, ਤਾਂ ਉਹਦਾ ਦੁੱਖ ਦੂਰ ਕਰ ਦਿਓ, ਨਹੀਂ ਤਾਂ ਹਮਦਰਦੀ ਜ਼ਰੂਰ ਕਰੇ। ਸੋ ਇਹ ਗੁਰਸਿੱਖ ਦੇ ਅੰਦਰ ਸਿਫਤ ਭਰ ਦਿਤੀ।

ਇਹ ਸਰਦਾਰ ਬਣਾਇਆ ਸਾਰੀ ਸ੍ਰਿਸ਼ਟੀ ਦਾ। ਫੇਰ ਉਹਦੇ ਅੰਦਰ ਅਭਿਮਾਨ ਨਹੀਂ ਹੈ ਕਿ ਮੈਂ ਵੱਡਾ ਅਫਸਰ ਬਣ ਗਿਆ। ਉਹਦੇ ਅੰਦਰ ਵੀ ਹੈ ਕਿ ਮੈਂ ਸੇਵਾ ਕਰ ਲਵਾਂ। ਮੈਨੂੰ ਸੇਵਾ ਦਾ ਮੌਕਾ ਮਿਲੇ ਤੇ ਮੈਂ ਹੁਣ ਸੇਵਾ ਕਰ ਜਾਵਾਂ। ਪਰਾਈਮ ਮਨਿਸਟਰ ਬਣ ਗਿਆ ਤਾਂ ਹੁਣ ਸੇਵਾ ਕਰ, ਤੈਨੂੰ ਸੇਵਾ ਦੇ ਵਾਸਤੇ ਗੁਰੂ ਸਾਹਿਬ ਨੇ ਮੌਕਾ ਦੇ ਦਿਤਾ, ਹੁਣ ਸੇਵਾ ਕਰ ਪਿਆਰਿਆ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਸੇਵਾ ਕਰਨ ਦਾ ਚਾਓ ਹੋਵੇ ਅੰਦਰ, ਇਹ ਨਹੀਂ ਕਿ ਮੇਰੇ ਨੇੜੇ ਦੀ ਕੋਈ ਲੰਘ ਹੀ ਨਹੀਂ ਸਕਦਾ। ਘੂਰ-ਘੂਰ ਦੇਖਦਾ ਹੈ, ਵੈਰ ਤੋਂ ਬਿਲਕੁਲ ਖਾਲੀ, ਸੀਨੇ ਤੋਂ ਹਿਰਦਾ ਨਿਰਮਲ। ਵੈਰੀ ਕਿਸੇ ਨੂੰ ਸਮਝਣਾ ਹੀ ਨਾ ਤੇ ਫੇਰ ਮਿੱਤਰ ਬਿਲਕੁਲ ਸੱਚਾ। ਮਿੱਤਰ ਦਾ ਕੰਮ ਹੁੰਦਾ ਹੈ ਕਿ ਆਪਣੇ ਤੇ ਗੱਲ ਲੈ ਲੈਂਦਾ ਹੈ ਤੇ ਆਪਣੇ ਮਿੱਤਰ ਨੂੰ ਬਚਾ ਲੈਂਦਾ ਹੈ। ਦੁੱਧ ਦੀ ਤੇ ਪਾਣੀ ਦੀ ਮਿੱਤਰਤਾ ਗਿਣੀ ਹੋਈ ਹੈ। ਹੁੰਦਾ ਕੀ ਹੈ ਗੁਰੂ ਗ੍ਰੰਥ ਸਾਹਿਬ 'ਚ ਆਉਂਦਾ ਹੈ, ਅੱਗ ਜਲ ਜਾਂਦੀ ਹੈ, ਦੁੱਧ ਕੋਮਲ ਮਿੱਤਰ ਹੈ, ਪਾਣੀ ਜਿਹੜਾ ਹੈ ਕੁਛ ਸਹਿ ਸਕਦਾ ਹੈ। ਪਾਣੀ ਕੀ ਕਰਦਾ ਹੈ ਕਿ ਆਪ ਖੱਪਣਾ ਸ਼ੁਰੂ ਹੋ ਜਾਂਦਾ ਹੈ ਅੱਗ ਨੂੰ ਕਹਿੰਦਾ ਹੈ ਕਿ ਜਿੰਨਾ ਚਿਰ ਮੈਂ ਹਾਂ ਤੂੰ ਦੁੱਧ ਦੇ ਨੇੜੇ ਨਹੀਂ ਜਾ ਸਕਦੀ। ਪਾਣੀ ਜਲੀ ਜਾਂਦਾ ਹੈ, ਜਦੋਂ ਪੂਰੀ ਤਰ੍ਹਾਂ ਜਲ ਜਾਂਦਾ ਹੈ ਫੇਰ ਕਹਿੰਦਾ ਹੈ ਕਿ ਦੁੱਧ ਜਿਹੜਾ ਹੈ ਉਹ ਥੱਲੇ ਲੱਗਣ ਲਗ ਗਿਆ। ਪਹਿਲਾਂ ਪਾਣੀ ਨੇ ਬਚਾ ਰੱਖਿਆ, ਕਹਿੰਦੇ ਐਸੀ ਗੁਰਸਿੱਖ ਦੀ ਮਿਤਰਤਾ ਹੈ। ਕਸ਼ਟ ਆਪਣੇ ਸਿਰ ਲੈ ਲੈਂਦਾ ਹੈ, ਲੇਕਿਨ ਮਿੱਤਰ ਨੂੰ ਬਚਾ ਲੈਂਦਾ ਹੈ। ਫੇਰ ਜੀਵਨ ਜਿਹੜਾ ਹੈ ਹੈ ਉਹ ਬਿਲਕੁਲ ਸਤਿ ਦਾ ਕਹਾਉਣਾ। ਬਚਨ ਕਰ ਲਿਆ, ਉਹਦੇ ਉਤੇ ਪਹਿਰਾ ਦੇਣਾ। ਸਤਿ ਦਾ ਪ੍ਰਣ ਕਰਨਾ, ਸਤਿ ਦਾ ਵਰਤ ਰੱਖਣਾ।

ਗੁਰੂ ਅਮਰਦਾਸ ਮਹਾਰਾਜ ਜੀ ਗੁਰੂ ਅੰਗਦ ਸਾਹਿਬ ਮਹਾਰਾਜ ਨਾਲ ਤੁਰੇ ਜਾਂਦੇ ਨੇ ਤੇ ਚਲਦੇ-ਚਲਦੇ ਗੁਰੂ ਮਹਾਰਾਜ ਦੀ ਬਾਂਹ ਗੁਰੂ ਅੰਗਦ ਸਾਹਿਬ ਤੋਂ ਅੱਗੇ ਲੰਘ ਗਈ, ਤੇ ਸਾਰੀ ਜ਼ਿੰਦਗੀ ਬਾਂਹ ਆਪਣੀ ਛਾਤੀ ਨਾਲ ਲਾ ਕੇ ਰੱਖੀ। ਕਿਉਂਕਿ ਸਤਿ ਦਾ ਜੀਵਨ ਸੀ। ਮਨ 'ਚ ਕਰ ਲਿਆ ਕਿ ਅੱਜ ਤੋਂ ਮੈਂ ਤੇਰੇ ਤੋਂ ਕੰਮ ਹੀ ਨਹੀਂ ਲੈਣਾ, ਤੂੰ ਗੁਰੂ ਸਾਹਿਬ ਤੋਂ ਮੂਹਰੇ ਕਿਉਂ ਲੰਘੀ। ਇਹ ਸਤਿ ਦਾ ਜੀਵਨ ਹੁੰਦਾ ਹੈ। ਫੇਰ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਦੇ ਨਾਲ ਹਰ ਵਕਤ ਜੁੜਿਆ ਰਹਿੰਦਾ ਹੈ। ਕਿਉਂਕਿ ਹੁਕਮ ਹੈ ਸ੍ਵਾਸ-ਸ੍ਵਾਸ ਨਾਮ ਜਪ ਕੇ ਹੁਕਮ ਦੀ ਪਾਲਣਾ ਕਰਦਾ ਹੈ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਕਾਰੋਬਾਰ ਵੀ ਕਰਨਾ ਹੈ ਤੇ ਨਾਮ ਜਪਦੇ ਰਹਿਣਾ ਹੈ। ਕਾਰੋਬਾਰ ਦੇ ਵਿਚ ਨਾਮ ਨੂੰ ਨਹੀਂ ਭੁੱਲਣਾ, ਵੱਡੀ ਤੋਂ ਵੱਡੀ ਪ੍ਰਾਪਤੀ ਹੋ ਜਾਵੇ, ਜੇ ਨਾਮ ਭੁੱਲ ਗਿਆ ਤਾਂ ਉਸਨੇ ਆਪਣਾ ਸਭ ਤੋਂ ਵੱਡਾ ਨੁਕਸਾਨ ਕਰ ਲਿਆ, ਇਹ ਗੁਰੂ ਦੀ ਮਤ ਹੈ। ਗੁਰੂ ਕਹਿੰਦਾ ਹੈ ਅਮੀਰੀ ਭੋਗੋ, ਜਿੰਨਾ ਜੀਅ ਕਰਦਾ ਹੈ, ਵਧੀਆ ਘਰ ਬਣਾਓ, ਵਧੀਆ ਕਪੜੇ ਪਹਿਨੋ, ਵਧੀਆ ਸਵਾਰੀਆਂ ਰੱਖੋ ਪਰ ਪਿਆਰਿਓ, ਇਨ੍ਹਾਂ ਵਲ ਧਿਆਨ ਦੇ ਕੇ ਜੇ ਤੁਹਾਡੇ ਅੰਦਰੋਂ ਵਾਹਿਗੁਰੂ ਦਾ ਨਾਮ ਵਿਸਰ ਗਿਆ ਤਾਂ ਫੇਰ ਇਹ ਕਿਸੇ ਕੰਮ ਦੀਆਂ ਨਹੀਂ ਹਨ। ਵਾਰਨਿੰਗ ਦਿੰਦੇ ਨੇ ਗੁਰੂ ਮਹਾਰਾਜ ਇਸ ਤਰ੍ਹਾਂ -

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*

*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*
*ਅੰਗ - ੧੪*

ਇਹ ਨਹੀਂ ਮਹਾਰਾਜ ਕਹਿੰਦੇ ਕਿ ਤੂੰ ਖ਼ੂਬਸੂਰਤ ਘਰ ਨਾ ਬਣਾਈ, ਬਣਾ ਕੇ ਤੈਨੂੰ ਵਾਹਿਗੁਰੂ ਨੇ ਦਿਤੇ ਨੇ। ਪੈਸਾ ਤੈਨੂੰ ਦਿਤਾ, ਸੁੱਖ ਭੋਗ ਉਹਦਾ ਪਰ ਜਿਹੜੀ ਵਾਰਨਿੰਗ ਦਿਤੀ ਹੈ, ਉਹ ਇਹ ਦਿਤੀ ਹੈ ਕਿ ਇਹਦੇ ਵਿਚ ਹੀ ਨਾ ਗੁਆਚ ਜਾਈਂ, ਇਹ ਤਾਂ ਦਿਤੀ ਹੋਈ ਦਾਤ ਹੈ ਪ੍ਰਮੇਸ਼ਰ ਦੀ। ਸ਼ੁਕਰ ਵਿਚ ਰਹਿ ਕਿ ਵਾਹਿਗੁਰੂ ਮੇਰੇ ਵਰਗੇ ਇਨਸਾਨ ਹੋਰ ਵੀ ਨੇ, ਤੂੰ ਮੇਰੇ ਤੇ ਕਿੰਨੀ ਕ੍ਰਿਪਾ ਕੀਤੀ ਹੈ, ਕਿੰਨੇ ਸੁਖ ਦੇ ਸਾਧਨ ਦਿਤੇ ਨੇ ਸਗੋਂ ਹੋਰ ਨਾਮ ਜਪ ਤੇ ਹੋਰ ਉਸ ਦੇ ਵਲ ਨੂੰ ਲੱਗ। ਜੇ ਭੁੱਲ ਗਿਆ ਪਿਆਰਿਆ ਫੇਰ ਤਾਂ ਇਹ ਕਿਸੇ ਕੰਮ ਦੀ ਨਹੀਂ। ਫੇਰ ਤਾਂ ਮਹਾਰਾਜ ਕਹਿੰਦੇ -

*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥*
*ਅੰਗ - ੮੧੧*

ਤਿੰਨ ਚੀਜ਼ਾਂ ਵਾਸਤੇ ਪਾਗਲ ਹੋਇਆ ਫਿਰਦਾ ਹੈ ਸੰਸਾਰ, ਕਹਿੰਦੇ ਰਾਜ ਦੀ ਸ਼ਕਤੀ ਜ਼ਰੂਰ ਚਾਹੀਦੀ ਹੈ, ਬਹੁਤ ਜਾਇਦਾਦ ਚਾਹੀਦੀ ਹੈ, ਹਰ ਸ਼ਹਿਰ ਵਿਚ ਕੋਠੀ ਹੋਵੇ, ਹਰ ਸ਼ਹਿਰ ਵਿਚ ਮੇਰਾ ਕਾਰੋਬਾਰ ਹੋਵੇ। ਮਹਾਰਾਜ ਕਹਿੰਦੇ ਜੇ ਤੈਨੂੰ ਪ੍ਰਮੇਸ਼ਰ ਤੋਂ ਭੁਲਾ ਦਿਤਾ ਨਾ ਤਾਂ ਇਨ੍ਹਾਂ ਦੀ ਕੀਮਤ ਕੋਈ ਨਹੀਂ ਇਨ੍ਹਾਂ ਨੂੰ ਚੁੱਕ ਕੇ ਅੱਗ ਦੇ ਵਿਚ ਸੁੱਟ ਦੇ। ਤੈਨੂੰ ਬਾਰ-ਬਾਰ ਮਨੁੱਖਾ ਜਨਮ ਨਹੀਂ ਮਿਲਣਾ, ਹੁਣ ਤੈਨੂੰ ਮਨੁੱਖ ਦਾ ਜਨਮ ਮਿਲਿਆ ਹੈ ਜੇ ਇਨ੍ਹਾਂ ਦੇ ਵਿਚ ਪੈ ਕੇ ਭੁੱਲ ਗਿਆ, ਤੂੰ ਜਨਮ ਬਰਬਾਦ ਕਰ ਦਏਂਗਾ, ਇਕ ਪਾਸੇ ਜਨਮ ਦੀ ਸਫਲਤਾ, ਇਕ ਪਾਸੇ ਆਪਣੇ ਹੱਥੀਂ ਬਰਬਾਦ ਕਰਦਾ ਹੈਂ ਇਨ੍ਹਾਂ ਚੀਜ਼ਾਂ 'ਚ ਪੈ ਕੇ। ਭੋਗਾਂ ਦੀ ਦੁਨੀਆਂ ਦੇ ਅੰਦਰ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ! -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - ੧੪*

ਖ਼ੂਬਸੂਰਤ ਇਸਤ੍ਰੀ ਮਿਲ ਗਈ, ਸਜਾਵਟ ਵਾਲੀ ਮਿਲ ਗਈ, ਪਲੰਘ ਜਿਹੜੇ ਨੇ ਉਹ ਵੀ ਮੋਤੀਆਂ ਦੇ ਨਾਲ ਝਿਲਮਿਲ-ਝਿਲਮਿਲ ਕਰਦੇ ਨੇ, ਜੇ ਪਿਆਰਿਆ ਤੈਨੂੰ ਰੱਬ ਭੁੱਲ ਗਿਆ ਕਿਸੇ ਕੰਮ ਨਹੀਂ ਹਨ। ਫੇਰ ਰਿੱਧੀਆਂ-ਸਿੱਧੀਆਂ ਦੁਨੀਆਂ ਮਾਣ ਕਰਦੀ ਹੈ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - ੧੪*

ਇਹ ਨਹੀਂ ਕਿ ਰਿੱਧੀਆਂ ਸਿੱਧੀਆਂ ਮਾੜੀਆਂ ਨੇ, ਰਿੱਧੀ ਸਿੱਧੀ ਮਾੜੀ ਹੈ ਜਦੋਂ ਰੱਬ ਨੂੰ ਭੁੱਲਦਾ ਹੈ। ਇਕੋ ਫਤਵਾ ਨਹੀਂ ਦੇ ਦੇਣਾ ਚਾਹੀਦਾ, ਗੁਰਬਾਣੀ 'ਚ ਦੋਵੇਂ ਗੱਲਾਂ ਆਉਂਦੀਆਂ ਨੇ। ਮਨ੍ਹਾਂ ਨਹੀਂ ਹੈ, ਮਨ੍ਹਾਂ ਹੈ ਜੇ ਪ੍ਰਮੇਸ਼ਰ ਭੁੱਲੇ।

ਇਕ ਵਾਰੀ ਸੰਤ ਮਹਾਰਾਜ ਜੀ ਕੋਲ ਮੈਂ ਬੈਠਾ ਸੀ, ਉਥੇ ਕੋਈ ਪ੍ਰੇਮੀ ਅੰਦਰ ਬੈਠਾ ਸੀ, ਮਹਾਰਾਜ ਕਹਿੰਦੇ ਜ਼ਰਾ ਕੁ ਠਹਿਰ ਜਾਓ ਤੁਸੀਂ। ਮੈਂ ਨੇੜੇ ਬੈਠਾ ਦੇਖੀ ਜਾਂਦਾ ਸੀ, ਉਹ ਰੋਈ ਜਾਵੇ-ਰੋਈ ਜਾਵੇ। ਮੇਰੇ ਮਨ 'ਚ ਆਇਆ ਕਿ ਮਨਾਂ ਤੇਰੇ ਨਾਲੋਂ ਤਾਂ ਆਹ ਪ੍ਰੇਮੀ ਕਿੰਨਾ ਚੰਗਾ ਹੈ, ਕਿਵੇਂ ਰੋ ਰਿਹਾ ਹੈ ਮਹਾਂਪੁਰਸ਼ਾਂ ਦੇ ਕੋਲ। ਤੇਰੇ ਕਦੇ ਅੱਖਾਂ 'ਚੋਂ ਹੰਝੂ ਹੀ ਨਹੀਂ ਆਉਂਦੇ। ਉਹ ਸੁਖਾਲਾ ਜਿਹਾ ਮਿਲ ਲੈਂਦੇ ਨੇ, ਤੇ ਤੇਰੇ ਅੰਦਰ ਉਹ ਕਸ਼ਿਸ਼ ਨਹੀਂ ਪੈਦਾ ਹੁੰਦੀ, ਜਿਹੜੀ ਬਾਹਰ ਬੈਠ ਕੇ ਇੰਤਜ਼ਾਰ ਕਰੀਦਾ ਹੈ, ਕਿਉਂਕਿ ਇੰਤਜ਼ਾਰ ਕਰਦੇ ਹੁੰਦੇ ਸੀ ਬੰਦੇ। ਉਹ ਜਦੋਂ ਚਲਿਆ ਗਿਆ ਮੈਂ ਕਿਹਾ ਬੜਾ ਹੀ ਪ੍ਰੇਮੀ ਹੈ, ਸਾਡੇ ਤਾਂ ਐਹੋ ਜਿਹਾ ਪ੍ਰੇਮ ਨੇੜੇ ਤੇੜੇ ਨਹੀਂ ਹੈ। ਕਹਿੰਦੇ, ਛੱਡ ਪਰ੍ਹੇ, ਤੈਨੂੰ ਕੀ ਪਤਾ ਇਨ੍ਹਾਂ ਗੱਲਾਂ ਦਾ। ਮਹਾਰਾਜ ਕਹਿੰਦੇ, ਇਹ ਆਪਣੇ ਰਾੜੇ ਸਾਹਿਬ ਬਰਤਨ ਮਾਂਜਦਾ ਹੁੰਦਾ, ਰਘਬੀਰ ਸਿੰਘ ਹੈ, ਤੂੰ ਦੇਖਿਆ ਹੋਣਾ ਹੈ। ਕਹਿੰਦੇ, ਗੁਰੂ ਘਰ ਦੀ ਜਿਹੜਾ ਸੇਵਾ ਕਰੇ ਉਸ ਸੇਵਕ ਦੇ ਵਿਚ ਸ਼ਕਤੀਆਂ ਆਪਣੇ ਆਪ ਆਉਣੀਆਂ ਹੀ ਆਉਣੀਆਂ ਨੇ। 12 ਸਾਲ ਇਕ ਬਿਰਤੀ ਕਰਕੇ ਗੁਰੂ ਘਰ ਦੀ ਚਾਹੇ ਲੰਗਰ ਦੀ ਸੇਵਾ ਕਰ ਲੈ, ਚਾਹੇ ਡੰਗਰਾਂ ਦੀ ਕਰ ਲੈ, ਚਾਹੇ ਖੇਤੀ ਦੀ ਕਲ ਲੈ, ਸਿੱਧੀ ਨੇ ਆਉਣਾ ਹੀ ਹੈ ਧੱਕੇ ਨਾਲ। ਇਕ ਹੁੰਦਾ ਹੈ ਰਿੱਧੀ ਸਿੱਧੀ ਨੂੰ ਹਾਸਲ ਕਰਨ ਵਾਸਤੇ ਚਿਲ੍ਹੇ ਕੱਟਣੇ, ਉਹਨੂੰ ਮਹਾਰਾਜ ਨੇ ਕਿਹਾ ਹੈ ਧਿਰਕਾਰ ਹੈ ਤੇਰੇ। ਸਿੱਧੀਆਂ ਹਾਸਲ ਕਰਨ ਵਾਸਤੇ ਐਨਾ ਪ੍ਰਮੇਸ਼ਰ ਦੇ ਨਾਮ ਤੋਂ ਬੇਮੁੱਖ ਹੋਇਆ। ਇਹ ਤਾਂ ਰਿੱਧੀਆਂ ਸਿੱਧੀਆਂ ਆਪੇ ਹੀ ਆ ਜਾਣੀਆਂ ਸੀ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*

ਮਹਾਰਾਜ ਕਹਿਣ ਲੱਗੇ ਕਿ ਬਰਤਨ ਮਾਂਜਦੇ ਨੂੰ ਤਿੰਨ ਸਿੱਧੀਆਂ ਇਹਦੇ ਵਿਚ ਪ੍ਰਗਟ ਹੋ ਗਈਆਂ, ਇਕ ਤਾਂ ਬਚਨ ਸਤਿ ਹੋਣ ਲੱਗ ਗਿਆ। ਇਕ ਕਹਿੰਦੇ ਇਹਦੇ ਵਿਚ ਪ੍ਰੇਰਨਾ ਸ਼ਕਤੀ ਆ ਗਈ ਕਿ ਫਲਾਣੇ ਬੰਦੇ ਨੂੰ ਅੱਜ ਮਿਲਣਾ ਹੈ, ਉਹ ਬੰਦਾ ਦੌੜਿਆ ਹੀ ਆਉਂਦਾ ਸੀ ਕਿ ਇਹ ਕੁਛ ਭੇਟਾ ਵੀ ਕਰੇ। ਭੇਟਾ ਉਹਨੇ ਦੱਸ ਕਰਨੇ ਸੀ ਤਾਂ ਉਹ ਸੌ ਕਰਦਾ ਸੀ। ਕਿਉਂਕਿ ਪ੍ਰੇਰਨਾ ਦਿੰਦਾ ਸੀ ਅੰਦਰ। ਤੀਸਰਾ ਸੀ ਇਹਦੇ ਅੰਦਰ ਅੰਤਰਜਾਮਤਾ। ਜਦੋਂ ਕਿਸੇ ਨੇ ਆਉਣਾ ਤਾਂ ਕਹਿਣਾ ਕਿ ਤੂੰ ਫਲਾਣਾ ਕੰਮ ਕਰਾਉਣ

ਆਇਆ ਹੈਂ। ਉਹਨੇ ਕਹਿਣਾ ਜੀ ਇਹ ਤਾਂ ਅੰਤਰਜਾਮੀ ਨੇ। ਕਹਿੰਦੇ, ਵਰਤਦੀਆਂ-ਵਰਤਦੀਆਂ ਮੁੱਕ ਗਈਆਂ, ਮੁੱਕਣ ਤੇ ਭੀੜਾਂ ਘਟਣ ਲਗ ਗਈਆਂ, ਐਨੀਆਂ ਘਟ ਗਈਆਂ ਕਿ ਹੁਣ ਇਕੱਲਾ ਹੀ ਰਹਿ ਗਿਆ, ਹੁਣ ਆਉਂਦਾ ਹੀ ਨਹੀਂ ਇਹਦੇ ਕੋਲ, ਉਹਦੇ ਨਾਲ ਇਹਨੂੰ ਹਾਵਾ ਹੋ ਗਿਆ, ਹਾਵੇ ਨਾਲ ਬੀਮਾਰੀ ਹੋ ਗਈ। ਹੁਣ ਤੂੰ ਕਹਿੰਦਾ ਹੈਂ ਕਿ ਪਿਆਰ 'ਚ ਰੋਂਦਾ ਸੀ, ਪਿਆਰ 'ਚ ਨਹੀਂ ਸੀ ਰੋਂਦਾ ਸਾਨੂੰ ਕਹਿੰਦਾ ਸੀ ਕਿ ਰਿੱਧੀਆਂ-ਸਿੱਧੀਆਂ ਦੇ ਦਿਓ ਮਹਾਰਾਜ, ਮੇਰਾ ਗੁਜ਼ਾਰਾ ਨਹੀਂ ਚੱਲਣਾ, ਦੱਸੋ ਮੈਂ ਕਿੱਥੇ ਜਾਵਾਂ। ਕਹਿੰਦੇ, ਦੂਜੀ ਚੀਜ਼ ਮੰਗਦਾ ਸੀ।

ਇਹ ਤਾਂ ਹੈਗੀ ਬਹੁਤ ਮਾੜੀ। ਜੇ ਪਰਉਪਕਾਰ ਵਾਸਤੇ ਕਰ ਦਿੰਦਾ ਹੈ ਕੋਈ ਗੁਰਮੁਖ ਪਿਆਰਾ, ਬਾਬਾ ਬੀਰ ਸਿੰਘ ਜੀ ਮਹਾਰਾਜ, ਮਹਾਰਾਜ ਰਣਜੀਤ ਸਿੰਘ ਦੇ ਨਾਲ ਜਾਂਦੇ ਨੇ ਜਦੋਂ, ਮਹਾਰਾਜੇ ਨੇ ਕਿਹਾ ਕਿ ਫੌਜ ਬਾਬਾ ਜੀ ਅੱਜ ਲੰਘਣੀ ਚਾਹੀਦੀ ਹੈ, ਅਟਕ ਹੈ ਭਰਿਆ ਹੋਇਆ। ਉਸ ਵੇਲੇ ਬਾਬਾ ਜੀ ਨੇ ਪਰਉਪਕਾਰ ਵਸ ਆ ਕੇ ਅਟਕ ਨੂੰ ਕਿਹਾ ਕਿ ਐ ਅਟਕ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨ ਜਿੰਨਾ ਸਮਾਂ ਤੇਰੇ ਤੋਂ ਮੰਗਦੇ ਹਾਂ, ਤੂੰ ਗਿੱਟੇ-ਗਿੱਟੇ ਹੋ ਜਾ। ਜਿੱਥੋਂ ਤੱਕ ਪਾਣੀ ਚਲਦਾ ਸੀ, ਸਾਰਾ ਪਾਣੀ ਰੁਕ ਗਿਆ ਤੇ ਫੌਜਾਂ ਲੰਘ ਗਈਆਂ। ਉਹ ਪਰਉਪਕਾਰ ਵਸ ਸੀ। ਉਹ ਕਹਿੰਦੇ ਸੀ ਕਿ ਜੇ ਜਮਰੌਦ ਦਾ ਕਿਲ੍ਹਾ ਟੁੱਟ ਗਿਆ ਮਹਾਰਾਜ, ਸਾਡੇ ਬਾਲ-ਬੱਚੇ, ਧੀਆਂ ਸਭ ਦੀ ਪੱਤ ਰੁਲਣੀ ਹੈ, ਪਠਾਣਾਂ ਨੇ ਫੇਰ ਆ ਜਾਣਾ ਹੈ, ਦੋ ਲੱਖ ਫੌਜ ਹੈ ਜਿਹੜੀ ਤਿਆਰ ਖੜ੍ਹੀ ਹੈ, ਇਨ੍ਹਾਂ ਨੇ ਲਾਹੌਰ ਤੇ ਉਰ੍ਹੇ ਨਹੀਂ ਠਹਿਰਣਾ, ਸੋ ਕ੍ਰਿਪਾ ਕਰੋ ਆਪ। ਕਿਉਂਕਿ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*

ਉਂਜ ਸਿੱਧੀਆਂ ਮਾੜੀਆਂ ਨੇ। ਮਹਾਰਾਜ ਕਹਿੰਦੇ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - ੧੪*

ਚੌਥੀ ਆ ਗਈ ਰਾਜ ਦੀ ਸ਼ਕਤੀ, ਜਿਹਦੇ ਵਾਸਤੇ ਅਸੀਂ ਸਭ ਕੁਛ ਛੱਡਿਆ ਪਿਆ ਹੈ, ਅਸੂਲ ਵੀ ਛੱਡ ਦਿਤੇ, ਭਜਨ ਬੰਦਗੀ ਵੀ ਛੱਡ ਦਿਤੀ, ਨਾਮ ਜਪਣਾ ਵੀ ਛੱਡ ਦਿਤਾ, ਲੈ ਕੀ ਲਿਆ ਨਿੰਦਿਆ ਕਰਨੀ, ਚੁਗਲੀ ਕਰਨੀ, ਧੋਖਾ ਦੇਣਾ, ਮੂੰਹ ਵਿਚ ਕੁਛ ਹਿਰਦੇ 'ਚ ਕੁਛ ਤੇ ਕੱਚੇ ਬੰਦਿਆਂ ਵਾਲੀਆਂ ਗੱਲਾਂ ਕਰਨੀਆਂ, ਕੋਈ ਜਾਇਜ਼-ਨਾਜਾਇਜ਼ ਕੁਛ ਹੋ ਜਾਵੇ, ਉਹਦੇ ਨਾਲ ਰਾਜਸੀ ਸ਼ਕਤੀ ਹਾਸਲ ਕਰਨੀ ਹੈ ਚਾਹੇ ਸਾਥੀਆਂ ਦੀਆਂ ਲਾਸ਼ਾਂ ਤੋਂ ਲੰਘਣਾ ਪਵੇ। ਕਿੱਡੀ ਵੱਡੀ ਮਾੜੀ ਚੀਜ਼ ਹੈ, ਕਿੰਨੀ ਲੋਚਾ ਹੈ ਇਹਦੇ ਅੰਦਰ। ਮਹਾਰਾਜ ਕਹਿੰਦੇ -

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - ੧੪*

ਜੇ ਨਾਮ ਨਹੀਂ ਚਿੱਤ ਆਉਂਦਾ ਤਾਂ ਕਿਸੇ ਕੰਮ ਦੀਆਂ ਚੀਜ਼ਾਂ ਨਹੀਂ, ਫੇਰ -

*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥*
*ਅੰਗ - ੮੧੧*

ਕਿਉਂਕਿ ਇਹਦੇ ਮੁਕਾਬਲੇ ਤੇ ਐਸੀ ਚੀਜ਼ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - ੮੧*

ਐਡੀ ਵੱਡੀ ਕੀਮਤੀ ਚੀਜ਼ ਹੈ ਦੁਨੀਆਂ ਦੇ ਅੰਦਰ ਕੋਈ ਐਸੀ ਚੀਜ਼ ਨਹੀਂ ਜਿਹੜੀ ਇਹਦੀ ਕੀਮਤ ਪਾ ਦੇਵੇ, ਬੇ-ਕੀਮਤੀ ਅਮੁੱਲ ਵਸਤੂ ਹੈ। ਉਹ ਜੇ ਅਮੁੱਲ ਵਸਤੂ ਭੁੱਲਦੀ ਹੈ ਮਹਾਰਾਜ ਕਹਿੰਦੇ -

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*
*ਅੰਗ - ੧੪*

ਜੇ ਨਾਮ ਨੂੰ ਭੁੱਲਦਾ ਹੈ ਤਾਂ ਦੁਨਿਆਵੀ ਪ੍ਰਾਪਤੀਆਂ ਕਿਸੇ ਕੰਮ ਦੀਆਂ ਨਹੀਂ ਸਾਧਸੰਗਤ ਜੀ। ਐਸਾ ਗੁਰਸਿੱਖ ਬਣ ਚੁੱਕਿਆ ਸੀ ਕਿ ਹਰ ਵਕਤ ਨਾਮ ਜਪਦਾ ਸੀ।

ਕਈ ਪ੍ਰੇਮੀਆਂ ਦੇ ਮਨ ਵਿਚ ਆਉਂਦਾ ਹੈ ਕਿ ਸਾਡਾ ਤਾਂ ਕੰਮ ਬਹੁਤ ਰੁਝੇਵੇਂ ਵਾਲਾ ਹੈ, ਅਸੀਂ ਨਾਮ ਕਿਵੇਂ ਜਪ ਸਕਦੇ ਹਾਂ?

ਭਗਤ ਤ੍ਰਿਲੋਚਨ ਦੀ ਤੇ ਨਾਮਦੇਵ ਜੀ, ਸਮਕਾਲੀ ਇਕੋ ਸਮੇਂ ਦੀ ਮਹਾਤਮਾ ਹੋਏ ਨੇ। ਉਹਨੇ ਨਾਮਦੇਵ ਜੀ ਬਾਰੇ ਸੁਣਿਆ ਕਿ 72 ਵਾਰੀ ਵਾਹਿਗੁਰੂ ਜੀ ਨੇ ਸਰਗੁਣ ਸਰੂਪ ਧਾਰਨ ਕਰਕੇ ਦਰਸ਼ਨ ਦਿੱਤੇ। ਉਹ ਕੈਸੀ ਭਗਤੀ ਕਰਦਾ ਹੋਏਗਾ? ਕਦੇ ਆ ਕੇ ਦੇਹੁਰੇ ਦਾ ਮੁੱਖ ਫੇਰ ਕੇ ਉਹਦੇ ਵਲ ਕਰ ਦਿਤਾ, ਕਦੇ ਆ ਕੇ ਛੱਪਰ ਬਣਾ ਦਿੰਦਾ ਹੈ, ਕਦੇ ਮਰੀ ਹੋਈ ਗਊ ਜੀਉਂਦੀ ਕਰਦਾ ਹੈ, ਬੇਅੰਤ ਕੰਮ ਕਰ ਰਿਹਾ ਹੈ ਪ੍ਰਮੇਸ਼ਰ। ਚਲੋ, ਪੁੱਛ ਲੈਂਦੇ ਹਾਂ ਭਰਾ ਤੋਂ ਕਿ ਕਿਵੇਂ ਭਗਤੀ ਕਰਨੀ ਹੈ। ਉਥੇ ਆ ਗਏ, ਦੇਖ ਲਿਆ ਉਨ੍ਹਾਂ ਨੇ ਕਿ ਗੁਰ ਭਾਈ ਆ ਗਏ, ਲੇਕਿਨ ਕੰਮ ਐਨਾ ਜ਼ਬਰਦਸਤ ਸੀ ਕਿ ਕਿੰਨੀਆਂ ਬੀਬੀਆਂ ਭਾਈ, ਖੜ੍ਹੇ ਉਨ੍ਹਾਂ ਨੇ ਕੱਪੜਿਆਂ ਤੇ ਠੱਪੇ ਲਵਾਉਣੇ ਸੀ। ਨਾਮਦੇਵ ਜੀ ਦੀ ਜਾਤ

ਜਿਹੜੀ ਸੀ ਉਹ ਛੀਪਾ ਸੀ। ਛੀਪਾ ਉਹ ਹੁੰਦਾ ਹੈ ਜਿਹੜਾ ਕੱਪੜਿਆਂ ਨੂੰ ਦੱਖਣ ਦੇ ਅੰਦਰ, ਅਜੇ ਵੀ ਛੀਪਾ ਜਾਤ ਹੈ ਜਿਹੜੇ ਕੱਪੜਿਆ ਦੇ ਉਪਰ ਠੱਪੇ ਲਾਉਂਦੇ ਸੀ, ਰੰਗ-ਬਰੰਗੇ, ਡਿਜ਼ਾਇਨ ਬਣਾਉਂਦੇ ਸੀ। ਐਉਂ ਸਮਝ ਲਓ ਡਿਜ਼ਾਇਨਰ ਸੀਗੇ ਉਹ। ਕਿਉਂਕਿ ਸਾਰੇ ਹੀ ਕਹਿ ਰਹੇ ਸੀ ਕਿ ਸਾਡੇ ਵਿਆਹ ਹੈ ਜੀ, ਮੇਰੀ ਰਜਾਈ ਦੇ ਉਤੇ ਚੰਦਾ ਛਾਪ ਦਿਓ, ਸਾਡੇ ਮਹਿਮਾਨ ਆਉਂਣੇ ਨੇ ਉਹ ਸਾਰਿਆਂ ਨੂੰ ਕਹੀ ਜਾਂਦੇ ਨੇ ਕਿ ਤੂੰ ਐਨੇ ਵਜੇ ਆ ਜਾਈਂ, ਭਾਈ ਤੂੰ ਐਨੇ ਵਜੇ ਆ ਜਾਈਂ, ਸਮੇਂ ਦਾ ਫਰਕ ਦੇਈ ਜਾਂਦੇ ਨੇ। ਉਹਨੇ ਕਿਹਾ ਕਿ ਭਜਨ ਦਾ ਸਮਾਂ ਦਾ ਇਹਦੇ ਕੋਲ ਕੋਈ ਬਚਿਆ ਹੀ ਨਹੀਂ। ਉਸ ਵੇਲੇ ਮੇਹਣਾ ਮਾਰਿਆ ਉਸ ਨੇ ਕਿ ਮੈਂ ਤਾਂ ਤੇਰੇ ਕੋਲ ਹੋਰ ਕੁਛ ਸਮਝ ਕੇ ਆਇਆ ਸੀ, ਤੂੰ ਤਾਂ ਬਿਲਕੁਲ ਹੀ ਉਸ ਤੋਂ ਉਲਟ ਨਿਕਲਿਆ। ਤੂੰ ਤਾਂ ਮਾਇਆ ਨੇ ਮੋਹ ਲਿਆ -

*ਨਾਮਾ ਮਾਇਆ ਮੋਹਿਆ*
*ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ*
*ਨ ਲਾਵਹੁ ਚੀਤੁ ॥*
*ਅੰਗ - ੧੩੭੫*

ਕਹਿਣ ਲੱਗਿਆ, ਨਾਮਦੇਵ ਮੈਂ ਤਾਂ ਬਹੁਤ ਵੱਡਾ ਉਚਾ ਸੰਤ ਸਮਝ ਕੇ ਆਇਆ ਸੀ ਕਿ ਤੇਰੀ ਸਮਾਧੀ ਖੁਲ੍ਹਦੀ ਹੀ ਨਹੀਂ ਹੋਣੀ। ਲੋਕ ਬੈਠੇ ਰਹਿੰਦੇ ਹੋਣੇ ਨੇ, ਤੂੰ ਤਾਂ ਕਿੰਨੇ-ਕਿੰਨੇ ਦਿਨ ਸਮਾਧੀ ਨਹੀਂ ਖੋਲ੍ਹਦਾ ਹੋਏਂਗਾ, ਨਾ ਕੁਛ ਖਾਂਧਾ ਹੋਏਂਗਾ, ਨਾ ਪੀਂਦਾ ਹੋਏਂਗਾ, ਮੈਂ ਤਾਂ ਜਦੋਂ ਦਾ ਆਇਆ ਹਾਂ ਤੂੰ ਤਾਂ ਗੱਲਾਂ ਹੀ ਕਰੀ ਜਾਂਦਾ ਹੈਂ। ਕਿਸੇ ਨੂੰ ਕਹਿੰਦਾ ਹੈਂ ਚਾਰ ਵਜੇ ਆ ਜਾਈਂ, ਕਿਸੇ ਨੂੰ ਕਹਿੰਦਾ ਹੈਂ ਪੰਜ ਵਜੇ ਆ ਜਾਈਂ। ਸ਼ਾਮ ਦਾ ਵੀ ਸਮਾਂ ਤੂੰ ਵਿਚੇ ਹੀ ਦੇ ਦਿਤਾ, ਸਾਜਰੇ ਦਾ ਵੀ ਦੇ ਦਿਤਾ ਤੇ ਤੂੰ ਭਗਤੀ ਕਿਹੜੇ ਵੇਲੇ ਕਰਦਾ ਹੈਂ। ਤੂੰ ਤਾਂ ਬਿਲਕੁਲ ਹੀ ਪ੍ਰਮੇਸ਼ਰ ਨੂੰ ਭੁੱਲਿਆ ਹੋਇਆ ਬੰਦਾ ਲਗਦਾ ਹੈਂ। ਬੜਾ ਅਫਸੋਸ ਹੈ ਮੈਨੂੰ ਏਸ ਗੱਲ ਦਾ। ਉਸ ਵੇਲੇ ਮੁਸਕਰਾ ਪਏ ਨਾਮਦੇਵ ਜੀ, ਨਾਮਦੇਵ ਕਹਿਣ ਲੱਗੇ ਕਿ ਜਿਹੜੀ ਭਗਤੀ ਕੰਮ ਕਾਰ ਛੱਡ ਕੇ, ਕਰਨੀ ਹੈ ਨਾ ਉਹ ਕਿਸੇ ਕੰਮ ਦੀ ਨਹੀਂ ਹੁੰਦੀ। ਉਹ ਦੁਨੀਆਂ ਦੇ ਉਤੇ ਬੋਝ ਹੁੰਦਾ ਹੈ, ਕੰਮ ਧੰਦਾ ਕੋਈ ਨਹੀਂ ਕਰਦਾ ਭਗਤੀ ਦਾ ਢੋਂਗ ਰਚਦਾ ਹੈ।

ਦੁਨੀਆਂ ਦੇ ਵਿਚ ਰਹਿ, ਗੁਰੂ ਪੂਰਾ ਹੋਣਾ ਚਾਹੀਦਾ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ਅੰਗ - ੫੨੨*



**ਸ੍ਰੀ ਮਾਨ ਸੱਚਖੰਡਵਾਸੀ 108 ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ**

ਕਹਿੰਦੇ, ਇਹ ਤਾਂ ਜੁਗਤੀ ਦੀ ਲੋੜ ਹੈ, ਤੂੰ ਪ੍ਰਮੇਸ਼ਰ ਤੋਂ ਬਿਨਾਂ ਸੰਸਾਰ 'ਚ ਕੋਈ ਹੈ, ਮੈਂ ਤਾਂ ਸੇਵਾ ਕਰ ਰਿਹਾ ਹਾਂ ਪ੍ਰਮੇਸ਼ਰ ਦੀ। ਕਹਿੰਦੇ, ਇਹ ਨਹੀਂ ਗੱਲ ਹੁੰਦੀ। ਨਾਮ ਜਪਣਾ ਹੈ ਹਿਰਦੇ ਨੇ, ਅੰਦਰਲੀ ਸੁਰਤ ਨੇ ਹੱਥਾਂ-ਪੈਰਾਂ ਨੇ ਕੰਮ ਕਰਨਾ ਹੈ, ਕਹਿੰਦੇ ਐਉਂ ਦੱਸ ਜੇ ਕੋਈ ਮਰ ਜਾਵੇ, ਉਹ ਜਿਹੜਾ ਅਫਸੋਸ ਹੈ ਕੰਮ ਕਰਨ ਤੇ ਉਹਨੂੰ ਭੁੱਲ ਜਾਂਦਾ ਹੈ, ਕਹਿੰਦਾ ਨਹੀਂ ਹਉਕੇ ਤਾਂ ਆਉਂਦੇ ਰਹਿੰਦੇ ਨੇ। ਕਹਿੰਦੇ ਫੇਰ ਚਿੱਤ ਦਾ ਸਵਾਲ ਹੋਇਆ ਨਾ। ਕਿਸੇ ਚੀਜ਼ ਨਾਲ ਚਿੱਤ ਡੂੰਘਾ ਲਗ ਜਾਵੇ, ਉਹ ਗੱਲ ਆਪੇ ਹੁੰਦੀ ਹੈ। ਕਹਿੰਦੇ, ਲੜਕੀਆਂ ਪਾਣੀ ਲੈਣ ਵਾਸਤੇ ਜਾਂਦੀਆਂ ਨੇ। ਉਹ ਸਹੇਲੀਆਂ ਦੇ ਨਾਲ ਗੱਲਾਂ ਵੀ ਕਰਦੀਆਂ ਨੇ, ਤੇ ਨਾਲ ਇਕ ਘੜੇ ਦੇ ਉਤੇ ਦੂਜਾ, ਤੇ ਇਕ ਕੱਛ ਵਿਚ ਤੇ ਇਕ ਹੱਥ ਵਿਚ ਫੜਿਆ ਹੋਇਆ ਹੈ। ਕਹਿੰਦੇ, ਉਹ ਘੜਾ ਤਾਂ ਨਹੀਂ ਨਾ ਗਿਰਨ ਦਿੰਦੀਆਂ। ਬੱਚਾ ਪਤੰਗ ਉਡਾਉਂਦਾ ਹੈ, ਮਿੱਤਰਾਂ ਨਾਲ ਗੱਲ ਕਰਦਾ ਹੈ, ਨਾਲ ਤੁਣਕਾ ਪਤੰਗ ਨੂੰ ਦਿੰਦਾ ਰਹਿੰਦਾ ਹੈ ਕਿ ਪਤੰਗ ਕਿਤੇ ਗੋਤਾ ਨਾ ਖਾ ਜਾਏ। ਇਹ ਤਾਂ ਕਹਿੰਦੇ ਮਨੁੱਖਾਂ ਦੀ ਗੱਲ ਹੈ, ਇਕ ਆਰਟਿਸਟ ਹੈ ਸੋਨੇ ਦੇ ਗਹਿਣੇ ਬਣਾ ਰਿਹਾ ਹੈ, ਉਹ ਬੀਬੀਆਂ ਨਾਲ ਗੱਲ ਵੀ ਕਰੀ ਜਾਂਦਾ ਹੈ, ਭਾਈ ਐਨੇ ਲੈ ਲਈ ਐਹੋ ਜਿਹਾ ਬਣ ਜਾਏਗਾ, ਤੇ ਨਾਲ ਠੱਕ-ਠੱਕ ਕਰਨ ਤੋਂ ਹਟਦਾ ਹੀ ਨਹੀਂ ਹੈ, ਗਹਿਣਾ ਬਣਾਈ ਜਾਂਦਾ ਹੈ। ਇਹ ਬੰਦਿਆਂ ਦੀ ਗੱਲ ਹੈ ਤੇ ਪਸ਼ੂਆਂ

(ਬਾਕੀ ਪੰਨਾ 60 ਤੇ)

# GURU GOBIND SINGH VIDYA MANDIR RATWARA SAHIB


ਮਾਤਾ ਰਣਜੀਤ ਕੌਰ ਜੀ

## ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ

**Registration And Admission Open For Classes Nursery to X**

**(To be affiliated to C.B.S.E., New Delhi)**

(ਸੀ. ਬੀ. ਐਸ. ਈ. ਨਾਲ ਸੰਬੰਧਿਤ)

ਨਰਸਰੀ ਤੋਂ ਦਸਵੀਂ ਜਮਾਤ ਤਕ ਰਜਿਸਟਰੇਸ਼ਨ ਅਤੇ ਦਾਖਲਾ ਸ਼ੁਰੂ


ਸੰਤ ਵਰਿਆਮ ਸਿੰਘ ਜੀ

**School will be upgraded by one class every year up to XII**

+2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।

**Limited Seats** ਸੀਮਤ ਸੀਟਾਂ

**Co-Educational** ਸਹਿ-ਸਿਖਿਅਕ

**English Medium** ਅੰਗਰੇਜ਼ੀ ਮਾਧਿਅਮ


ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਜੀ 8 ਅਪ੍ਰੈਲ 2001 ਨੂੰ ਸਕੂਲ ਦਾ ਉਦਘਾਟਨ ਕਰਦੇ ਹੋਏ।


School Building


ਪੂਜਨੀਕ ਬੀਜੀ ਬਾਲ ਦਿਵਸ ਦੇ ਮੌਕੇ ਤੇ ਬੱਚਿਆਂ ਨੂੰ ਅਸ਼ੀਰਵਾਦ ਦਿੰਦੇ ਹੋਏ।

"ਦੇਗ ਤੇਗ ਜਗ ਮੈ ਦੋਊ ਚਲੇ।"


ਪਰੀਪੂਰਨ ਜੋਤ, ਬ੍ਰਹਮਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਕਰ-ਕਮਲਾਂ ਨਾਲ ਸਥਾ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ' ਉਹ ਸੰਸਥਾ ਹੈ ਜੋ ਸਾਇੰਸ ਦੇ ਯੁੱਗ ਵਿੱਚ ਆਧੁਨਿਕ ਵਿਗਿਆਨਿਕ ਤਕਨੀਕਾਂ ਰਾਹੀਂ ਵਿਦਿਆ ਪ੍ਰਦਾਨ ਕਰ ਨਾਲ-ਨਾਲ ਬੱਚਿਆਂ ਨੂੰ ਸਿਖਰ ਦੇ ਅਧਿਆਤਮਿਕ ਜੀਵਨ ਦੇ ਆਤਮ-ਮਾਰਗ ਦੇ ਪਾਂਧੀ ਬਣਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਨੂੰ ਸਮਰਪਿਤ ਹੁੰਦੇ ਬਾਬਾ ਜੀ ਮਹਾਰਾਜ ਦੇ ਉਪਰੋਕਤ ਮਹਾਂਵਾਕ ਅਨੁਸਾਰ ਉਹ ਸੁਪਨਾ ਸਾਕਾਰ ਕਰਨ ਲਈ ਇਹ ਸੰਸਥਾ ਕੁਦਰਤ ਦੀ ਗੋਦ ਵਿੱਚ ਵਸਾਈ ਕਿ ਇੱਥੋਂ ਤਾਲੀਮ ਲੈਣ ਵਾਲੇ ਮੋ ਉਹ ਸੱਚੇ ਸੰਤ-ਸਿਪਾਹੀ ਬਣਨ ਜੋ ਮਨੁੱਖਾ ਜੀਵਨ ਦੇ ਪਰਮ ਮਨੋਰਥ ਵੱਲ ਕਦਮ ਪੁੱਟਦੇ ਹੋਏ ਦੇਸ਼- ਕੌਮ ਤੇ ਪੂਰੀ ਖਲਕਤ ਦੀ ਤਨ ਮਨ ਧਨ ਨਾਲ ਰਾਖੀ ਕਰ ਸਕਣ। ਸੰ ਜੀ ਮਹਾਰਾਜ ਅਤੇ ਪੂਜਨੀਕ ਬੀਜੀ ਦੇ ਅਸ਼ੀਰਵਾਦ ਸਦਕਾ ਅੱਜ ਸਾਡਾ ਸਕੂਲ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ ਤੇ ਅੱਵਲ ਨੰਬਰ ਤੇ ਆ ਰਿਹਾ ਹੈ-


ਸਕੂਲ ਦੇ ਬੱਚੇ ਪਿੰਜੌਰ ਬਾਗ ਵਿਚ


ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਕੂਲ ਦਫਤਰ ਵਿੱਚ


ਸਕੂਲ ਵਿਚ ਲੋਹੜੀ ਮਨਾਉਂਦੇ ਹੋਏ।


ਸਕੂਲ ਦੇ ਬੱਚੇ ਇੰਗਲੈਂਡ ਵਿਚ ਕੀਰਤਨ ਕਰਦੇ ਹੋਏ।


ਲੋਹੜੀ ਸਮੇਂ ਬੱਚਿਆਂ ਵਲੋਂ ਰੰਗਾ ਰੰਗ ਪ੍ਰੋਗ

# Guru Gobind Singh Vidya Mandir Ratwara Sahib

(abot 8 kms from Chandigarh) Ph :0160-2255003


ਗੁਰਪੁਰਬ ਦੇ ਸ਼ੁਭ ਅਵਸਰ ਤੇ 'ਨਗਰ ਕੀਰਤਨ' ਵਿੱਚ ਸ਼ਮੂਲੀਅਤ ਕਿੱਤੇ ਹੋਏ ਵਿਦਿਆਰਥੀ।


ਵਿਸ਼ੇਸ਼ ਕੋਚ ਰਾਹੀਂ 'ਯੋਗਾ' ਦੀ ਕੋਚਿੰਗ ਲੈਂਦੇ ਹੋਏ ਵਿਦਿਆਰਥੀ।


ਸ਼ਲਾਨਾ ਪ੍ਰਦਰਸ਼ਨੀ ਰੰਗਲਾ ਪੰਜਾਬ


ਸਾਲਾਨਾ ਸਮਾਗਮ ਦੇ ਅਵਸਰ ਤੇ ਬੱਚੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਦੇ ਹੋਏ।


ਯੂਥ ਫੈਸਟੀਵਲ ਵਿੱਚ ਲੜਕੀਆਂ ਨੇ ਗਿੱਧੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

**Salient Features**

- Spacious school building in the lap of nature.
- No building fund is charged.
- Admission charges only once during admission of the child in the school.
- Spiritualized Environment & scientific approach to religion and life.
- Specially designed and well equipped class rooms and playground.
- Medium of instruction - English.
- Well qualified and experienced faculty.
- Ideal Teacher Student Ratio 1:25
- Affordable fee structure.
- One special Divinity period everyday.
- Multimedia & computer aided education.
- Activity Based learning
- Play way method of education for Tiny Tots.
- Lays emphasis on English speaking.
- Special coaches for games like taekwondo etc.
- Hobby classes and summer camp a routine feature of the school.
- Music, Dance & Yoga classes.
- Students' participation in the shabad kirtan programmes at all levels.
- Sikh history taught by slides, shown through overhead projector.
- Hostel Faculity available Regular interaction with parents
- **Best students sent to UK for 14 day education trip ever byNRI's**
- Modern teaching aids.
- Emphasis on all round personality development.
- Integrated learning with focus on individual intelligence.
- Nurturing child's abilities to bring out his maximum. potential and strengt
- Development of healthy and competitive spirit.
- Lays emphasis on apprising the students with upto date and advan techniques of education.
- Emphasis on extra curricular activities. (Literary, religious, sports, cultural etc.)
- Well stocked library catering to the needs of different age groups.
- Well equipped computer labs with internet
- Art & craft room.
- Well furnished science lab.
- Playway rooms with latest educational toys for kids.
- Medical facilities - First aid and dispensary available.
- School bus facility available.
- **Syllabus - as per C.B.S.E.**

**- Registration & Admission open for Classes Nursery to IX**

# ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਰਤਵਾੜਾ ਸਾਹਿਬ



ਬਾਬਾ ਜੀ ਅਤੇ ਵਿਦੇਸ਼ੀ ਭਾਰਤੀ ਸਜਣਾ ਪ੍ਰਯੋਗਸ਼ਾਲੀ ਦੇ ਉਦਘਾਟਨ ਸਮੇਂ



ਸਕੂਲ ਦਾ ਆਰਟ ਅਤੇ ਕਰਾਫਟ ਰੂਮ



ਨਰਸਰੀ ਕੇ ਜੀ. ਬੱਚਿਆਂ ਦੇ ਮਨੋਰੰਜਨ ਲਈ ਪਲੇਅ-ਵੇ ਰੂਮ ਦਾ ਦ੍ਰਿਸ਼



ਸਕੂਲ ਦੀ ਸਾਇੰਸ ਲੈਬ ਵਿੱਚ ਪ੍ਰਯੋਗ ਕਰਦੇ ਹੋਏ ਵਿਦਿਆਰਥੀ।



ਕੰਪਿਊਟਰ ਲੈਬ ਵਿੱਚ ਵਿਦਿਆਰਥੀ ਪ੍ਰੈਕਟੀਕਲ ਕਰਦੇ ਹੋਏ।

- ਕੁਦਰਤ ਦੀ ਗੋਦ ਵਿੱਚ ਸਥਿਤ ਖੁੱਲ੍ਹੀ-ਡੁੱਲ੍ਹੀ ਇਮਾਰਤ।
- ਕੋਈ ਬਿਲਡਿੰਗ ਫੰਡ ਨਹੀਂ ਲਿਆ ਜਾਂਦਾ।
- ਧਰਮ ਅਤੇ ਜੀਵਨ ਪ੍ਰਤੀ ਵਿਗਿਆਨਿਕ ਸੋਚ ਅਪਨਾਉਣ ਵਾਲਾ ਮਾਹੌਲ
- ਵਿਸ਼ੇਸ਼ ਸਹੂਲਤਾਂ ਨਾਲ ਲੈਸ ਕਲਾਸ ਰੂਮ ਅਤੇ ਖੇਡ ਦੇ ਮੈਦਾਨ
- ਅੰਗਰੇਜ਼ੀ ਮਾਧਿਅਮ।
- ਤਜਰਬੇਕਾਰ, ਉੱਚ-ਯੋਗਤਾ ਪ੍ਰਾਪਤ ਅਧਿਆਪਕ
- ਅਧਿਆਪਕ ਵਿਦਿਆਰਥੀ ਅਨੁਪਾਤ 1:25
- ਵਾਜਬ ਫੀਸ, ਦੂਜੇ ਬੱਚੇ ਲਈ ਫੀਸ ਅੱਧੀ।
- ਰੋਜ਼ਾਨਾ ਗੁਰਬਾਣੀ ਪੀਰੀਅਡ।
- ਵਿਸ਼ਾਲ ਕੰਪਿਊਟਰ ਲੈਬ ਜਿੱਥੇ ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਕੰਪਿਊਟਰ ਵਿਸ਼ੇ ਦੀ ਜਾਣਕਾਰੀ ਦਿੱਤੀ...
- ਪੜ੍ਹਾਈ ਦੇ ਨਾਲ-ਨਾਲ ਸਿੱਖਿਆਦਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਰਾਹੀਂ... ਅੰਦਰਲੀ ਕਲਾ ਨੂੰ ਜਾਗਰੂਕ ਕੀਤਾ ਜਾਂਦਾ ਹੈ।
- ਨਰਸਰੀ ਕੇ ਜੀ. ਬੱਚਿਆਂ ਲਈ ਵਿਸ਼ੇਸ਼ ਪਲੇਅ ਵੇ ਰਾਹੀਂ ਸਿੱਖਿਆ।
- ਅੰਗਰੇਜ਼ੀ ਬੋਲਣ ਤੇ ਵਿਸ਼ੇਸ਼ ਜ਼ੋਰ।
- ਜੂਡੋ ਕਰਾਟੇ ਅਤੇ ਤਾਇਕੁਆਂਡੋ ਲਈ ਵਿਸ਼ੇਸ਼ ਸਿਖਲਾਈ।
- ਗਰਮੀ ਦੀਆਂ ਛੁੱਟੀਆਂ ਵਿੱਚ ਸਮਰਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਵਿੱਚ ਬਹੁਤ ਕੁਝ ਸਿ... ਮਿਲਦਾ ਹੈ।
- ਅਨੇਕਾਂ ਪ੍ਰਤੀਯੋਗਤਾਵਾਂ - ਕਵਿਤਾ ਉਚਾਰਣ, ਭਾਸ਼ਣ ਮੁਕਾਬਲੇ, ਲਿਖਾਈ ਪ੍ਰਤੀਯੋਗਤਾ ਅਤੇ ... ਗਾਇਣ ਲਈ ਦੀਵਾਨਾਂ ਵਿੱਚ ਹਾਜ਼ਰੀ ਲਗਾਉਣਾ ਆਦਿ।
- ਪ੍ਰੋਜੈਕਟਰ ਅਤੇ ਸਲਾਈਡਜ਼ ਦੁਆਰਾ ਸਿੱਖ ਇਤਿਹਾਸ ਦੀ ਜਾਣਕਾਰੀ।
- ਹੋਸਟਲ ਸੁਵਿਧਾ ਉਪਲਬਧ
- ਵਿਦੇਸ਼ੀ ਭਾਰਤੀਆਂ ਦੁਆਰਾ ਹਰ ਸਾਲ ਸਕੂਲ ਦੇ ਚੰਗੇ ਬੱਚੇ 14 ਦਿਨਾਂ ਲਈ ਇੰਗਲੈਂਡ ਵਿੱਚ ਵਿ... ਲਿਜਾਏ ਗਏ।
- ਆਧੁਨਿਕ ਸਹਾਇਕ ਸਮੱਗਰੀ ਰਾਹੀਂ ਸਿੱਖਿਆ।
- ਬੱਚੇ ਨੂੰ ਹਰਖੇਤਰ ਵਿੱਚ ਨਿਪੁੰਨ ਕਰਨ ਪ੍ਰਤੀ ਉਸਾਰੂ ਸੋਚ।
- ਵਿਸ਼ਾਲ ਖੇਡ ਦੇ ਮੈਦਾਨ, ਖੇਡ ਸਹੂਲਤਾਂ
- ਬੱਚੇ ਦੇ ਅੰਦਰ ਛੁਪੀ ਕਲਾ ਨੂੰ ਜਾਗਰੂਕ ਕਰਨ ਵੱਲ ਵਿਸ਼ੇਸ਼ ਧਿਆਨ
- ਬਹੁ ਰੁਚੀਆਂ ਤੇ ਵਿਸ਼ੇਸ਼ ਜ਼ੋਰ (ਸਾਹਿਤਕ, ਧਾਰਮਿਕ, ਖੇਡਾਂ ਅਤੇ ਸੰਸਕ੍ਰਿਤਕ ਆਦਿ)
- ਨਰੋਈ ਪ੍ਰਤੀਯੋਗਤਾ ਦਾ ਵਿਕਾਸ
- ਉੱਚ ਪੱਧਰੀ ਅਧਿਆਤਮਿਕ ਸਾਹਿਤ ਸਮੇਤ ਹਰ ਵਿਸ਼ੇ ਤੇ ਉਪਲਬਧ ਸਾਹਿਤ ਦੀ ਲਾਇਬ੍ਰੇਰੀ।
- ਕੰਪਿਊਟਰ ਲੈਬ ਵਿੱਚ ਇੰਟਰਨੈਟ ਦੀ ਸਹੂਲਤ ਹੈ।
- ਆਰਟ ਤੇ ਕਰਾਫਟ ਰੂਮਜ਼।
- ਆਧੁਨਿਕ ਸਾਇੰਸ ਲੈਬ।
- ਡਾਕਟਰੀ ਸਹੂਲਤਾਂ ਉਪਲਬਧ ਹਨ।
- ਹਰ ਸਾਲ ਸ਼ਾਨਦਾਰ 'ਸਪੋਰਟਸ ਡੇ' ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਕ੍ਰਿਕਟ ਮੈਚ, ਅਥਲੈਟਿਕਸ ਅਤੇ ... ਮੁਕਾਬਲੇ ਕਰਵਾਏ ਜਾਂਦੇ ਹਨ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।
- ਸਾਲਾਨਾ ਪੱਤ੍ਰਿਕਾ 'ਆਤਮ-ਜੋਤ' ਛਾਪੀ ਜਾਂਦੀ ਹੈ ਜਿਸ ਵਿੱਚ ਅਧਿਆਪਕਾਂ ਅਤੇ ਬੱਚਿਆਂ ਦੀਆਂ ਰਚਨਾਵਾਂ ... ਹਨ।
- ਸ਼ਾਨਦਾਰ ਸਾਲਾਨਾ ਇਨਾਮ ਵੰਡ ਸਮਾਰੋਹ ਅਤੇ ਰੰਗਾ-ਰੰਗ ਪ੍ਰੋਗਰਾਮ ਕਰਵਾਏ ਜਾਂਦੇ ਹਨ।
- ਟ੍ਰਾਂਸਪੋਰਟ ਸਹੂਲਤ ਉਪਲਬਧ।
- ਸੀ. ਬੀ. ਐਸ. ਈ. ਨਾਲ ਸੰਬੰਧਿਤ।
- +2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।

***'ਹੱਥ ਕੰਗਣ ਨੂੰ ਆਰਸੀ ਕੀ'*** ਕ੍ਰਿਪਾ ਕਰਕੇ ਇੱਕ ਵਾਰ ਆ ਕੇ ਬਾਬਾ ਜੀ ਦੇ ਕਰਕਮਲਾਂ ਨਾਲ ਸਥਾਪਿਤ ਸੰਸਥਾ ਦਾ ਸਰਵੇਖਣ ਕਰੋ ਅਤੇ ਬੱਚਿਆਂ ਨੂੰ ਇੱਥੇ ਦਾਖਲ ਕਰਵਾ ਕੇ ਉਨ੍ਹਾਂ ਦਾ ਭਵਿੱਖ ਉਜਲ ਬਣਾਓ ਜੀ।

***ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥***

**GURU GOBIND SINGH VIDYA MANDIR**

**P.O. Mullanpur Garibdas, Distt. Mohali- 140901, Tel. : (160) 2255003, Fax. : 2255009, Email atammarg@glide.net.in**

# ਸੰਤ ਸਰਨ ਜੋ ਜਨ ਪਰੇ..........।

*ਪ੍ਰਭਜੋਤ ਕੌਰ*

ਸਮੇਂ ਦੀ ਰਫਤਾਰ ਬਹੁਤ ਤੇਜ਼ ਹੈ। ਇਨਸਾਨ ਇਸ ਦੇ ਨਾਲ ਨਹੀਂ ਦੌੜਨਾ ਚਾਹੁੰਦਾ, ਪਰ ਇਹ ਇਨਸਾਨ ਨੂੰ ਆਪਣੇ ਨਾਲ ਖਿੱਚਦਾ ਲੈ ਜਾ ਰਿਹਾ ਹੈ। ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢੇਪਾ, ਬੁਢੇਪੇ ਤੋਂ ਮੌਤ, ਜੀਵਨ ਦੇ ਕਿੰਨੇ ਰੰਗਾਂ 'ਚੋਂ ਆਪਾਂ ਗੁਜ਼ਰਦੇ ਚਲੇ ਜਾ ਰਹੇ ਹਾਂ। ਹਰ ਕਦਮ ਮੌਤ ਵਲ ਨੂੰ ਵਧ ਰਿਹਾ ਹੈ। ਇਨਸਾਨੀ ਦਿਲ ਹਰ ਸੁਬਾਹ ਦੇਖਣ ਦੀ ਆਸ ਨਾਲ, ਰਾਤ ਨੂੰ ਸੌਂਦਾ ਹੈ, ਪਰ ਹਰ ਇਕ ਨੂੰ ਸਵੇਰ ਨਸੀਬ ਨਹੀਂ ਹੁੰਦੀ। ਜ਼ਿੰਦਗੀ ਦੀ ਬੁਨਿਆਦ ਇਕ ਸਾਹ ਦੀ ਮੁਹਥਾਜ ਹੈ। ਬੀਤ ਗਏ ਵਲ ਨਿਗਾਹ ਮਾਰਦੀ ਹਾਂ, ਤਾਂ ਦੇਖਦੀ ਹਾਂ ਕਿ ਕਿੰਨਾ ਸਮਾਂ ਲੰਘ ਗਿਆ। ਕਿੰਨਾ ਕੁਝ ਬਦਲ ਗਿਆ। ਬਦਲ ਰਿਹਾ ਹੈ ਤੇ ਬਦਲਦਾ ਰਹੇਗਾ। ਪਿਛਲੇ ਦਿਨੀਂ ਪਰਮ ਪਿਆਰੇ ਸਤਿਕਾਰਯੋਗ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਪਿਤਾ ਜੀ ਦੀ ਯਾਦ ਅੰਦਰ ਆਪ ਜੀ ਦੇ ਗ੍ਰਹਿ 781, 3ਬੀ1 ਵਿਖੇ ਆਪ ਜੀ ਦੇ ਬੱਚਿਆਂ ਵਲੋਂ ਸ੍ਰੀ ਅਖੰਡਪਾਠ ਸਾਹਿਬ ਰਖਵਾਏ ਗਏ। ਜਿਸ ਦੇ ਭੋਗ ਪਾਏ ਗਏ, ਕੀਰਤਨ ਦੀਵਾਨ ਸਜੇ, ਮਹਾਂਪੁਰਖ ਆਏ। ਸਭ ਕੁਝ ਹੋਇਆ, ਜੋ ਗੁਰੂ ਘਰ ਦੀ ਰੀਤ ਹੈ। ਪ੍ਰੇਮੀ ਇਕ ਵਾਰ ਫਿਰ ਜੁੜੇ ਆਪਣੇ ਪਿਆਰੇ ਦੀ ਯਾਦ ਅੰਦਰ, ਜਿਨ੍ਹਾਂ ਨੇ ਸੰਗਤ ਨੂੰ ਇਕ ਨਵਾਂ ਜੀਵਨ ਦਿਤਾ, ਇਕ ਨਵੇਂ ਸਫਰ ਤੇ ਤੋਰਿਆ ਹੈ। ਹਰ ਇਕ ਦਾ ਆਪੋ ਆਪਣਾ ਖਿਆਲ ਹੁੰਦਾ ਹੈ। ਮੇਰਾ ਹੈ ਕਿ ਮੈਂ ਆਪ ਜੀ ਦੇ ਪ੍ਰੇਮੀਆਂ ਦੀ ਸੰਗਤ 'ਚ ਹੀ ਰਹਾਂ ਕਿਉਂਕਿ ਜਦ ਵੀ ਮੈਂ ਕਿਸੇ ਪ੍ਰੇਮੀ ਦੇ ਦਰਸ਼ਨ ਕਰਦੀ ਹਾਂ, ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਤੇ ਕਿਤੇ ਮਨ 'ਚ ਆਸ ਜਿਹੀ ਛਿੜ ਜਾਂਦੀ ਹੈ ਕਿ ਇਹ ਜ਼ਰੂਰ ਮੈਨੂੰ ਪਿਤਾ ਜੀ ਦੀ ਕੋਈ ਬਾਤ ਸੁਣਾਏਗਾ। ਇਨ੍ਹਾਂ ਬਾਤਾਂ ਵਿਚ ਬਹੁਤ ਕੁਝ ਛੁਪਿਆ ਹੁੰਦਾ ਹੈ। ਆਦਮੀ ਦੇ ਅੰਦਰ ਤੱਕ ਹਲੂਣਾ ਵਜਦਾ ਹੈ ਤੇ ਉਹ ਯਾਦ ਫਿਰ ਤੋਂ ਸਾਮ੍ਹਣੇ ਸਾਕਾਰ ਹੋ ਉਠਦੀ ਹੈ। ਅੱਜ ਵੀ ਹਰ ਪ੍ਰੇਮੀ ਬੇਤਾਬ ਹੈ ਕਿ ਕਦੋਂ ਕੋਈ ਐਸਾ ਪਿਆਰਾ ਮਿਲੇ ਜਿਹੜਾ ਆਪ ਜੀ ਦੇ ਬਾਰੇ ਵਿਚ ਹੀ ਕੋਈ ਬ੍ਰਿਤਾਂਤ ਸੁਣਾਏ। ਅੱਜ ਮੈਂ ਜਿਹਨਾਂ ਦਾ ਜ਼ਿਕਰ ਕਰਨ ਜਾ ਰਹੀ ਹੰ, ਉਹ ਪ੍ਰੇਮੀ ਸੰਤ ਮਹਾਰਾਜ ਜੀ ਦੇ ਬਹੁਤ ਪੁਰਾਣੇ ਸਤਿਸੰਗੀ ਹਨ। ਬੇਅੰਤ ਬਾਤਾਂ ਸਮੇਂ ਦੇ ਪ੍ਰਭਾਵ ਨਾਲ ਖਤਮ ਹੋ ਜਾਂਦੀਆਂ ਹਨ। ਮਹਾਂਪੁਰਖਾਂ ਦੇ ਜੀਵਨ ਬਿਰਤਾਂਤ ਕਲਮ ਤੇ ਬੁੱਧੀ ਤੋਂ ਪਰ੍ਹੇ ਦੀ ਬਾਤ ਹਨ। ਪਰ ਫਿਰ ਵੀ ਉਨ੍ਹਾਂ ਦੇ ਸਰੀਰਕ ਜੀਵਨ ਕਾਲ ਦੀਆਂ ਕੁਝ ਘਟਨਾਵਾਂ ਦਾ ਜ਼ਿਕਰ ਕਰਨ ਦਾ ਜਤਨ ਕਰਾਂਗੀ।

ਸ. ਜਸਮੇਰ ਸਿੰਘ, ਨਾਮ ਦੇ ਇਹ ਸਿੰਘ ਅੱਜਕਲ੍ਹ ਮਸਕਟ ਵਿਚ ਨੌਕਰੀ ਕਰ ਰਹੇ ਹਨ। ਸਹਿਜ ਸੁਭਾਅ ਸਾਡੇ ਨਾਲ ਮੇਲ ਹੋ ਗਿਆ। ਕਈ ਦਹਾਕਿਆਂ ਤੋਂ ਮਹਾਂਪੁਰਖਾਂ ਦਾ ਸੰਗ ਸਾਡੇ ਪਰਿਵਾਰਾਂ ਨੇ ਇਕੱਠੇ ਕੀਤੇ, ਪਰ ਫਤਹਿ ਤੋਂ ਸਿਵਾ ਕਦੇ ਕੋਈ ਸਾਂਝ ਨਹੀਂ ਸੀ ਪਈ। ਇਕ ਦਿਨ ਘਰ ਆਏ ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਪਿਤਾ ਜੀ ਦੀ ਐਨੀ ਦੇਰ ਸੰਗਤ ਕੀਤੀ, ਤਾਂ ਆਪ ਜੀ ਕੋਈ ਬਾਤ ਸਾਨੂੰ ਵੀ ਸੁਣਾਓ। ਬੜੇ ਭਰੇ ਮਨ ਨਾਲ ਕਹਿਣ ਲੱਗੇ ਕਿ ਪਿਤਾ ਜੀ ਦੇ ਮੇਰੇ ਉਪਰ ਬਹੁਤ ਉਪਕਾਰ ਹਨ। ਪਿਤਾ ਜੀ ਬਾਰੇ ਕੀ ਕਿਹਾ ਜਾਏ, ਉਹ ਤਾਂ ਆਪ ਹੀ ਰੱਬ ਹਨ। ਕਹਿਣ ਲੱਗੇ ਮੇਰਾ ਪਿੰਡ ਕਿਸ਼ਨਪੁਰਾ, ਰੋਪੜ ਹੈ। ਮੇਰੀ ਮਾਤਾ ਜੀ ਬਹੁਤ ਡਾਢੇ ਸੁਭਾਅ ਦੇ ਸਨ। ਸੰਤ ਮਹਾਰਾਜ ਜੀ ਨੇ ਕਿਸ਼ਨਪੁਰੇ ਬਹੁਤ ਦੀਵਾਨ ਸਜਾਏ। ਕਹਿੰਦੇ ਮੈਨੂੰ ਇਕ ਦਿਨ ਕਹਿਣ ਲੱਗੇ ਬਈ, ਜਸਮੇਰ ਸਿੰਘ! ਆਪਣੀ ਮਾਤਾ ਜੀ ਨੂੰ ਸਾਡੇ ਦੋ ਦੀਵਾਨ ਸੁਣਾ ਦੇ ਤੇ ਅੰਮ੍ਰਿਤ ਛਕਾ ਕੇ ਪਰ ਆਪ ਜੀ ਨੇ ਨਾਲ ਦੀ ਨਾਲ ਇਹ ਬਚਨ ਵੀ ਕਰ ਦਿਤਾ ਬਈ ਤੂੰ ਜਿੰਨਾਂ ਮਰਜ਼ੀ ਜ਼ੋਰ ਲਾ ਲਈਂ, ਉਹਨੇ ਆਉਣਾ ਨਹੀਂ, ਸਾਡੇ ਦੀਵਾਨ ਵਿਚ। ਕਹਿੰਦੇ ਮੈਂ ਬੜਾ ਜ਼ੋਰ ਲਾਇਆ ਤੇ ਮਹਾਰਾਜ ਜੀ ਨੂੰ ਕਿਹਾ ਕਿ ਆਪ ਜੀ ਆਪਣੀ ਕ੍ਰਿਪਾ ਕਰਕੇ ਲੈ ਆਓ। ਤਾਂ ਮਹਾਰਾਜ ਜੀ ਨੇ ਸਾਡੀ ਬੇਬੇ ਨੂੰ ਕਿਹਾ ਕਿ ਤੁਸੀਂ ਦੀਵਾਨ 'ਚ ਆਇਆ ਕਰੋ ਪਰ ਉਨ੍ਹਾਂ ਨੇ ਇਨਕਾਰ ਕਰ ਦਿਤਾ। ਕਹਿਣ ਲੱਗੇ ਕਿ ਇਹ ਇਕ ਘਟਨਾ ਸੀ, ਜਿਥੋਂ ਮੈਨੂੰ ਯਕੀਨ ਹੋ ਗਿਆ ਕਿ ਆਪ ਜੀ ਤ੍ਰਿਕਾਲ ਦਰਸ਼ੀ ਹਨ। ਸਭ ਕੁਝ ਜਾਣਦੇ ਹਨ।

ਫਿਰ ਕਹਿਣ ਲੱਗੇ ਕਿ ਮੇਰਾ ਇਕ ਭਰਾ ਸੀ ਅਮਰੀਕ ਸਿੰਘ, ਉਹ ਵੀ ਡੁਬਈ ਨੌਕਰੀ ਕਰਦਾ ਸੀ, ਬੱਚੇ ਉਸ ਦੇ ਛੋਟੇ-ਛੋਟੇ ਸਨ ਤੇ ਉਸਦੀ ਆਪਣੀ ਉਮਰ ਵੀ ਘੱਟ ਸੀ। ਕਹਿਣ ਲੱਗੇ ਇਕ ਦਿਨ ਪਿਤਾ ਜੀ ਘਰ ਆ ਗਏ ਤੇ ਆਪ ਜੀ ਬਿਰਾਜਮਾਨ ਹੋ ਗਏ ਤੇ ਕਹਿਣ ਲੱਗੇ

ਬਈ ਹੁਣ ਕਿਹਨੂੰ ਭੇਜਣਾ ਹੈ? ਘਰਦਿਆਂ ਦੇ ਕਿਸੇ ਦੇ ਬਚਨ ਸਮਝ ਨਾ ਆਵੇ। ਤਾਂ ਸਾਡੇ ਬਾਪੂ ਜੀ ਸ. ਸੁੱਚਾ ਸਿੰਘ ਕਹਿਣ ਲੱਗੇ, ਬਾਬਾ ਜੀ ਹੁਣ ਅਮਰੀਕ ਨੇ ਜਾਣਾ ਹੈ। ਆਪ ਜੀ ਦੀ ਰਮਜ਼ ਨੂੰ ਕੋਈ ਨਾ ਸਮਝ ਸਕਿਆ। ਮਾਤਾ ਜੀ ਵੀ ਨਾ ਸਮਝ ਸਕੀ। ਕਿਸੇ ਦੇ ਕੁਝ ਸਮਝ ਨਾ ਪਿਆ। ਸੰਤ ਮਹਾਰਾਜ ਜੀ ਬਾਰ-ਬਾਰ ਇਕੋ ਬਚਨ ਕਰ ਰਹੇ ਸਨ। ਕਦੇ ਆਪਣਾ ਮੁਖਾਰਬਿੰਦ ਬਾਪੂ ਜੀ ਵਲ ਕਰਨ, ਕਦੇ ਮਾਤਾ ਵਲ ਕਰਨ ਪਰ ਕਿਸੇ ਨੂੰ ਸੋਝੀ ਨਾ ਹੋਈ, ਸਾਰੇ ਇਕੋ ਹੀ ਗੱਲ ਸੋਚ ਰਹੇ ਸਨ ਬਈ ਅਮਰੀਕ ਸਿੰਘ ਨੂੰ ਹੀ ਛੁੱਟੀ ਕੱਟ ਕੇ ਵਿਦੇਸ਼ ਵਾਪਸ ਜਾਣਾ ਸ਼ਾਇਦ ਉਸਦੀ ਬਾਤ ਕਰ ਰਹੇ ਹਨ ਬਾਬਾ ਜੀ। ਪਰ ਸੰਤ ਮਹਾਰਾਜ ਜੀ ਦੀ ਰਮਜ਼ ਕੁਝ ਹੋਰ ਸੀ। ਅਮਰੀਕ ਸਿੰਘ ਦਾ ਸਮਾਂ ਖਤਮ ਸੀ। ਸੰਤ ਮਹਾਰਾਜ ਜੀ ਘਰ ਦੇ ਕਿਸੇ ਹੋਰ ਜੀਅ ਦੀ ਆਯੂ ਉਸ ਨੂੰ ਦੇਣਾ ਚਾਹੁੰਦੇ ਸਨ। ਇਹ ਭੇਤ ਦੀ ਬਾਤ ਕਿਸੇ ਦੇ ਸਮਝ ਨਾ ਪਈ। ਆਖਰ ਤੀਸਰੀ ਦਫਾ ਇਕੋ ਜਵਾਬ ਮਿਲਣ ਤੇ ਆਪ ਜੀ ਦੇ ਮੁਖਾਰਬਿੰਦ ਤੋਂ ਨਿਕਲ ਗਿਆ ਕਿ ਚੰਗਾ ਠੀਕ ਹੈ, ਹੁਣ ਅਮਰੀਕ ਸਿੰਘ ਹੀ ਜਾਊਗਾ। ਇਹ ਸਿੰਘ ਵਾਪਸ ਵਿਦੇਸ਼ ਆਪਣੀ ਨੌਕਰੀ ਤੇ ਪਰਤ ਗਿਆ, ਉਥੇ ਹੀ ਥੋੜ੍ਹੇ ਸਮੇਂ ਬਾਅਦ ਚੜ੍ਹਾਈ ਕਰ ਗਿਆ। ਫਿਰ ਉਸ ਪ੍ਰੇਮੀ ਦਾ ਸਰੀਰ ਬਕਸੇ 'ਚ ਬੰਦ ਹੋ ਕੇ ਇਥੇ ਪੰਜਾਬ ਆਇਆ। ਸੋ ਐਸੀਆਂ ਬਾਤਾਂ ਹੋਇਆ ਕਰਦੀਆਂ ਹਨ। ਸਤਿਪੁਰਸ਼ ਭਲਾ ਮੰਗਦੇ ਹਨ ਸੰਸਾਰ ਦਾ, ਪਰ ਸਾਡੀ ਮਤ ਐਨੀ ਚੰਚਲ ਹੈ ਕਿ ਮਹਾਂਪੁਰਖਾਂ ਦੇ ਬਚਨ ਨੂੰ ਪਕੜ ਨਹੀਂ ਸਕਦੀ।

ਇਨ੍ਹਾਂ ਵਾਰਤਾਵਾਂ ਦਾ ਜ਼ਿਕਰ ਕਰਦੇ ਮੇਰੇ ਜ਼ਿਹਨ 'ਚ ਇਕ ਹੋਰ ਯਾਦ ਉਭਰ ਆਈ ਹੈ। ਸਾਲ 2001, ਪਿਤਾ ਜੀ ਦੇ ਸਰੀਰ ਤਿਆਗਣ ਤੋਂ ਥੋੜ੍ਹੇ ਮਹੀਨੇ ਪਹਿਲਾਂ ਜਾਂ ਸ਼ਾਇਦ ਇਕ ਦੋ ਮਹੀਨੇ ਪਹਿਲਾਂ ਦੀ ਬਾਤ ਹੈ। ਆਪ ਜੀ ਦੀ ਮੌਜ ਦੇ ਵਸ, ਆਪ ਜੀ ਦਾ ਸਰੀਰ ਜਿਸ ਦੌਰ 'ਚੋਂ ਗੁਜ਼ਰਿਆ। ਉਹ ਵੀ ਪ੍ਰੇਮੀਆਂ ਤੋਂ ਸਹਿਣਾ ਬਹੁਤ ਔਖਾ ਸੀ। ਹਰ ਵਕਤ ਚਿੰਤਾ ਜਿਹੀ ਲੱਗੀ ਰਹਿੰਦੀ ਸੀ ਕਿ ਅਚਾਨਕ ਸਰੀਰ ਨੂੰ ਕੀ ਹੋ ਗਿਆ। ਖੈਰ, ਆਪ ਜੀ ਤਾਂ ਇਨ੍ਹਾਂ ਸਭ ਚੀਜ਼ਾਂ ਤੋਂ ਪਰ੍ਹੇ ਹੀ ਸਨ। ਪਰ ਜੋ ਇਸ ਦੁਨੀਆਂ 'ਚ ਸਰੀਰ ਨੂੰ ਚਲਾਉਣ ਦੇ ਕਾਇਦੇ ਹਨ, ਉਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਡਾਕਟਰਾਂ ਦੇ ਨਿਰਦੇਸ਼ ਤੇ ਲੱਕੜ ਦਾ ਇਕ ਕੈਬਿਨ ਆਪ ਜੀ ਲਈ ਵਿਸ਼ੇਸ਼ ਤੌਰ ਤੇ ਤਿਆਰ ਕਰਵਾ ਦਿਤਾ ਗਿਆ, ਤਾਂ ਜੋ ਆਪ ਜੀ ਉਸੇ ਦੇ ਅੰਦਰ ਸੰਗਤਾਂ ਨੂੰ ਦਰਸ਼ਨ ਦੇਣ। ਉਹ ਰਤਵਾੜਾ ਸਾਹਿਬ ਹੀ ਰੱਖਿਆ ਗਿਆ। ਜਦ ਪਿਤਾ ਜੀ ਉਹਦੇ ਅੰਦਰ ਬੈਠਣ ਲੱਗੇ, ਬੀਜੀ ਬਹੁਤ ਨਰਾਜ਼ ਹੋ ਗਏ। ਕਹਿਣ ਲੱਗੇ, ਬਾਹਰ ਆਓ, ਇਸਦੇ ਵਿਚ ਨਹੀਂ ਬੈਠਣਾ। ਸੰਗਤਾਂ ਨੂੰ ਕਹਿਣ, ਬੇਟਾ ਇਹਨੂੰ ਤੋੜ ਦਿਉ। ਉਹ ਬਾਤ ਉਸ ਵੇਲੇ ਕਿਸੇ ਦੇ ਸਮਝ ਨਾ ਪਈ। ਕਈ ਸਿਰਫਿਰੇ ਬੀਜੀ ਬਾਰੇ ਹੀ ਅਪਸ਼ਬਦ ਕਹਿਣ, ਪਰ ਸਾਧਸੰਗਤ ਜੀ, ਬੀਜੀ ਦਾ ਬਚਨ ਵੀ ਅਮੋਘ ਬਾਣ। ਉਹ ਬਚਨ 31 ਅਕਤੂਬਰ ਨੂੰ ਸਮਝ ਆਇਆ। ਤਿੰਨ ਦਿਨ ਆਪ ਜੀ ਦਾ ਪਵਿੱਤਰ ਸਰੀਰ ਉਸੇ ਕੈਬਿਨ 'ਚ ਰੱਖਿਆ ਗਿਆ। ਸੋ ਕੀ-ਕੀ ਲਿਖਾਂ, ਕੋਈ ਤਾਣ ਨਹੀਂ ਹੈ ਕਲਮ ਵਿਚ ਕਿ ਉਸ ਪਿਆਰੇ ਦੇ ਜੀਵਨ ਬ੍ਰਿਤਾਂਤ ਲਿਖ ਸਕੇ। ਹਰ ਪ੍ਰੇਮੀ ਦੇ ਨਾਲ, ਹਰ ਦੁਖ-ਸੁਖ ਦੇ ਜੋ ਸਾਥੀ ਹਨ, ਉਨ੍ਹਾਂ ਦੀ ਸਰੀਰਕ ਕਿਰਿਆ ਤਾਂ ਸ਼ਾਇਦ ਕੋਈ ਲਿਖ ਸਕੇ ਪਰ ਜੋ ਗੁਪਤ ਵਰਤਦਾ ਹੈ, ਉਸ ਦਾ ਤਾਂ ਕੋਈ ਦਾਇਰਾ ਨਹੀਂ ਹੈ। ਮੈਂ ਤਾਂ ਇਹ ਇਕ ਜਤਨ ਕਰ ਰਹੀ ਹਾਂ ਕਿ ਆਪਾਂ ਉਹ ਯਾਦਾਂ ਨੂੰ ਸਾਕਾਰ ਰੱਖ ਸਕੀਏ। ਇਹ ਕੋਈ ਕਹਾਣੀਆਂ ਨਹੀਂ, ਇਨ੍ਹਾਂ 'ਚੋਂ ਜ਼ਿੰਦਗੀ ਮਿਲਦੀ ਹੈ। ਪਿਆਰੇ ਦੀ ਬਾਤ ਤੋਂ ਵੱਡੀ ਤਾਂ ਹੋਰ ਕੋਈ ਬਾਤ ਹੁੰਦੀ ਨਹੀਂ। ਆਦਮੀ ਘੰਟਿਆਂ ਬੱਧੀ ਵੀ ਬੈਠਾ ਰਹੇ, ਸਮੇਂ ਦਾ ਆਭਾਸ ਨਹੀਂ ਹੁੰਦਾ। ਇਹ ਆਪ ਜੀ ਦੀ ਕ੍ਰਿਪਾ ਹੈ ਕਿ ਪ੍ਰੇਮੀ ਆਪਸ 'ਚ ਮਿਲ ਬੈਠ ਕੇ ਆਪ ਜੀ ਦੇ ਸੰਗ ਗੁਜ਼ਾਰੇ ਸੁਹਾਵਣੇ ਪਲਾਂ ਨੂੰ ਯਾਦ ਕਰਦੇ ਹਨ।

ਸੋ ਮੈਂ ਭਾਈ ਜਸਮੇਰ ਸਿੰਘ ਹੋਰਾਂ ਦੀਆਂ ਕੁਝ ਆਪ ਬੀਤੀਆਂ ਆਪ ਜੀ ਨਾਲ ਸਾਂਝੀਆਂ ਕਰ ਰਹੀ ਸੀ। ਇਹ ਵਿਦੇਸ਼ ਵਿਚ ਸਨ, ਮਸਕਟ, ਕਹਿੰਦੇ ਮੈਂ ਬੀਮਾਰ ਹੋ ਗਿਆ ਤੇ ਮੇਰਾ ਅੱਧਾ ਸਰੀਰ ਹਰਕਤ ਕਰਨੀ ਬੰਦ ਕਰ ਗਿਆ। ਡਾਕਟਰਾਂ ਨੇ ਚੈਕ ਕੀਤਾ, ਤਾਂ ਰਿਪੋਰਟਾਂ 'ਚ ਕੁਝ ਸਮਝ ਨਾ ਆਵੇ। ਆਖਰ ਮੈਨੂੰ ਹਸਪਤਾਲ ਦਾਖਲ ਕੀਤਾ ਗਿਆ, ਉਥੇ ਮੈਂ ਰਿਹਾ ਤੇ ਅੰਤ ਡਾਕਟਰ ਨੇ ਕਹਿ ਦਿਤਾ ਆਪਣੇ ਕਮਪਾਉਂਡਰ ਨੂੰ ਬਈ ਇਸ ਮਿਸਟਰ ਸਿੰਘ ਨੇ ਹੁਣ ਬਚਣਾ ਨਹੀਂ। ਕਹਿੰਦੇ ਉਹ ਰਾਤ ਨੂੰ ਮੇਰੇ ਕੋਲ ਆਇਆ, ਕਹਿੰਦਾ ਬਈ ਮਿਸਟਰ ਸਿੰਘ ਮੈਨੂੰ ਤੈਨੂੰ ਦੱਸਣਾ ਤਾਂ ਨਹੀਂ ਚਾਹੀਦਾ ਪਰ ਅੱਜ ਦੀ ਰਾਤ ਤੇਰੀ ਆਖਰੀ ਰਾਤ ਹੈ ਤੂੰ ਆਪਣੇ God ਨੂੰ ਯਾਦ ਕਰ ਲੈ। ਕਹਿੰਦੇ ਮੈਂ ਚੁੱਪ ਕਰ ਰਿਹਾ ਤੇ

ਉਹਨੂੰ ਕਿਹਾ ਬਈ ਕੋਈ ਗੱਲ ਨਹੀਂ। ਜੇ ਸਵੇਰ ਤੱਕ ਮੈਂ ਬਚ ਗਿਆ ਠੀਕ ਹੈ ਜੇ ਚੜ੍ਹਾਈ ਕਰ ਗਿਆ ਤਾਂ ਮੈਨੂੰ ਸੰਭਾਲ ਲਿਓ। ਸਿੰਘ ਸਾਹਿਬ ਕਹਿੰਦੇ, ਮੇਰੇ ਕੋਲੋਂ ਬੈਠ ਤਾਂ ਨਹੀਂ ਸੀ ਹੁੰਦਾ ਚੰਗੀ ਤਰ੍ਹਾਂ ਪਰ ਫਿਰ ਵੀ ਮੈਂ ਥੋੜ੍ਹਾ ਹਿੰਮਤ ਨਾਲ ਸਰੀਰ ਨੂੰ ਕੁਝ ਇਕੱਠਾ ਜਿਹਾ ਕਰਕੇ ਸੰਤ ਮਹਾਰਾਜ ਜੀ ਦਾ ਧਿਆਨ ਧਰਿਆ। ਅਰਦਾਸ ਕੀਤੀ ਕਿ ਹੇ ਮਾਲਕਾ! ਜਿੱਦਾਂ ਤੇਰਾ ਹੁਕਮ ਹੈ, ਸੋ ਠੀਕ ਹੈ। ਐਸੇ ਸਮੇਂ ਤੇ ਜੋ ਅਰਦਾਸ ਇਨਸਾਨ ਕਰ ਸਕਦਾ ਹੈ, ਉਹ ਜ਼ਰੂਰ ਕਰਦਾ ਹੈ। ਤਾਂ ਕਹਿਣ ਲੱਗੇ ਕਿ ਜਮਦੂਤ ਆ ਗਏ ਤੇ ਉਨ੍ਹਾਂ ਨੇ ਮੈਨੂੰ ਖਿੱਚ ਲਿਆ। ਮੈਂ ਉਨ੍ਹਾਂ ਨੂੰ ਕਿਹਾ ਬਈ ਮੈਂ ਨਹੀਂ ਜਾਣਾ ਤੁਹਾਡੇ ਨਾਲ। ਕਹਿੰਦੇ ਹਾਲੇ ਐਨਾ ਹੀ ਕਿਹਾ ਕਿ ਉਥੇ ਸੰਤ ਮਹਾਰਾਜ ਜੀ ਆਣ ਪਹੁੰਚੇ ਤੇ ਮੈਨੂੰ ਕਹਿੰਦੇ ਬਈ ਤੂੰ ਕਿਥੇ ਚਲਿਆ ਹੈਂ। ਮੈਂ ਕਿਹਾ ਪਿਤਾ ਜੀ, ਇਹ ਮੈਨੂੰ ਲੈ ਚੱਲੇ ਸੀ। ਕਹਿੰਦੇ, ਆ ਜਾ ਮੇਰੇ ਮਗਰ, ਬੱਸ ਜੀ, ਕਹਿੰਦੇ ਉਹ ਤਾਂ ਪਤਾ ਨਹੀਂ ਕਿੱਧਰ ਗਏ ਤੇ ਮੈਂ ਮਹਾਰਾਜ ਜੀ ਦੇ ਪਿਛੇ ਚਲ ਪਿਆ ਤੇ ਉਧਰ ਮੇਰੀ ਵਾਪਸੀ ਹੋ ਗਈ। ਇਧਰ ਮੇਰੀ ਜਾਗ ਖੁਲ੍ਹ ਗਈ ਤੇ ਮੈਨੂੰ ਲੱਗਿਆ ਬਈ ਮੇਰਾ ਸਰੀਰ ਹਿਲਦਾ ਹੈ। ਮੈਂ ਜਦ ਕੋਸ਼ਿਸ਼ ਕੀਤੀ ਤਾਂ ਮੇਰੀ ਚੌਂਕੜੀ ਵਜ ਗਈ। ਮੈਂ ਫਿਰ ਤੋਂ ਮਹਾਰਾਜ ਜੀ ਦਾ ਧੰਨਵਾਦ ਕੀਤਾ। ਹਾਂ ਜੀ, ਇਹ ਤਾਂ ਸੋਈ ਜਾਣਦਾ ਹੈ ਜਿਹਦੇ ਨਾਲ ਬੀਤੀ ਹੋਵੇ। ਮੌਤ ਤੋਂ ਵਾਪਸ ਜੀਵਨ ਮਿਲਣਾ, ਕਿੱਡੀ ਵੱਡੀ ਬਾਤ ਸੀ। ਕਹਿੰਦੇ ਮੈਂ ਸਮਾਂ ਦੇਖਿਆ, ਚਾਰ ਵਜੇ ਸਨ, ਅੰਮ੍ਰਿਤ ਵੇਲੇ, ਮੈਂ ਆਪਣਾ ਨਿਤਨੇਮ ਕਰਕੇ ਬੈਠ ਗਿਆ। ਉਧਰ ਉਹ ਕੰਮਪਾਉਂਡਰ ਦਬੇ ਪੈਰੀਂ ਡਰਦਾ ਡਰਦਾ ਮੇਰੇ ਕਮਰੇ ਵਲ ਨੂੰ ਆਵੇ। ਬਾਹਰੋਂ ਅੰਦਰ ਝਾਕ ਕੇ ਜਦ ਮੈਨੂੰ ਸਮਾਧੀ 'ਚ ਦੇਖਿਆ, ਉਹ ਡਰ ਗਿਆ। ਕਹਿੰਦੇ ਮੈਂ ਕਿਹਾ ਆ ਜਾ, ਆ ਜਾ ਮੈਂ ਜੀਉਂਦਾ ਹਾਂ, ਕੋਈ ਭੂਤ ਨਹੀਂ ਹਾਂ, ਤੇ ਹੁਣ ਮੈਂ ਠੀਕ ਹਾਂ। ਪਰ ਕਹਿੰਦੇ ਉਥੇ ਦੇ ਸਾਰੇ ਡਾਕਟਰ ਹੈਰਾਨ ਬਈ ਤੂੰ ਠੀਕ ਕਿੱਦਾਂ ਹੋਇਆ। ਫਿਰ ਉਹ ਮੇਰੇ ਤੇ ਖੋਜ ਕਰਨ ਲਗ ਪਏ ਤੇ ਹਫਤਾ ਭਰ ਮੈਨੂੰ ਹਸਪਤਾਲ ਤੋਂ ਛੁੱਟੀ ਨਾ ਦਿਤੀ ਤੇ ਇਧਰ ਸੰਤ ਮਹਾਰਾਜ ਜੀ ਤਾਂ ਸਾਰੀ ਕਿਰਿਆ ਜਣਦੇ ਹੀ ਸਨ। ਕਹਿੰਦੇ ਮੈਂ ਪੰਜਾਬ ਆਇਆ। ਜਾਨ ਬਖਸ਼ੀ ਕਰਨ ਲਈ ਆਪ ਜੀ ਦਾ ਧੰਨਵਾਦ ਕੀਤਾ ਤੇ ਪੁਛਿਆ ਕਿ ਪਿਤਾ ਜੀ, ਆਪ ਜੀ ਐਨੀ ਛੇਤੀ ਕਿੱਦਾਂ ਪਹੁੰਚ ਜਾਂਦੇ ਹੋ। ਆਪ ਜੀ ਨੇ ਫੁਰਮਾਇਆ ਕਿ ਜਦ ਕੋਈ ਪ੍ਰੇਮੀ ਸਾਨੂੰ ਯਾਦ ਕਰਦਾ ਹੈ, ਅਸੀਂ ਉਥੇ ਝੱਟ ਪਹੁੰਚ ਜਾਈਦਾ ਹੈ, ਨਾਲੇ ਅਸੀਂ ਕਿਹੜਾ ਪਾਸਪੋਰਟ ਲੈਣਾ ਹੁੰਦਾ ਹੈ। ਸੋ ਐਸੇ ਹੀ ਸਨ ਆਪ ਜੀ ਦੇ ਚੋਜ। ਹੋਰ ਬੇਅੰਤ ਬਾਤਾਂ ਆਪ ਜੀ ਨੇ ਸਾਂਝੀਆਂ ਕੀਤੀਆਂ। ਭੇਤ ਦੀਆਂ ਬਾਤਾਂ ਹੁੰਦੀਆਂ ਨੇ, ਹਰ ਚੀਜ਼ ਤਾਂ ਸਾਂਝੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਕਈ ਦਫਾ ਅਨੇਕ ਤਰ੍ਹਾਂ ਦੀਆਂ ਬਿਆਧੀਆਂ ਉਠ ਖੜਦੀਆਂ ਹਨ। ਸੋ ਅਜਿਹੇ ਵਾਦ-ਵਿਵਾਦਾਂ ਦੇ ਜੰਜਾਲ ਨੂੰ ਧਿਆਨ ਗੋਚਰੇ ਰੱਖ ਕੇ, ਆਪ ਜੀ ਨਾਲ ਭਾਈ ਜਸਮੇਰ ਸਿੰਘ ਜੀ ਦੀਆਂ ਕੁਝ ਹੱਡ-ਬੀਤੀਆਂ ਸਾਂਝੀਆਂ ਕੀਤੀਆਂ ਹਨ। ਕੈਸੀ ਹਸਤੀ ਹੈ ਆਪ ਜੀ ਦੀ, ਕਿ ਪ੍ਰੇਮੀਆਂ ਦਾ ਬਿਰਹਾ ਥੰਮਦਾ ਹੀ ਨਹੀਂ। ਪੰਜ ਸਾਲ ਛੇ ਮਹੀਨੇ ਬਿਨਾਂ ਉਸ ਸਰੀਰ ਨੂੰ ਦੇਖੇ, ਕਿੰਨਾਂ ਸਮਾਂ ਲੰਘ ਗਿਆ। ਬਹੁਤ ਵੱਡਾ ਸੰਪਰਕ ਕਾਇਮ ਹੋ ਚੁਕਿਆ ਹੈ, ਪ੍ਰੇਮੀਆਂ ਦਾ ਆਪ ਜੀ ਦੇ ਨਾਲ। ਮੈਂਜਦ ਜਦ ਵੀ ਸੰਗਤ ਦੇ ਦਰਸ਼ਨ ਕਰਦੀ ਹਾਂ, ਹਰ ਚਿਹਰਾ ਐਂ ਪ੍ਰਤੀਤ ਹੁੰਦਾ ਜਿਦਾਂ ਇਕ ਤੋਂ ਇਕ ਚੜ੍ਹਦਾ ਹੋਵੇ। ਆਸ਼ਰਮ ਦੀ ਹਰ ਚੀਜ਼, ਆਪ ਜੀ ਦੀ ਯਾਦ ਚੇਤੇ ਕਰਵਾਉਂਦੀ ਹੈ। ਜੋ ਕੋਈ ਵੀ ਪ੍ਰੇਮੀ ਆਪਣੀਆਂ ਪ੍ਰੇਮ ਭਿੰਨੀਆਂ ਆਪ-ਬੀਤੀਆਂ ਜਗਿਆਸੂਆਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹੈ ਉਹ ਨਿਸੰਗ ਹੋ ਕੇ ਅਦਾਰਾ ਆਤਮ ਮਾਰਗ ਨੂੰ ਆਪਣੀ ਲਿਖਤ ਭੇਜ ਸਕਦਾ ਹੈ ਕਿਉਂਕਿ ਪ੍ਰੇਮ ਦਾ ਬਹੁਤ ਵੱਡਾ ਸੰਦੇਸ਼ ਆਪਾਂ ਸਾਰਿਆਂ ਨੂੰ ਮਿਲਿਆ ਹੈ। ਉਸ ਨੂੰ ਘਰ-ਘਰ ਫੈਲਾਉਣਾ ਸਾਡਾ ਫਰਜ਼ ਹੈ। ਉਸਦਾ ਜਰੀਆ ਆਤਮ ਮਾਰਗ ਹੈ, ਪਿਤਾ ਜੀ ਦੀਆਂ ਆਡੀਓ ਵੀਡੀਓ ਕੈਸਟਾਂ, ਪੁਸਤਕਾਂ ਆਦਿ ਹਨ। ਬਾਕੀ ਰਤਵਾੜਾ ਸਾਹਿਬ ਦੇ ਪਾਵਨ ਅਸਥਾਨ ਤੇ ਅਨੇਕਾਂ ਸੇਵਾਵਾਂ ਚਲ ਰਹੀਆਂ ਹਨ। ਉਨ੍ਹਾਂ ਵਿਚ ਆਪਣਾ ਤਨ, ਮਨ, ਧਨ ਕਰਕੇ ਯੋਗਦਾਨ ਪਾਉ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਛਤਰਛਾਇਆ ਹੇਠ, ਪਿਤਾ ਜੀ ਬੀਜੀ ਦੀ ਪ੍ਰੇਰਨਾ ਤੇ ਕ੍ਰਿਪਾ ਸਦਕਾ, ਟਰੱਸਟ ਦੀ ਦੇਖ ਰੇਖ ਹੇਠ ਸਥਾਨ ਤੇ ਪਿਤਾ ਜੀ ਵਲੋਂ ਚਲਾਏ ਕਾਰਜ, ਸੰਗਤਾਂ ਦੇ ਸਹਿਯੋਗ ਨਾਲ ਨਿਰਵਿਘਨ ਤੇ ਨਿਰੰਤਾਰ ਜਾਰੀ ਹਨ। ਸਤਿਗੁਰੂ ਪਾਤਸ਼ਾਹ ਕ੍ਰਿਪਾ ਕਰਨ, ਨਦਰ ਕਰਨ ਤੇ ਆਪਣੀ ਸੇਵਾ ਆਪ ਹੀ ਆਪਣੇ ਬੱਚਿਆਂ ਤੋਂ ਹਮੇਸ਼ਾ ਲੈਂਦੇ ਰਹਿਣ। ਬੀਜੀ ਦੀ ਸਿਹਤਯਾਬੀ ਲਈ ਅਰਦਾਸ ਕਰਦੀ ਹੋਈ, ਇਸ ਲੇਖ ਨੂੰ ਇਥੇ ਹੀ ਸੰਕੋਚਦੀ ਹਾਂ। ਭੁਲਾਂ ਲਈ ਖਿਮਾ ਦੀ ਯਾਚਨਾ ਕਰਦੀ ਹਾਂ।

« « « « « « «

# ਪਵਨ ਗੁਰੂ ਤੋਂ ਸ਼ਬਦ ਗੁਰੂ

***ਭਾਈ ਕਰਤਾਰ ਸਿੰਘ ਨੀਲਧਾਰੀ***

ਓਮ ਜਾਂ ਓਅੰਕਾਰ ਸਨਾਤਨ ਧਰਮ ਦਾ ਕੇਂਦਰ ਹੈ ਪਰ ਪ੍ਰਚਲਿਤ ਬਹੁਦੇਵਵਾਦ ਅਨੁਸਾਰ ਇਸ ਦੀ ਵਿਆਖਿਆ ਦੇ ਕਈ ਆਯਾਮ ਬਣ ਗਏ। ਸੁਲਤਾਨਪੁਰ ਦੇ ਮੋਦੀ ਬਨਜਾਰੇ ਨੇ ਜਦੋਂ ਵੇਈ ਵਿਚ ਟੁੱਬੀ ਲਾ ਕੇ ਮੋਦੀ ਦਾ ਚੋਲਾ ਉਤਾਰ ਅਪਣੀ ਅਵਤਾਰੀ ਰਮਜ਼ ਪ੍ਰਗਟ ਕੀਤੀ ਤਾਂ ਬੋਲਾ ਕੀਤਾ - ਨਾ ਹਿੰਦੂ ਨਾ ਮੁਸਲਮਾਨ। ਇਸ ਬੋਲੇ ਨੇ ਲੋਕ ਸਾਗਰ ਵਿਚ ਭੁਚਾਲ ਲੈ ਆਂਦਾ, ਹਿੰਦੂ ਲੋਕਾਈ ਦੇ ਦੇਸ਼ ਵਿਚ ਪਠਾਨਾਂ ਦੀ ਚਾਰ ਸੌ ਸਾਲਾ ਹਕੂਮਤ ਨਾਲ ਇਸਲਾਮ ਦੀ ਹੈਸੀਅਤ ਵੱਧ ਰਹੀ ਸੀ ਕਿਉਂਕਿ ਹੁਕਮਰਾਮਾ ਮੁਸਲਮਾਨ ਚਲੇ ਆ ਰਹੇ ਸਨ। ਇਸ ਤਰ੍ਹਾਂ ਦੂਹਾਂ ਧਰਮਾਂ ਦੇ ਵਿਚਕਾਰ ਖਲੋ ਕੇ ਗੁਰੂ ਨਾਨਕ ਦਾ ਉਪਦੇਸ਼ ਇਕ ਮਸਤਾਨੇ ਦਾ ਬੋਲਾ ਨਹੀਂ ਸੀ ਸਗੋਂ ਦੁਨੀਆਂ ਨੂੰ ਪ੍ਰਕਾਸ਼ ਮਾਰਗ ਤੇ ਤੋਰਨ ਲਈ ਇਕ ਸੂਰਜ ਦਾ ਆਗਾਜ਼ ਸੀ ਇਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ -

*ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।*

ਗੁਰੂ ਬਾਬੇ ਨੇ - ਘਾਲਿ ਖਾਇ ਕਿਛੁ ਹਥਹੁ ਦੇਇ - ਦਾ ਪਾਠ ਮੋਦੀਖਾਨੇ ਦੀ ਨੌਕਰੀ ਵਿਚੋਂ ਪ੍ਰਗਟ ਕਰਕੇ ਹੀ ਸਿੱਧ ਕੀਤਾ ਸੀ -

ਨਾਨਕ ਰਾਹੁ ਪਛਾਣਹਿ ਸੇਇ (***ਅੰਗ*** 1245) ਅਤੇ ਸੈਦਪੁਰ ਵਿਚ ਜਗ ਜ਼ਾਹਿਰ ਕਰਕੇ, ਹਿੰਦੂ ਮੁਸਲਮਾਨ ਦੁਹਾਂ ਨੂੰ ਪਰਾਏ ਹੱਕ ਦੇ ਵਿਰੁੱਧ ਚੇਤਾਵਨੀ ਦੇ ਦਿਤੀ ਸੀ -

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*

***ਅੰਗ - ੧੪੧***

ਇਸ ਤਰ੍ਹਾਂ ਜੀਵਨ ਵਿਚ ਸਦਾਚਾਰ ਦੇ ਪਾਠ ਪੜ੍ਹਾ ਕੇ ਗੁਰੂ ਬਾਬੇ ਨੇ ਇਕ ਓਅੰਕਾਰ ਦੇ ਰੂਪ ਵਿਚ ਇਕ ਅਕਾਲ ਪੁਰਖ ਦੀ ਚੇਤਨਾ ਦਾ ਪ੍ਰਚਾਰ ਕਰਦੇ ਹੋਏ ਉਸ ਸਤਿ ਸਰੂਪ ਦੇ ਇਕ ਗੁਰੂ ਬਖਸ਼ੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿਤਾ। ਦੋ ਸਲੋਕਾਂ ਅਤੇ ਅਠੱਤੀ ਪਉੜੀਆਂ ਵਿਚ ਸੰਜੋਈ ਇਹ ਪਹਿਲੀ ਬਾਣੀ ਨੂੰ ਜਪੁ ਚਾਲੀਸਾ ਵੀ ਕਿਹਾ ਜਾ ਸਕਦਾ ਹੈ। ਇਸ ਪ੍ਰਮੁੱਖ ਤੇ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਬਾਣੀ ਦੇ ਅਖੀਰਲੇ ਸਲੋਕ ਵਿਚ ਗੁਰੂ ਜੀ ਨੇ ਧਰਤੀ ਧਰਮਸਾਲ ਦੇ ਜੀਵਨ ਦਾ ਸਿਧਾਂਤ ਦਰਜ ਕੀਤਾ ਹੈ -

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*

***ਅੰਗ - ੮***

ਜੀਵਨ ਸੰਚਾਲਨ ਲਈ ਪ੍ਰਾਣ-ਵਾਯੂ ਦੀ ਹੋਂਦ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਇਸ ਲਈ ਕਹਿੰਦੇ ਹਨ - ਜਬ ਲਗ ਸਾਸ ਤਬ ਲਗ ਆਸ ਤੇ ਜੀਵਨ ਜਾਂ ਪ੍ਰਾਣ ਸ਼ਕਤੀ ਦਾ ਆਧਾਰ ਪਵਨ ਹੀ ਹੈ। ਜੋਗੀ ਇਸ ਪ੍ਰਾਣ ਵਾਯੂ ਨੂੰ ਪ੍ਰਾਣਾਯਾਮ ਰਾਹੀਂ ਸਾਧ ਕੇ ਧਾਰਨਾ ਤੇ ਧਿਆਨ ਰਾਹੀਂ ਸਮਾਧੀ ਵਿਚ ਪੁੱਜਣ ਦਾ ਤਪ ਕਰਦੇ ਹਨ। ਪ੍ਰਾਣਵਾਯੂ ਦੀ ਇਸ ਸ਼ਕਤੀ ਨੂੰ ਹਰੇਕ ਧਰਮ ਫਲਸਫੇ ਵਿਚ ਸਵੀਕਾਰ ਕੀਤਾ ਜਾਂਦਾ ਹੈ ਤੇ ਆਧੁਨਿਕ ਸਾਇੰਸ ਦਾ ਭੌਤਿਕਵਾਦ ਤਾਂ ਕੇਵਲ ਇਸ ਪਵਨ ਗੁਰੂ ਦਾ ਇਸ਼ਠਾਵਾਨ ਹੈ। ਭਾਰਤੀ ਫਲਸਫੇ ਅਨੁਸਾਰ ਜੀਵਨ ਵਿਚ ਕੀਤੇ ਕਰਮਾਂ ਦੇ ਕਰਮ ਫਲ ਦੇ ਸਿਧਾਂਤ ਨੂੰ ਸਵੀਕਾਰ ਕੀਤਾ ਗਿਆ ਤੇ ਦਰਜ ਹੈ -

*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥*

***ਅੰਗ - ੮***

ਕਰਮਾਂ ਦਾ ਲੇਖਾਕਾਰ ਧਰਮਰਾਜ ਹੈ ਅਤੇ ਕਰਮ ਫਲ ਨੇੜੇ (ਇਸੇ ਜਨਮ ਵਿਚ) ਜਾਂ ਦੂਰ (ਅਗਲੇ ਜਨਮ ਜਨਮਾਂਤਰਾਂ ਵਿਚ) ਜ਼ਰੂਰ ਹੀ ਮਿਲੇਗਾ। ਇਸੇ ਲਈ ਗੁਰੂ ਬਾਬੇ ਦਾ ਮੁਢਲਾ ਉਪਦੇਸ਼ ਨੇਕ ਕਮਾਈ ਤੇ ਲੋਕ ਉਪਕਾਰ ਕਰਦੇ ਹੋਏ ਪਰਾਏ ਹੱਕ (ਪਰਾਈ ਜੜ ਜਾਂ ਚੇਤਨ ਵਸਤੂ ਲੋਚੀ ਜਾਂ ਚੋਰੀ ਲੈਣੀ) ਦੀ ਵਰਜਨਾ ਨਾਲ ਆਰੰਭਿਆ ਗਿਆ ਸੀ। ਇਸੇ ਲਈ ਸਪਸ਼ਟ ਗੁਰੂ ਉਪਦੇਸ਼ ਹੈ ਕਿ ਸਚੁ ਰੂਪੀ ਪ੍ਰਮਾਤਮਾ ਸਰਵੋਪਦੀ ਹੈ ਪਰ ਸਦਾ ਆਚਾਰ ਉਸ ਤੋਂ ਵੀ ਉਤੇ ਜਾਂ ਪ੍ਰਮੁੱਖ ਹੈ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

***ਅੰਗ - ੬੨***

ਇਸ ਤਰ੍ਹਾਂ ਸਦਾਚਾਰੀ ਜੀਵਨ ਨਾਲ ਹੀ ਸਮਾਜ, ਦੇਸ਼ ਤੇ ਵਿਸ਼ਵ ਵਿਚ ਸੁਖ, ਸਾਂਤੀ ਅਤੇ ਸੰਤੁਲਨ ਕਾਇਮ ਰਹਿ ਸਕਦਾ ਹੈ। ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਕਈ ਪ੍ਰਕਾਰ ਦੀ ਵਿਚਾਰ ਧਾਰਾਨਾਂ ਦੇ ਉਤਸ਼ਾਹੀਆਂ ਨੇ ਇਸ ਘੋਲ ਵਿਚ ਜਾਨਾਂ ਕੁਰਬਾਨ ਕੀਤੀਆਂ। ਪਰ ਇਸ ਸੰਗਰਾਮ ਦੇ ਮੋਢੀ ਤੇ ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਜੀ ਨੇ ਸੱਚ ਦੇ ਸਦਾਚਾਰ ਨੂੰ ਪ੍ਰਮੁੱਖ ਰੱਖਿਆ। ਕੁਝ ਉਤਾਵਲੇ ਕੂਕਿਆਂ ਹਰਿਮੰਦਰ ਸਾਹਿਬ ਦੀ ਨਿਰਾਦਰੀ ਅਤੇ ਗਊਘਾਤ ਤੋਂ ਦੁਖੀ ਹੋ ਕੇ ਇਕ ਰਾਤ (14-15 ਜੂਨ

1871) ਬੁਚੜ-ਕਸਾਈਆਂ ਨੂੰ ਮਾਰ ਕੇ ਰੂਹ ਪੋਸ਼ ਹੋ ਗਏ। ਅੰਗ੍ਰੇਜ਼ ਸਰਕਾਰ ਨੇ ਬੇਕਸੂਰ ਨਿਹੰਗਾਂ ਤੇ ਨਾਗਰਿਕਾਂ ਤੇ ਜ਼ੁਲਮ ਕਰਕੇ ਕਸੂਰ ਇਕਬਾਲ ਕਰਾ ਲਿਆ। ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਕਾਰਾ ਕਰਨ ਵਾਲਿਆਂ ਵਿਚੋਂ ਦੋ ਪ੍ਰਮੁੱਖ ਸੇਵਕਾਂ ਨੂੰ ਸਪਸ਼ਟ ਕਿਹਾ ਸੀ ਕਿ 'ਕਰੇ ਕੋਈ ਭਰੇ ਕੋਇ। ਜਿਹੜਾ ਬੀਜੇ ਉਹੀ ਵੱਢੇ। ਗਊਆਂ ਦੇ ਗਲਿਆਂ ਤੋਂ ਛੁਰੀਆਂ ਲੁਹਾ ਕੇ ਬੇਕਸੂਰ ਮਨੁੱਖਾਂ ਨੂੰ ਮਰਵਾਣ ਦਾ ਪਾਪ ਉਸ ਤੋਂ ਵੱਡਾ ਹੈ। ਇਸ ਤਰ੍ਹਾਂ ਕੂਕਿਆਂ ਨੇ ਪੇਸ਼ ਹੋ ਕੇ ਸਬੂਤ ਸਮੇਤ ਕਸੂਰ ਮੰਨ ਕੇ ਫਾਂਸੀਆਂ ਦੇ ਰੱਸੇ ਚੁੰਮੇ ਸਨ। ਮੋਹਨ ਦਾਸ ਕਰਮਚੰਦ ਨਾਮੀ ਗੁਜਰਾਤੀ ਵਕੀਲ ਨੇ ਆਜ਼ਾਦੀ ਦੇ ਘੋਲ ਵਿਚ ਸਾਧਨ ਦੀ ਪਵਿੱਤਰਤਾ ਤੇ ਜ਼ੋਰ ਦਿਤਾ। ਚੇਤਨ ਅਚੇਤਨ ਰੂਪ ਵਿਚ ਕੂਕਾ ਲਹਿਰ ਦੀ ਸੰਘਰਸ਼ ਪੈੜਾਂ ਤੋਂ ਅਸਹਿਯੋਗ ਅੰਦੋਲਨ ਤੇ ਸਿਵਲ ਨਾ ਫੁਰਮਾਨੀ ਦੇ ਨਾਲ ਸ਼ੁੱਧ ਸੱਚੇ ਸਾਧਨਾਂ ਦਾ ਪੱਲਾਂ ਫੜ ਕੇ ਆਪਣੇ ਜੀਵਨ ਵਿਚ ਹੀ ਮਹਾਤਮਾ ਗਾਂਧੀ ਨਾਮ ਨਾਲ ਪ੍ਰਸਿੱਧ ਹੋ ਗਏ। ਇਸ ਸੱਚੇ ਤੇ ਸੱਚ ਆਚਾਰ ਦਾ ਮਾਰਗ ਗੁਰੂ ਨਾਨਕ ਨੇ ਡੰਕੇ ਦੀ ਚੋਟ ਨਾਲ ਆਰੰਭਿਆ ਸੀ ਤੇ ਰਬਾਬ ਦੀ ਸੁਰਾਂ ਵਿਚ ਗਾ ਗਾ ਕੇ ਸੰਸਾਰ ਨੂੰ ਸੁਣਾਇਆ ਸੀ ਤੇ ਸੁੱਤੀ ਮਨੁੱਖਤਾ ਨੂੰ ਜਗਾਇਆ ਸੀ।

ਗੁਰੂ ਨਾਨਕ ਦਾ ਮਾਰਗ ਨਿਰਵਿਵਾਦ ਰੂਪ ਵਿਚ ਸਵੀਕ੍ਰਿਤ ਪਵਨ ਗੁਰੂ ਦੀ ਪ੍ਰਮੁੱਖਤਾ ਤੇ ਸ੍ਰੇਸ਼ਟਤਾ ਨੂੰ ਸਵੀਕਾਰ ਕਰਦਾ ਹੈ ਪਰ ਇਨ੍ਹਾਂ ਸੁਆਸਾਂ ਉਤੇ ਇਕ ਓਅੰਕਾਰ ਦੇ ਇਕ ਨਾਮ ਦੀ ਸਵਾਰੀ ਕਰਾਣਾ ਵੀ ਜ਼ਰੂਰੀ ਸਮਝਦਾ ਹੈ। ਇਸ ਤਰ੍ਹਾਂ ਸੁਆਸਾਂ ਦੀ ਪੂੰਜੀ ਨੂੰ ਜਪੁ-ਯੋਗ ਬਣਾ ਦਿਤਾ ਗਿਆ ਤੇ ਸਿਮਰਨ ਕਰਨ ਵਾਲਿਆਂ ਨੂੰ ਮਹਾਨ ਪਰਉਪਕਾਰੀ ਪ੍ਰਮਾਣਿਤ ਕਰਦੇ ਹੋਏ ਇਸ ਸਲੋਕ ਵਿਚ ਦਰਜ ਕੀਤਾ ਗਿਆ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥*

*ਅੰਗ - ੮*

ਇਕ ਓਅੰਕਾਰ ਦੇ ਧਰਮਘੋਸ਼ ਵਿਚ ਇਸਲਾਮ ਦੀ ਇਕ ਖੁਦਾ ਦੀ ਇਬਾਦਤ ਅਤੇ ਓਅੰਕਾਰ ਦੀ ਸ਼ਰਧਾ ਆਸਥਾ ਨੂੰ ਸੰਯੁਕਤ ਪਰ ਸਪਸ਼ਟ ਨਾਮ ਸਿਮਰਨ ਦਾ ਲਖਾਇਕ ਬਣਾ ਦਿਤਾ ਗਿਆ। ਸੰਸਾਰ ਦੇ ਧਰਮ ਗੁਰੂਆਂ ਵਿਚੋਂ ਕੇਵਲ ਗੁਰੂ ਨਾਨਕ ਦੇਵ ਜੀ ਹੀ ਵਿਲੱਖਣ ਸਤਿਗੁਰੂ ਹਨ ਜਿਨ੍ਹਾਂ ਨੇ ਆਪਣੇ ਬਚਨ ਬਾਣੀ ਦਾ ਆਰੰਭ ਇਕ ਅੰਕ ਨਾਲ ਕੀਤਾ ਹੈ। ਇਹੋ ਕਾਰਣ ਹੈ ਕਿ ਸਭਿਆਚਾਰਕ ਸਮਾਜ ਦੇ ਕਿਸੇ ਹਿੱਸੇ ਵਿਚ ਵੀ ਵਿਚਰੇ ਉਨ੍ਹਾਂ ਦੇ ਇਕ ਓਅੰਕਾਰ ਦੇ ਸਿਧਾਂਤ ਨੂੰ ਸਹਰਸ ਸਵੀਕਾਰ ਕੀਤਾ ਗਿਆ। ਗੁਰੂ ਜੀ ਨੇ ਹਿੰਦੂ, ਬੋਧ ਤੇ ਮੁਸਲਮਾਨ ਧਰਮ ਗੁਰੂਆਂ ਅਤੇ ਅਨੇਕ ਸੰਪਰਦਾਇਕ ਪ੍ਰਮੁੱਖਾਂ ਨਾਲ ਗਿਆਨ ਗੋਸ਼ਟੀਆਂ ਕਰਕੇ ਇਕ ਬ੍ਰਹਮ ਜਾਂ ਖੁਦਾ ਦੀ ਹੋਂਦ ਦਾ ਪ੍ਰਚਾਰ ਉਚੇ ਤੋਂ ਉਚਾ ਕੀਤਾ। ਹਰੇਕ ਧਰਮ ਕਰਮੀਆਂ ਨੂੰ ਉਨ੍ਹਾਂ ਦੇ ਮੂਲ ਸਿਧਾਂਤ ਅਤੇ ਆਪਣੀ ਗੁਰਮਤਿ ਦੇ ਕਾਇਮ ਹੋਣ ਦੀ ਜ਼ਰੂਰਤ ਤੇ ਜ਼ੋਰ ਦਿਤਾ। ਉਨ੍ਹਾਂ ਦਾ ਇਹ ਧਰਮ ਪ੍ਰਚਾਰ ਸਵੀਕਾਰਿਆ ਤੇ ਸਲਾਹਿਆ ਗਿਆ।

ਚੱਕਰਵਰਤੀ ਧਰਮ ਫੇਰੀਆਂ (ਉਦਾਸੀਆਂ) ਵਿਚ ਉਨ੍ਹਾਂ ਦਾ ਨਾਥਾਂ-ਜੋਗੀਆਂ ਦੇ ਕਈ ਵਰਗਾਂ ਤੇ ਗੱਦੀ ਪਰੰਪਰਾਵਾਂ ਨਾਲ ਵੀਚਾਰ ਗੋਸ਼ਟੀ ਹੋਈ। ਅਜਿਹੀ ਗੋਸ਼ਟੀਆਂ ਦੇ ਸੰਵਾਦ ਨੂੰ ਉਚੇਚੇ ਰੂਪ ਵਿਚ ਗੁਰਬਾਣੀ ਰਾਹੀਂ ਦਰਜ ਕਰਕੇ ਜਗਤ ਕਲਿਆਣ ਲਈ ਚਾਨਣ ਮੁਨਾਰੇ ਬਣਾ ਦਿਤਾ। ਜਿਹੀ ਇਕ ਪ੍ਰਸਿੱਧ ਬਾਣੀ - ਸਿੱਧ ਗੋਸ਼ਟ ਨਾਮ ਨਾਲ ਪ੍ਰਸਿੱਧ ਹੈ। ਸਿੱਧਾਂ ਜੋਗੀਆਂ ਦੀ ਤਪ ਸਾਧਨਾ ਹੱਠ ਯੋਗ ਰਾਹੀਂ ਸਮਾਧੀ ਵਿਚ ਪੁੱਜਣ ਦਾ ਰਾਹ ਪ੍ਰਾਣਾਯਾਮ ਸੀ। ਇਸ ਯੋਗ ਸਾਧਨਾ ਵਿਚ ਯੋਗੀ ਸਿੱਧੀਆਂ ਦੀ ਪ੍ਰਾਪਤੀ ਵਿਚ ਹੀ ਫਸਦੇ ਗਏ ਅਤੇ ਕੈਵਿਲਿਆ ਗਿਆਨ ਜਾਂ ਸੁੰਨ ਨਿਰਬੀਜ ਸਮਾਧੀ ਤੱਕ ਦੀ ਮੰਜ਼ਿਲ ਭੁੱਲਦੇ ਗਏ। ਹਿਮਾਲਾ ਦੀ ਦੁਰਗਮ ਕੰਦਰਾਵਾਂ ਵਿਚ ਜਦੋਂ ਗੁਰੂ ਜੀ ਇਨ੍ਹਾਂ ਦੀਰਘ ਜੀਵੀ ਯੋਗੀਆਂ ਦੇ ਸਨਮੁਖ ਜਾ ਖਲੋਏ ਤਾਂ ਉਹ ਹੈਰਾਨ ਹੋ ਗਏ। ਉਥੇ ਗੁਰੂ ਜੀ ਦਾ ਪਰਿਚੈ ਪੁੱਛ ਕੇ ਹੀ ਉਹ ਉਲਝ ਗਏ ਅਤੇ ਸਪਸ਼ਟੀ ਮੰਗਦੇ ਮੰਗਦੇ ਉਨ੍ਹਾਂ ਨੇ ਇਹ ਪ੍ਰਸ਼ਨ ਕੀਤਾ -

***ਕਵਣ ਮੂਲ ਕਵਣ ਮਤਿ ਵੇਲਾ।***
***ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ।***

ਗੁਰੂ ਜੀ ਨੇ ਉਤਰ ਦਿਤਾ -

***ਪਵਨ ਅਰੰਭੁ ਸਤਿਗੁਰ ਮਤਿ ਵੇਲਾ।***
***ਸਬਦੁ ਗੁਰੂ ਸੁਰਤਿ ਧੁਨਿ ਚੇਲਾ।***

ਪਵਨ ਜਾਂ ਪ੍ਰਾਣਵਾਯੂ ਸਾਧਨਾ ਕਰਨ ਵਾਲਿਆਂ ਨੂੰ ਗੁਰੂ ਜੀ ਉਤਰ ਦਿਤਾ ਸਾਧਨਾ ਦਾ ਆਰੰਭ ਤਾਂ ਪਵਨ ਨਾਲ ਹੀ ਹੁੰਦਾ ਹੈ ਪਰ ਇਸ ਉਤੇ ਸਤਿਗੁਰ ਦਾ ਦਿਤਾ ਨਾਮ ਸਵਾਰ ਹੁੰਦਾ ਹੈ। ਇਸ ਨਾਮ ਅਭਿਆਸ ਦੀ ਪਰਮ ਪ੍ਰਾਪਤੀ ਵਿਚ ਸੁਰਤਿ ਸਿਮਰਨ ਛੱਡ ਕੇ ਸ੍ਰੋਤਾ ਬਣ ਜਾਂਦੀ ਹੈ ਅਤੇ ਸ਼ਬਦ ਗੁਰੂ (ਅਨਾਹਦ ਨਾਦ) ਨੂੰ ਸੁਣਦੀ ਹੈ। ਇਹ ਮੰਜ਼ਲ ਉਨ੍ਹਾਂ ਜੋਗੀਆਂ ਨੂੰ ਦੱਸੀ ਗਈ ਸੀ ਜਿਹੜੇ ਸਮਾਧੀਆਂ ਦੀ ਮੁੱਢਲੀ ਮੰਜ਼ਲਾਂ ਪ੍ਰਾਪਤ ਕਰਕੇ ਸੁੰਨ ਸਮਾਧੀ ਦਾ ਰਸ ਲੈਣ ਲਈ ਬੇਤਾਬ ਰਹਿੰਦੇ ਸਨ। ਗੁਰੂ ਨਾਨਕ ਦੇ ਜਪੁ ਯੋਗ ਵਿਚ ਉਸੇ ਪਵਨ ਨੂੰ ਗੁਰੂ (ਪ੍ਰਮੁੱਖ) ਜਾਣ ਕੇ ਨਾਮ ਸਿਮਰਨ ਨਾਲ ਜੋੜ ਕੇ ਨਾਮ ਅਭਿਆਸ ਦੀ ਵੱਖ-ਵੱਖ ਮੰਜ਼ਲਾਂ ਤਹਿ ਕਰਕੇ ਅਨਾਹਦ ਨਾਦ ਸ਼ਬਦ ਗੁਰੂ ਦਾ ਸ੍ਰੋਤਾ (ਸ਼ਿਸ਼) ਬਣਨਾ ਜੋਗੀਆਂ ਸਿੱਧਾਂ ਲਈ ਵੀ ਨਵਾਂ ਗੁਰੂ ਗਿਆਨ ਸੀ। ਗੁਰਬਾਣੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਗੁਰੂ ਦੀ ਸੰਗਿਆ ਦੇਣ ਵਾਲਿਆਂ ਨੂੰ ਇਸ ਸ਼ਬਦ ਸਿੱਧੀ ਦੀ ਪੜ੍ਹਾਈ ਲਈ ਗੰਭੀਰ ਲਕਸ਼ ਸਵੈ ਸਿੱਧ ਹੈ।

« « « « « « «

੫

# ਸੰਤ ਬਿਮਲਾ ਸਿੰਘ

*ਡਾ. ਭਾਈ ਵੀਰ ਸਿੰਘ ਜੀ*

*ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।*

(ਭਾਗ ਦੂਜਾ)

## ਗਈ ਬਹੋੜ (ਗ੍ਰਿਹਸਤ-ਉਦਾਸ ਆਦਰਸ਼)

ਗੁਲਾਬੀ ਰੁੱਤ ਲੰਘ ਗਈ ਹੈ, ਠੰਢ ਵਧ ਰਹੀ ਹੈ, ਪਰ ਅਜੇ ਸੁਖਾਵੀਂ ਹੈ। ਬੱਦਲ ਝੁਕ ਆਏ, ਇਕ ਛਾਣਾਂ ਗੜਿਆਂ ਦਾ ਤੇ ਨਿੱਕਾ-ਨਿੱਕਾ ਮੀਂਹ ਵੱਸ ਪਿਆ, ਰਾਤ ਸਾਰੀ ਕਿਣਮਿਣਰਹੀ, ਅੰਮ੍ਰਿਤ ਵੇਲੇ ਬੱਦਲ 'ਨਾਮੀ ਪੁਰਖ' ਦੀਆਂ ਵਾਸ਼ਨਾਂ ਵਾਂਙੂ ਉੱਡ ਗਏ। ਦਿਨ ਚੜ੍ਹਿਆ, ਸੂਰਜ ਨਿਕਲਿਆ, ਨਿੱਕੀ ਨਿੱਕੀ ਰਿਵੀ ਰੁਮਕ ਪਈ। ਨ੍ਹਾਤੇ ਧੋਤੇ ਬ੍ਰਿਛ ਕਿੱਡੇ ਸੁਹਾਵਣੇ ਲਗਦੇ ਹਨ, ਗਰਦ ਤੋਂ ਸਫਾ ਹੋ ਗਈ ਹਵਾ ਕੇਡੀ ਹਲਤੀ ਤੇ ਗਲ ਜੱਫੀਆਂ ਪਾਉਣੀ ਹੋ ਰਹੀ ਹੈ, ਨੈਣਾਂ ਨੂੰ ਲੱਗ ਲੱਗ ਕੇ ਖੁਨਕੀ ਦਿੰਦੀ ਹੈ ਤੇ ਮੱਥੇ ਨੂੰ ਸੀਤਲਤਾ ਦੇ ਕੇ ਸ਼ਾਂਤੀ ਦਾ ਪ੍ਰਭਾਉ ਪਾਉਂਦੀ ਹੈ। ਠੰਢ ਤਾਂ ਵਧੀ ਹੈ, ਪਰ ਅਜੇ ਕੇਡੀ ਮਨ ਭਾਉਣੀ ਲਗਦੀ ਹੈ। ਸੂਰਜ ਦੀਆਂ ਕਿਰਨਾਂ ਪਿਆਰਿਆਂ ਲਗਦੀਆਂ ਹਨ, ਧੁੱਪ ਨਿਰਮਲ ਨਿੱਘੀ ਤੇ ਨਰੋਈ ਨਰੋਈ ਆਭਾ ਦਿੰਦੀ ਹੈ।

ਦੁਪਹਿਰਾਂ ਆਈਆਂ, ਲੰਘ ਗਈਆਂ, ਮਲੂਮ ਨਹੀਂ ਪਿਆ ਕਿ ਕੋਈ ਨਾ ਸੁਖਾਵੀਂ ਤਪਤ ਆਈ ਸੀ। ਦਿਨ ਢਲ ਗਿਆ, ਲੌਢਾ ਪਹਿਰ ਹੋ ਗਿਆ, ਬ੍ਰਿਛਾਂ ਦੇ ਲੰਮੇ ਪਰਛਾਵੇਂ ਧਰਤੀ ਤੇ ਲੇਟ ਗਏ। ਚੁੱਪ ਚਾਂ, ਸੁਆਂ, ਟਿਕਾਉ ਭਾਸਣ ਲੱਗ ਪਿਆ। ਸੰਤ ਬਿਮਲਾ ਸਿੰਘ ਜੀ ਆਪਣੀ ਕੁਟੀ ਦੇ ਬਾਹਰ ਆਸਣ ਤੇ ਬੈਠੇ ਹਨ, ਪਦਮਾਸਨ ਲੱਗਾ ਹੈ ਸਾਹ ਇੰਨੇ ਧੀਮੇਂ ਤੇ ਬੱਝਵੇਂ ਆ ਜਾ ਰਹੇ ਹਨ ਕਿ ਆਉਂਦੇ ਜਾਂਦੇ ਜਾਪਦੇ ਨਹੀਂ। ਅੰਦਰ ਨਾਮ ਦਾ ਪ੍ਰਵਾਹ ਲਿਵ ਰੂਪ ਹੋਇਆ ਚਲ ਰਿਹਾ ਹੈ, ਜਿਸ ਵਿਚ ਹੁਣ ਵਿੱਥ ਦੀ ਪ੍ਰਤੀਤੀ ਆਪਣੇ ਅਤਿ ਘਟਵੇਂ ਥਾਂ ਹੈ। ਤੇਲ ਦੀ ਧਾਰ ਵਾਂਙੂ ਦਿਲ ਦੀ ਤਾਰ ਹੈ। ਮਾਨੋ, 'ਸਭਨਾ ਜੀਆ ਕਾ ਇਕੁ ਦਾਤਾ' ਜੋ ਹੈ, ਉਸ ਦੇ 'ਹੈ' ਭਾਵ ਵਿਚ ਸੰਤ ਜੀ 'ਹੈ' ਰੂਪ ਹੋਏ ਟਿਕ ਰਹੇ ਹਨ। ਹਾਂ 'ਸਭਨਾਂ ਜੀਆ ਕਾ ਇਕੁ ਦਾਤਾ' ਨਾ ਵਿਸਰਦਾ, ਨਾ ਵਿਸਰਦਾ 'ਯਾਦ' ਦਾ ਰੂਪ ਲੈਂਦਾ, ਸਹਿਜ ਧਿਆਨੀ ਜੀ ਦੇ ਜੀਵ ਤੱਤ ਨਾਲ ਪਰਮ ਤੱਤ ਹੋ ਕੇ ਮਿਲ ਗਿਆ ਹੈ। ਸੰਤ ਜੀ ਦੇ ਅੰਦਰ ਤਾਂ ਇਹ ਲਿਵ ਲੱਗੀ ਹੋਈ ਸਹਿਜ ਸਮਾਧੀ ਬਣ ਰਹੀ ਹੈ, ਪਰ ਬਾਹਰ ਸਮਾਂ ਹੈ, ਤੇ ਸਮਾਂ ਮਾਨੋਂ ਸਦਾ ਟੁਰਨ ਵਾਲੀਆਂ ਜੰਘਾਂ ਵਾਲਾ ਹੈ, ਟਿਕ ਹੀ ਨਹੀਂ ਸਕਦਾ, ਉਹ ਚਲ ਰਿਹਾ ਚਲਦਾ ਹੀ ਗਿਆ। ਸੂਰਜ ਬੀ ਆਪਣਾ ਚਾਨਣੇ ਦਾ ਰੱਖ ਲੈ ਕੇ ਪੱਛੋਂ ਜਾ ਪੁੱਜਾ। ਇਸ ਦੀਆਂ ਅੰਤਲੀਆਂ ਕਿਰਨਾਂ ਧਰਤੀ ਨੂੰ ਚੁੰਮ ਚੁੰਮ ਕੇ, ਸੁਨਹਿਰੀ ਰੂਪ ਲਾ ਲਾ ਕੇ ਮਾਨੋਂ ਮੁੜ ਸੂਰਜ ਮੰਡਲ ਵਿਚ ਛਾਲਾਂ ਮਾਰ-ਮਾਰ ਟਿੱਕੀ ਦੇ ਨਾਲ ਹੇਠਾਂ ਜਾ ਰਹੀਆਂ ਹਨ। ਸ਼ਾਮਾਂ ਦੀ ਉਸਾ, ਜਾਂ ਇਉਂ ਕਹੋ ਕਿ ਆਥਣ ਦੀ ਪਹੁ ਪਸਰ ਰਹੀ ਹੈ। ਦੋਧੀ ਝਾਲ ਦਾ ਚਾਨਣਾ ਹੈ ਜੋ ਰਾਤ ਦੇ ਹਨ੍ਹੇਰੇ ਦੀ ਚਾਦਰ ਨੂੰ ਚਾਂਦੀ ਦੇ ਤਿੱਲੇ ਦੀ ਪੱਟੀ ਵਾਂਗੂੰ ਮਗਜ਼ੀ ਹੋ ਕੇ ਲੱਗਾ ਹੋਇਆ ਆਪਣਾ ਰੂਪ ਰਾਤ ਦਿੱਸਣ ਤੋਂ ਪਹਿਲੋਂ ਦਿਖਾ ਰਿਹਾ ਹੈ। ਇਸ ਵੇਲੇ ਸੰਤਾਂ ਦੇ ਹੱਥ ਗੋਡਿਆਂ ਤੋਂ ਹਿੱਲੇ, ਸੀਸ ਤੇ ਮਸਤਕ ਤੇ ਫਿਰੇ ਨੈਣ ਖੁਲ੍ਹੇ। ਬੁੱਲ੍ਹਾਂ ਨੇ ਵਿਕਾਸ ਪਾਇਆ। ਰਸਨਾ ਹਿੱਲੀ, ਆਵਾਜ਼ ਆਈ 'ਵਾਹਿਗੁਰੂ'। ਫਿਰ ਚਾਰ ਚੁਫੇਰੇ ਤੱਕੇ, ਬੋਲੇ ਕੌਣ ਹੈ? ਕੋਈ ਨਹੀਂ, ਫੇਰ ਤੱਕੇ, ਕੋਈ ਨਹੀਂ ਆਇਆ? 'ਸਤਿਨਾਮ' ਸ੍ਰੀ ਵਾਹਿਗੁਰੂ, ਸਤਿਨਾਮ 'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ'। 'ਧੰਨ ਗੁਰੂ ਨਾਨਕ ਦੇਵ' 'ਧੰਨ ਗੁਰੂ ਗੋਬਿੰਦ ਸਿੰਘ'। ਵਾਹਿਗੁਰੂ ਤੇਰਾ ਸਭ ਸਦਕਾ।

ਇੰਨੇ ਨੂੰ ਪੈਖੜ ਦੀ ਆਵਾਜ਼ ਆਈ। ਪੰਜ ਸੱਤ ਸਿੰਘ ਤੇ ਹੋਰ ਸੱਜਣ ਸਹਿਜੇ ਸਹਿਜੇ ਬਗੀਚੀ ਵਿਚ ਵੜੇ। ਮਲਕੜੇ ਤੁਰਦੇ ਥੜੇ ਪਾਸ ਅੱਪੜੇ। ਸੰਤਾਂ ਵਲ ਸੀਸ ਝੁਕਾ ਕੇ ਹੱਥ ਜੋੜ ਕੇ ਸਭਨਾਂ ਨੇ ਫਤੇ ਗਜਾਈ। ਸੰਤਾਂ ਅੱਗੋਂ ਫਤੇ ਗਜਾਈ। ਫਿਰ ਥੜ੍ਹੇ ਤੇ ਚੜ੍ਹ ਕੇ ਵਿਛੀਆਂ ਪਈਆਂ ਦੱਭ ਦੀਆਂ ਸਫਾਂ ਤੇ ਸਾਰੇ ਬੈਠ ਗਏ। ਸੰਤਾਂ ਨੇ ਸਭ ਦੀ ਸੁਖ ਸਾਂਦ ਪੁੱਛੀ। ਅਵਾਜ਼ ਟਿਕਵੀਂ ਪਰ ਗਰਵੀ ਸੀ। ਸੰਤਾਂ ਨੇ ਆਪ ਦੀ ਸੁਖ ਸਾਂਦ ਪੁੱਛੀ। ਸੰਤਾਂ ਨੇ ਆਦਰ ਨਾਲ ਉਤਰ ਦਿਤਾ ਤੇ ਪੁਛਿਆ, ਇਸ ਵੇਲੇ ਦਰਸ਼ਨ ਮੇਲੇ ਸੁਖਾਂ ਨਾਲ ਹੋਏ?

ਪ੍ਰੀਤਮ ਸਿੰਘ - ਅਸੀਂ ਗ੍ਰਿਹਸਤੀ ਲੋਭੀ ਜੀਵ ਹਾਂ, ਕੁਛ ਯਾਚਨਾਂ ਕਰਨ ਆਏ ਹਾਂ।

ਸੰਤ ਜੀ - ਆਗਿਆ ਕਰੋ। ਲੋਭ ਮਾੜਾ ਨਹੀਂ ਜੇ

ਵਾਹਿਗੁਰੂ ਦੇ ਨਾਮ ਦਾ ਹੋਵੇ ਤਾਂ।

ਪ੍ਰੀਤਮ ਸਿੰਘ - ਨਗਰ ਵਿਚ ਖਬਰ ਸੀ ਕਿ ਸੰਤਾਂ ਨੇ ਕਿਸੇ ਦੂਰ ਦੇਸ਼ ਦੇ ਤਿਆਰੇ ਕੀਤੇ ਹਨ ਤੇ ਸੰਗਤਾਂ ਦੀ ਚਾਹਨਾ ਸੀ ਕਿ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਨੇੜੇ ਹੈ, ਉਸ ਸਮਾਗਮ ਵਿਚ ਆਪ ਜੀ ਦੇ ਸੁਭਾਗ ਦਰਸ਼ਨ ਹੋਣ। ਅੰਮ੍ਰਿਤ ਬਚਨ ਆਪ ਦੇ ਸੁਣ ਕੇ ਪ੍ਰੇਮੀਆਂ ਦੇ ਮਨ ਬਾਰ-ਬਾਰ ਸੁਣਨ ਦੇ ਲੋਭੀ ਹੋ ਰਹੇ ਹਨ। ਇਸ ਯਾਚਨਾਂ ਲਈ, ਇਸ ਖੈਰ ਲਈ ਝੋਲੀਆਂ ਅਡ ਕੇ ਹਾਜ਼ਰ ਹੋਏ ਹਾਂ। ਜੇ ਮਿਹਰ ਹੋ ਜਾਏ ਤਾਂ ਧੰਨ ਭਾਗ ਹਨ।

ਸੰਤ ਜੀ - ਜੀਉ ਆਏ! ਸਤਿਸੰਗ ਦਾ ਲੋਭ ਸਭ ਛਾਤੀਆਂ ਵਿਚ ਜਾਗੇ, ਇਸ ਨੇ ਨਿਰਲੋਭ ਕਰਨਾ ਹੈ। ਸੰਕਲਪ ਸਾਡਾ ਉਠ ਚੁੱਕਾ ਹੈ ਤੇ ਪੂਰਬ ਦਾ ਰੁਖ ਹੈ। ਪਹਿਲਾਂ ਕਾਸ਼ੀ ਜਾਣਾ ਹੈ। ਤਪ ਤੇ ਸ਼ਾਸਤਰ ਦੇ ਬਨ ਵਿਚੋਂ ਜਿਸ ਗੁਰਮੁਖ ਨੇ ਗੁਰਬਾਣਈ ਦੀ ਅੰਮ੍ਰਿਤ ਗੰਗਾ ਵਿਚ ਬੈਕੁੰਠ ਮੰਦਰ ਬਣਾ ਦਿਤਾ ਹੈ ਉਸ ਦੀ ਯਾਤਰਾ ਕਰਕੇ ਗੁਰਪੁਰਬ ਪਟਨੇ ਸਾਹਿਬ ਕਰਨੇ ਦਾ ਸੰਕਲਪ ਹੈ।

ਸਾਧੂ ਸ਼ਾਂਤੀ ਸਰੂਪ - ਗੁਰਧਾਮ ਦੀ ਯਾਤਰਾ ਤੋਂ ਰੋਕਣਾ ਤੇ ਗੁਰਮੁਖਾਂ ਦੇ ਸਤਿਸੰਗ ਤੋਂ ਵਰਜਣਾਂ ਸੰਗਤ ਦਾ ਧਰਮ ਨਹੀਂ, ਪਰ ਸਤਿਸੰਗ ਵਿਚ ਵੀ ਸਵਾਰਥ ਵਸਦਾ ਹੈ। ਸੰਗਤ ਆਪਣੇ ਹਿਤ ਲਈ ਚਾਹੁੰਦੀ ਹੈ ਕਿ ਗੁਰਪੁਰਬ ਦੇ ਦਰਸ਼ਨ ਮੇਲੇ ਹੋ ਕੇ ਜੇ ਸੰਤ ਤਿਆਰੇ ਕਰਨ ਤਾਂ ਮਹਾਨ ਕ੍ਰਿਪਾ ਹੈ, ਪਰ ਸ੍ਵੈ ਛੰਦ, ਅਪਨਾ ਖੁੱਲ੍ਹ ਤੇ ਸਹਿਜ ਭਾ ਦੀ ਇੱਛਾ ਅਨੁਸਾਰ।

ਸੰਤ ਜੀ - ਸੱਚ ਕਿਹਾ ਨੇ। ਆਪਣੇ ਸੰਕਲਪ ਤਾਂ ਦੱਸ ਦਿਤਾ ਹੈ ਜੋ ਮਨ ਆਪਣੇ ਫੁਰ ਰਿਹਾ ਸੀ, ਹੁਕਮ ਦੀ ਖੇਡ ਵੱਖਰੀ ਹੈ। ਸੰਗਤ ਦੀ ਖੁਸ਼ੀ ਜੇ ਮੇਰੇ ਇਥੇ ਠਹਿਰਨ ਵਿਚ ਹੈ ਤਾਂ ਮੇਰੀ ਖੁਸ਼ੀ ਤਾਂ ਗੁਰੂ ਕੀ ਖੁਸ਼ੀ ਵਿਚ ਹੈ ਤੇ ਗੁਰੂ ਸੰਗਤ ਵਿਚ ਵਰਤਦਾ ਹੈ। ਸੋ ਜਿਵੇਂ ਆਗਿਆ ਹੈ, ਹੋ ਜਾਸੀ।

ਸੰਗਤ - ਵਾਹ ਵਾ, ਧੰਨ ਜਨਮ ਹੈ, ਆਪ ਨੇ ਸੰਗਤ ਦਾ ਮਾਣ ਰੱਖਿਆ ਹੈ, ਗੁਰੂ ਆਪ ਦਾ ਸਦਾ ਮਾਣ ਰੱਖੇ। ਧੰਨ ਹੋ!

ਸੰਤ ਜੀ - ਪਰ ਸੱਜਣੋ! ਮੈਂ ਇਕ ਬਿਨੈ ਕਰਨੀ ਹੈ, ਆਪ ਸੱਜਣਾਂ ਨੇ ਉਦਾਸ ਨਹੀਂ ਹੋਣਾ। ਉਹ ਇਹ ਹੈ ਕਿ ਪੁਰਬ ਵਾਲੇ ਦਿਨ ਦੇ ਉਤਸ਼ਾਹ ਦਾ ਤੇ ਕੀਰਤਨ ਕਥਾ ਜੋੜ ਦਾ ਆਨੰਦ ਸੰਗਤ ਨਾਲ ਸਾਂਝੀਵਾਲ ਮੈਨੂੰ ਮਿਲੇ। ਕਥਾ ਆਦਿਕ ਦੀ ਸੇਵਾ ਸੁੱਖ ਮਿਲੇ।

ਸੰਤ ਸ਼ਾਂਤੀ ਸਰੂਪ - ਜਿਵੇਂ ਆਪ ਦੀ ਆਗਿਆ ਹੋਸੀ ਸਿਰ ਮੱਥੇ ਤੇ ਹੈ, ਪਰ ਬੱਚਿਆਂ ਦਾ ਮਨ ਕੋਇਲ ਕੂ ਸੁਣਨ ਨੂੰ ਉਮਲਦਾ ਹੀ ਰਹਿੰਦਾ ਹੈ। ਸੁਤੇ ਚਿੱਤ ਜੇ ਨਾ ਕਥਾ ਕਰੇ ਤਾਂ ਸਤਿ ਬਚਨ ਜੇ ਕੋਈ ਕਾਰਣ ਹੋਵੇ ਤੇ ਸੰਗਤ ਉਸ ਦਾ ਉਪਰਾਲਾ ਕਰ ਸਕੇ ਤੇ ਆਪ ਦੱਸਣੇ ਦੀ ਖੇਚਲ ਕਰ ਦਿਓ ਤਾਂ ਆਗਿਆ ਦਾ ਪਾਲਣ ਹੋ ਜਾਏਗਾ।

ਸੰਤ ਜੀ - ਖੇਚਲ ਤਾਂ ਕੋਈ ਨਹੀਂ, ਇਕ ਮਰਿਯਾਦਾ ਦੀ ਵਿਰੋਧਤਾ ਹੁੰਦੀ ਹੈ ਜੇ ਰੁਕ ਸਕੇ ਤਾਂ।

ਸ਼ਾਂਤੀ ਸਰੂਪ - ਆਗਿਆ ਕਰ ਦਿਓ ਮਿਹਰਾਂ ਨਾਲ।

ਸੰਤ - ਪਿਛਲੇ ਗੁਰਪੁਰਬ ਦੀ ਅਵਤਾਰ ਕਥਾ ਵਿਚ ਬਹੁਤ ਸੱਜਣਾਂ ਨੇ ਪ੍ਰਸ਼ਨ ਉਤਰ ਕੀਤੇ ਸਨ, ਮੈਂ ਪ੍ਰਸ਼ਨ ਉਤਰਾਂ ਤੋਂ ਘਾਬਰਦਾ ਨਹੀਂ ਕਿਉਂਕਿ ਮੇਰਾ ਰਸਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਸਤਿ ਮਾਰਗ' ਹੈ, 'ਸੱਚ' ਸੱਚ ਪਰ ਟੁਰਨੇ ਦਾ ਯਤਨ। ਮੈਨੂੰ ਕਿਸੇ ਕੁਛ ਪੁੱਛਿਆ, ਜੇ ਆਉਂਦਾ ਹੈ ਤਾਂ ਦੱਸਣ ਵਿਚ ਸੰਕੋਚ ਨਹੀਂ, ਜੇ ਨਹੀਂ ਆਉਂਦਾ ਤਾਂ ਇਹ ਕਹਿੰਦਿਆਂ ਕਿ 'ਸੱਜਣਾ' ਇਸ ਗੱਲ ਦਾ ਉਤਰ ਮੈਨੂੰ ਨਹੀਂ ਫੁਰਦਾ, ਮੈਨੂੰ ਹੀਣਤਾ ਦੀ ਲਾਜ ਨਹੀਂ, ਕਿਉਂਕਿ ਅਭੁੱਲ ਇਕ ਕਰਤਾਰ ਹੈ ਤੇ ਇਕ ਗੁਰੂ ਹੈ। 'ਭੁਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰ। ਸੋ ਵਾਹਿਗੁਰੂ ਤੇ ਦੱਸ ਗੁਰੂ ਅਭੁੱਲ ਪਦ ਤੇ ਹੈਨ, ਬਾਕੀ ਸਾਧੂ ਸੰਤ ਮਹਾਤਮਾ ਹੋਰ ਵਡ ਕੇ, ਚਾਹੇ ਕਿਤਨੇ ਵੱਡੇ ਹੋਣ, ਭੁੱਲ ਮੰਡਲ ਵਿਚ ਹੈਨ। ਬਖਸ਼ ਲੈਣਾ, ਮੈਂ ਕਿਸੇ ਬਾਬਤ 'ਭੁੱਲ' ਦਾ ਪਦ ਵਰਤਾਂ, ਮੇਰੀ ਭੁੱਲ ਹੈ, ਪਰ ਮੈਂ ਪੂਰੇ ਗੁਰੂ, ਅਭੁੱਲ ਗੁਰੂ ਦੇ ਮੁਕਾਬਲੇ ਤੇ ਹੋਰਨਾਂ ਦਾ ਜ਼ਿਕਰ ਕੀਤਾ ਹੈ, ਮੈਥੋਂ ਸਭ ਉਚੇ ਹੈਨ। ਹਾਂ, ਮੇਰਾ ਗੁਰੂ ਨਾਨਕ ਤੇ ਮੇਰਾ ਕਲਗੀਆਂ ਵਾਲਾ ਆਤਮ ਕਿਰਨਾਂ ਤੇ ਤੇਜ ਦਮਕਦੀਆਂ ਕਲਗੀਆਂ ਵਾਲਾ ਸਾਹਿਬ - ਗੁਰੂ ਹੈ, ਅਭੁੱਲ ਹੈ ਤੇ ਸਾਰਿਆਂ ਤੋਂ ਉਚਾ ਹੈ। ਸੋ ਅਦਬ ਵਿਚ ਆ ਕੇ ਆਖੋ 'ਭੁੱਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।'

ਸਾਰਿਆਂ ਨੇ ਪ੍ਰੇਮ ਨਾਲ ਤੁਕ ਪੜ੍ਹੀ।

ਸ਼ਾਂਤੀ ਸਰੂਪ - ਸੰਤ ਜੀ ਸੱਚ ਆਖਿਆ ਨੇ, 'ਸਭ ਤੇ ਵਡਾ ਸਤਿਗੁਰੂ ਨਾਨਕ' ਗੁਰੂ ਵਾਕ ਹੈ। ਪਰ ਕੀਹ ਤੁਸੀਂ ਕੋਈ ਮੋਟੀ ਗੱਲ ਦਸ ਸਕਦੇ ਹੋ ਫਰਕ ਦੀ ਜੋ ਸਾਡੀ ਸਮਝੇ ਪੈ ਜਾਵੇ?

ਸੰਤ - ਆਪ ਤਾਂ ਸੰਸਕ੍ਰਿਤ ਪੜ੍ਹੇ ਹੋ। ਯੋਗੀ ਦੋ ਪ੍ਰਕਾਰ ਦੇ ਹੁੰਦੇ ਹਨ, ਇਕ ਤਾਂ ਓਹ ਜੋ ਸਾਧਨ ਕਰਕੇ ਨਿਰੁੱਧ ਅਵਸਥਾ ਨੂੰ ਅੱਪੜਦੇ ਹਨ, ਦੂਜੇ ਉਹ ਯੋਗੀ ਜੋ ਜਨਮ ਦੇ ਹੀ ਯੁਕਤ ਅਰਥਾਤ ਯੋਗੀ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਂ ਬਾਬਤ ਵਾਕ ਦੇਖੋ, 'ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ' ਫੇਰ ਗੁਰੂ ਨਾਨਕ ਦੇਵ ਜੀ ਦਾ ਜੀਵਨ ਪੜ੍ਹੋ। ਆਪ ਨੂੰ ਪਤਾ ਲੱਗੇਗਾ ਕਿ ਅਵਤਾਰ ਲੈਂਦੇ ਹੀ ਆਪ ਪੂਰਨ ਪਦ ਤੇ ਸੀ। ਇਹ ਮੈਂ ਆਪ ਨੂੰ ਇਕ ਵੰਡ ਯੋਗੀਆਂ ਦੀ ਦੱਸੀ ਹੈ। ਗੁਰੂ ਸਾਹਿਬ ਦਾ ਦਰਜਾ ਦੋਹਾਂ ਤੋਂ ਉਪਰ ਹੈ। ਗੁਰੂ ਸਾਹਿਬ ਅਕਾਲ ਪੁਰਖ ਜੀ ਦੀ 'ਗੁਰੂ ਸ਼ਕਤੀ' ਦੇ 'ਦੇਹੀ ਵਿਚ ਪ੍ਰਕਾਸ਼' ਰੂਪ ਹਨ। ਇਸੇ ਕਰਕੇ ਗੁਰੂ ਨਾਨਕ ਦੇਵ ਗੋਬਿੰਦ ਰੂਪ ਵਰਣਨ ਹੋਏ ਹਨ ਤੇ ਇਸੇ ਕਰਕੇ ਸਭ ਤੇ ਵਡਾ ਸਤਿਗੁਰੁ ਨਾਨਕੁ ਵਰਣਨ ਹੋਏ ਹਨ। ਹੁਣ ਪਹਿਲੀ ਗੱਲ ਨੂੰ ਲੈਂਦੇ ਹਾਂ ਕਰਤਾਰ ਤੇ ਗੁਰੂ ਅਭੁੱਲ ਹਨ, ਅਸੀਂ ਭੁੱਲਣਹਾਰ ਹਾਂ। ਆਪਨੂੰ ਭੁੱਲਣਹਾਰ ਮੰਨਦਿਆਂ ਸਾਨੂੰ ਕਿਸੇ ਝੂਠੀ ਲਾਜ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਪਰ ਮਰਿਯਾਦਾ ਭੰਗ ਨਹੀਂ ਹੋਣੀ ਚਾਹੀਏ। ਮਰਿਯਾਦਾ ਇਹ ਹੈ ਕਿ ਚਲਦੀ ਕਥਾ ਦੇ ਪ੍ਰਵਾਹ ਵਿਚ ਉਤਰ ਪ੍ਰਸ਼ਨ ਨਾ ਹੋਣ, ਕਿਉਂਕਿ ਕਥਾ ਦੇ ਰਸ ਦਾ ਠੱਠ ਨਹੀਂ ਬੱਝਦਾ। ਤੇ ਕਥਾ ਕੀਰਤਨ ਕਰੀਦਾ ਹੈ ਮਨ ਦੇ ਇਕ ਪਾਸੇ ਲੱਗ ਕੇ ਉਸ ਪਾਸੇ ਤੇ ਟਿਕਾਉ ਦਾ ਰਸ ਲੈਣ ਵਾਸਤੇ। ਜੇ ਇਹ ਪਰਿਪਾਟੀ ਟੁਰ ਪਏ ਕਿ ਕਥਾ ਵਿਚ ਹੀ ਉਤਰ ਪ੍ਰਸ਼ਨ ਹੋਣ ਤਾਂ ਕਥਆ ਵਿਚ ਫਿਰ ਮੁਬਾਹਿਸੇ ਦੀ ਸ਼ਕਲ ਪਕੜ ਜਾਏਗੀ, ਕਥ ਨਹੀਂ ਰਹੇਗੀ। ਬਹਿਸਾਂ ਤੇ ਵਾਦ ਵਿਵਾਦ ਵਾਸਤੇ ਖਰੜ ਗਿਆਨ ਵਾਲੇ ਲੋਕ ਬਹੁਤ ਹਨ, ਜਿਨ੍ਹਾਂ ਨੇ ਕੇਵਲ ਮਨ ਤੇ ਬੁੱਧੀ ਦੀ ਚੰਚਲਤਾਈ ਦਾ ਰਸ ਲੈਣਾ ਹੈ, ਉਹ ਪਏ ਬਹਿਸਾਂ ਕਰਨ। ਜਿਨ੍ਹਾਂ ਨੇ ਤਤਸਾਰ ਲੱਭਣਾ ਹੈ ਤੇ ਜੀਵਨ ਨੂੰ ਸੱਚੀ ਟਕਸਾਲ ਵਿਚ ਢਾਲਣਾ ਹੈ, ਉਨ੍ਹਾਂ ਨੇ ਨਾਮ ਜਪਣਾ ਹੈ ਤੇ ਮਨ ਨੂੰ ਸਮਝਾਉਣ ਵਾਸਤੇ ਕਛੂਅਕ ਗਿਆਨ ਪੜਨਾ ਹੈ। ਜਦ ਕਦੇ ਉਨ੍ਹਾਂ ਨੇ ਉਤਰ ਪ੍ਰਸ਼ਨ ਕਰਨੇ ਹਨ ਤਾਂ ਮਨ ਸਮਝਾਵਨ ਖਾਤਰ ਤੇ ਸਤਿ ਦੀ ਪ੍ਰਾਪਤੀ ਵਾਸਤੇ, ਤੇ ਉਹ ਚਲਦੀ ਕਥਾ ਦੇ ਪ੍ਰਵਾਹ ਵਿਚ ਨਹੀਂ ਕਰਨੇ। ਇਸ ਲਈ ਕਥਾ ਵਿਚ ਬਹਿਸ ਦੀ ਪਰਿਪਾਟੀ ਨਾ ਪਵੇ ਤਾਂ ਕਹਿੰਦਾ ਹਾਂ। ਕਿਉਂਕਿ ਆਮ ਸੁਭਾਵ ਜੀਵ ਦਾ ਇਹ ਹੈ ਕਿ ਇਕ ਥਾਵੇਂ ਜੋ ਨਵਾਂ ਰਿਵਾਜ ਟੁਰ ਪਏ ਉਹ ਫੈਲ ਜਾਂਦਾ ਹੈ ਤੇ ਵਿਤੰਡਾਵਾਦੀ ਉਸ ਨੂੰ ਨਜ਼ੀਰ ਬਣਾ ਲੈਂਦੇ ਹਨ। ਕੀਰਤਨ ਕੀਰਤਨ ਰਹੇ ਕਥਾ ਕਥਾ ਰਹੇ, ਵਖਯਾਨ ਵਖਯਾਨ ਰਹੇ ਤੇ ਬਹਿਸ ਬਹਿਸ ਰਹੇ, ਹਾਂ ਕਥਾ ਵਿਚ ਜੋ ਸ਼ੰਕਾ ਉਪਜਣ ਉਹ ਲਿਖ ਲਈਆਂ ਜਾਣ, ਪਿੱਛੋਂ ਪੁੱਛ ਦੱਸ ਲਈਆਂ।

ਸ਼ਾਤੀ ਸਰੂਪ - ਆਪ ਨੇ ਚਾਲੀ ਸੇਰੀ ਬਾਤ ਕਹੀ ਹੈ। ਐਸਾ ਹੀ ਹੋਵੇਗਾ। ਆਪ ਦੇ ਪਰਮ ਮ੍ਰਿਦੁਲ ਸੁਭਾਵ ਕਰਕੇ ਤੇ ਆਪ ਦੀ ਵਿੱਦਵਤਾ ਤੇ ਕਰਨੀ ਦੋਹਾਂ ਦੀ ਦੁਰਲਭ ਪ੍ਰਾਪਤੀ ਤੋਂ ਲਾਭ ਲੈਣ ਦੇ ਲਾਲਚ ਕਰਕੇ ਪਿਛਲੇ ਗੁਰਪੁਰਬ ਸਮੇਂ ਇਸ ਤਰ੍ਹਾਂ ਹੋ ਗਿਆ, ਹੁਣ ਨਹੀਂ ਹੋਵੇਗਾ। ਇਹ ਆਪ ਦੀ ਬੜੀ ਦੂਰੰਦੇਸ਼ੀ ਹੈ ਕਿ ਤੱਤਸਾਰ ਨੂੰ ਪਛਾਣਨ ਵਾਲੇ ਲੋਕ ਰੀਸਾਂ ਕਰਦੇ ਹਨ ਤੇ ਝਗੜਿਆਂ ਨੂੰ ਪਰਮਾਰਥ ਸਮਝਦੇ ਹਨ, ਉਨ੍ਹਾਂ ਨੂੰ ਨਵੀਂ ਪਰਿਪਾਟੀ ਨਹੀਂ ਸਿਖਾਣੀ ਚਾਹੀਏ ਕਿ ਜਿਸ ਨਾਲ ਕਥਾ ਦਾ ਰੂਪ ਮੁਬਾਹਿਸੇ ਵਿਚ ਪਲਟ ਜਾਵੇ। ਕਿਉਂਕਿ ਵਾਦੀਆਂ ਨੇ ਨਹੀਂ ਸਮਝਣਾ ਕਿ ਤੱਤਸਾਰ ਦੇ ਪ੍ਰੇਮੀ ਲੋਕ ਕਿਸ ਭਾਵ ਨਾਲ ਕੋਈ ਗੱਲ ਕਰਦੇ ਹਨ, ਉਨ੍ਹਾਂ ਨੂੰ ਤਾਂ ਆਪਣੇ ਮਨ ਦੀਆਂ ਮਾੜੀਆਂ ਵਾਦੀਆਂ ਪੂਰੀਆਂ ਕਰਨੇ ਲਈ ਛੂਟਪੱਤਰ ਚਾਹੀਦੇ ਹਨ। ਕਿਉਂ ਸੱਜਣੋ?

ਇਹ ਕਹਿ ਕੇ ਆਪ ਸੰਗਤ ਵਲ ਤੱਕੇ। ਸਭ ਨੇ ਕਿਹਾ, ਸੱਚ ਕਿਹਾ ਹੈ ਆਪ ਨੇ ਹੁਣ ਸੰਗਤ ਵਿਚੋਂ ਕੋਈ ਸੱਜਣ ਕਥਾ ਵਿਚ ਨਹੀਂ ਕੁਛ ਪੁੱਛੇਗਾ। ਅੱਗੋਂ ਇਹ ਪਰਿਪਾਟੀ ਹੀ ਬੰਦ ਕਰ ਦਿੰਦੇ ਹਾਂ।

ਸੰਤ - ਕੋਈ ਸੱਜਣ ਮੇਰੇ ਭਾਵ ਨੂੰ ਕੁਛ ਹੋਰ ਨਾ ਸਮਝੇ। ਮੇਰਾ ਤਾਤਪਰਯ ਕੇਵਲ ਕਥਾ ਦੀ ਸ਼ੁਧਤਾਈ ਕਾਇਮ ਰੱਖਣੇ ਦਾ ਹੈ। ਪੁੱਛਣਾ ਜਿੰਨਾਂ ਆਪ ਚਾਹੋ ਕਰ ਲਵੋ ਬੇਸ਼ਕ ਹੁਣ ਯਾ ਕਥਾ ਦੇ ਮਗਰੋਂ ਜਦੋਂ ਚਿੱਤ ਚਾਹੇ। ਕਥਾ ਦਾ ਰਸ ਸਦਾ ਅਖੰਡ ਰਿਹਾ ਕਰੇ।

ਪੁਰਸ਼ੋਤਮ ਸਿੰਘ - ਮੇਰੇ ਸਤਿਕਾਰਯੋਗ ਸੰਤ ਜੀਓ! ਆਪ ਨੇ ਕ੍ਰਿਪਾ ਕਰਕੇ ਜਿਸ ਰਸਤੇ ਅੱਜ ਸਾਨੂੰ ਪਾਇਆ ਹੈ, ਉਪਕਾਰ ਕੀਤਾ ਹੈ। ਅੱਗੇ ਹੀ ਸਾਡੇ ਵਿਚ ਝਗੜੇ ਬਹਿਸਾਂ ਵਧ ਰਹੇ ਹਨ। ਆਪ ਦੇ ਇਥੇ ਰਹਿ ਪੈਣ ਦੀ ਕਿਰਪਾ ਦੇ ਅਸੀਂ ਧੰਨਵਾਦੀ ਹਾਂ, ਹੁਣ ਇਹ ਮਿਹਰ ਕਰ ਦਿਓ ਕਿ ਉਸ ਦਿਨ ਅਵਤਾਰ ਦੀ ਕਥਾ ਆਪ ਹੀ ਕਰੋ।

ਸੰਤ - ਜਿਵੇਂ ਸੰਗਤ ਦੀ ਆਗਿਆ ਹੋਸੀ ਹੋ ਜਾਸੀ। ਨਾਮ ਜਪੋ, ਗੁਰੂ ਕੀ ਸਿੱਖੀ ਤੇ ਟੁਰੋ, ਇਹ ਸੁਭਾਗਤਾ ਹੈ, ਇਹੋ ਸਤਿਸੰਗ ਹੈ।

ਨਰੋਤਮ ਸਿੰਘ – ਜੇ ਆਪ ਦੀ ਆਗਿਆ ਹੋਵੇ ਤਾਂ ਇਕ ਬੇਨਤੀ ਕਰਕੇ ਇਕ ਸੰਸਾ ਨਵਿਰਤ ਕਰ ਲਈਏ? ਕਲ ਤੋਂ ਸੰਤ ਨਿਹਚਲ ਦਾਸ ਤੇ ਇਸ ਸੇਵਕ ਦੀ ਬਹਿਸ ਟੁਰੀ ਹੋਈ ਹੈ, ਝਗੜੇ ਦੀ ਨਹੀਂ, ਪਰ ਅਸਲ ਆਸ਼ਾ ਸ੍ਰੀ ਗੁਰੂ ਸਾਹਿਬ ਜੀ ਦੇ ਸਿਧਾਂਤ ਦੇ ਲੱਭਣ ਦਾ ਹੈ। ਸੰਤ ਜੀ ਕਹਿੰਦੇ ਹਨ ਕਿ ਗੁਰੂ ਕਾ ਮਾਰਗ ਨਿਰਵਿਰਤੀ ਹੈ, ਪਰਵਿਰਤੀ ਨਹੀਂ। ਮੈਂ ਕਹਿੰਦਾ ਹਾਂ ਕਿ ਗੁਰੂ ਕਾ ਮਾਰਗ ਪਰਵਿਰਤੀ ਹੈ। ਸੰਤ ਕਹਿੰਦੇ ਹਨ ਬਾਣੀ ਦਾ ਉਪਦੇਸ਼ ਨਿਰਵਿਰਤੀ ਦਾ ਹੈ, ਸਾਡੇ ਆਦਿ ਦੇਵ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਦਾਸੀਆਂ ਕੀਤੀਆਂ। ਸੋ ਘਰ ਬਰ ਤਿਆਗ ਕੇ। ਮੈਂ ਕਹਿੰਦਾ ਹਾਂ ਕਿ ਗੁਰੂ ਵਾਕ ਹੈ, ਇਸੁ ਭੇਖੈ ਥਾਵਹੁ ਗਿਰਹੁ ਭਲਾ ਜਿਥਹੁ ਕੋ ਵਰਸਾਇ' ਠੀਕ ਕੀ ਹੈ?

ਸੰਤ ਜੀ – ਤੁਸੀਂ ਦੁਇ ਠੀਕ ਹੋ ਤੇ ਖਿਮਾ ਕਰਨੀ ਦੁਇ ਠੀਕ ਨਹੀਂ ਬੀ ਹੋ। ਗੁਰੂ ਬਾਬੇ ਉਦਾਸੀਆਂ ਕੀਤੀਆਂ ਪਰ ਫੇਰ ਕਰਤਾਰਪੁਰ ਟਿਕੇ ਤਾਂ ਪਰਿਵਾਰ ਨੂੰ ਪਾਸ ਰਹਿਣ ਦੀ ਆਗਿਆ ਦਿਤੀ। ਪਰਿਵਾਰ ਪਾਸ ਰਿਹਾ ਪਰ ਫੇਰ ਪੂਰਨ ਤਿਆਗ ਵਰਤਿਆ, ਤਿਆਗ ਵਰਤਿਆ ਪਰ ਖੇਤੀਆਂ ਕਰਾ ਕੇ ਬੋਹਲ ਲੁਆਏ। ਬੋਹਲ ਲੁਆਏ ਪਰ ਸੰਗਤਾਂ ਨੂੰ ਖੁਲਾਏ। ਸੰਗਤਾਂ ਦੀ ਭੀੜ ਪਈ ਤੇ ਵਿਹਲੇ ਆਉਣ ਲਗ ਪਏ ਤਾਂ ਬੋਹਲ ਸਾੜ ਕੇ ਪੂਰਨ ਨਿਰਵਿਰਤੀ ਵਰਤਾ ਦਿਤੀ। ਗੁਰੂ ਕਾ ਮਤਿ ਹਠਾਗ੍ਰਹਿ ਨਹੀਂ। ਮਾਰਗ ਪਰਵਿਰਤੀ ਦਾ, ਤੇ ਮਨ ਵਿਚ ਨਿਰਵਿਰਤੀ ਦਾ ਹੈ। ਰਹੇ ਗ੍ਰਿਹਸਤ ਵਿਚ ਤੇ ਚਿੱਤ ਵਿਚ ਤਿਆਗ ਵਸਦਾ ਹੋਵੇ। ਪਰ ਜੋ ਅਸਰ ਸਾਲ ਸਿੱਧਾਂਤ ਦੀ ਬਾਤ ਹੈ ਸੋ ਉਸ ਮੂਜਬ ਉਨ੍ਹਾਂ ਦਾ ਮਾਰਗ ਹੈ – ਸਭਨਾਂ ਜੀਆ ਕਾ ਇਕੁ ਦਾਤਾ। ਇਹ ਮੰਨੋ, ਈਮਾਨ ਇਸ ਤੇ ਟਿਕਾਓ ਤੇ ਫੇਰ ਅਮਲ ਕਰੋ ਇਸ ਗੱਲ ਤੇ – 'ਸੋ ਮੈ ਵਿਸਰਿ ਨ ਜਾਈ। ਇਹ ਕੁਛ ਜੇ ਤਿਆਗੀ ਸਾਧੂ ਕਰ ਰਿਹਾ ਹੈ ਤਾਂ ਸੁਭਾਗ, ਜੇ ਗ੍ਰਿਹਸਤੀ ਕਰ ਰਿਹਾ ਹੈ ਤਾਂ ਸੁਭਾਗ। ਉਂਞ ਸਤਿਗੁਰ ਦੀ ਆਸ਼ਆ 'ਪਰਵਾਨ ਗ੍ਰਿਹਸਤ ਉਦਾਸ' ਹੈ, ਰਹੇ ਗ੍ਰਿਹਸਤ ਵਿਚ ਪਰ ਲੰਪਟ ਨਾ ਹੋਵੇ। ਅੰਦਰੋਂ ਸਾਂਈ ਨਾਲ ਲੱਗਾ ਰਹੇ ਤੇ ਕਰਮ ਉਸਦੇ ਦਾਨ ਵਾਲੇ ਹੋਣ, ਪਿਆਰ ਵਾਲੇ, ਦਇਆ ਵਾਲੇ। ਸਿੱਖ ਚੜ੍ਹਦੀਆਂ ਕਲਾਂ ਵਿਚ ਹੋਵੇ, ਸਾਂਈ ਨਾਲ ਜੁੜਿਆ ਹੋਇਆ ਤੇ ਦਾਤਾ, ਹੋਵੇ ਨਿਰਵਾਸ। ਹੁਣ ਦਾਨ ਦਾ ਸੁਭਾਵ ਉਸੇ ਦਾ ਹੋ ਸਕਦਾ ਹੈ ਜਿਸ ਦੇ ਅੰਦਰ ਤਿਆਗ ਹੈ, ਨਿਰਵਿਰਤੀ ਹੈ।

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ॥***

ਨਾਮ ਜਪੇ, ਨਾਮ ਸਿਮਰੇ, ਨਾਮ ਵਿਚ ਲਿਵ ਰਹੇ। ਲਿਵ ਲੱਗੇ ਦੀਆਂ ਕਲਾਂ ਚੜ੍ਹਦੀਆਂ ਹੋਣਗੀਆਂ, ਅਰਥਾਤ ਉਹ ਖੇੜੇ ਵਿਚ ਹੋਵੇਗਾ 'ਨਾਨਕ ਭਗਤਾ ਸਦਾ ਵਿਗਾਸੁ।' ਸਦਾ ਵਿਗਾਸ ਵਾਲਾ ਭਾਣੇ ਤੇ ਸ਼ਾਕਰ ਰਹੇਗਾ, ਜਗਤ ਨਾਲ ਵਰਤੋਂ ਸਰਬੱਤ ਦੇ ਭਲੇ ਦੀ ਵਰਤੇਗਾ। ਸੋ ਭਾਈ ਐਸਾ ਜੀਵਨ ਗ੍ਰਿਹਸਤ ਵਿਚ ਪ੍ਰਾਪਤ ਕਰਨਾ ਗੁਰੂ ਕਾ ਮਾਰਗ ਹੈ। ਪਰ ਸਾਰੇ ਜੀਵ ਇਕੋ ਜੈਸੇ ਸੁਭਾਵ ਦੇ ਨਹੀਂ ਹੁੰਦੇ। ਕਈ ਜਨਮੋਂ ਹੀ ਤਿਆਗ ਬ੍ਰਿਤੀ ਵਾਲੇ ਹੁੰਦੇ ਹਨ। ਕਈ ਮਗਰੋਂ ਤਿਆਗ ਵਿਚ ਪੈ ਕੇ ਤਪਾਂ ਹਠਾਂ ਦੇ ਕਾਰਣ ਤਿਆਗੀ ਸੁਭਾਵ ਦੇ ਹੋ ਜਾਣ ਕਰਕੇ ਗ੍ਰਿਹਸਤ ਦਾ ਭਾਰ ਚਾਣੋਂ ਕੋਮਲ ਚਿੱਤ ਹੋ ਜਾਂਦੇ ਹਨ, ਉਨ੍ਹਾਂ ਲਈ ਸਤਿਗੁਰ ਨੇ ਤਿਆਗ ਵਿਚ ਰਹਿ ਕੇ ਗੁਰਮਤਿ ਤੇ ਟੁਰਨੋਂ ਮਨ੍ਹੇ ਨਹੀਂ ਕੀਤਾ। ਮਾਰਗ ਸਤਿਗੁਰੂ ਦਾ ਨਾਮ ਹੈ। ਗ੍ਰਿਹਸਤ ਵਿਚ ਰਹਿ ਕੇ ਨਾਮੀ ਦਾਨੀ ਇਸ਼ਨਾਨੀ ਹੋਣਾ ਆਪ ਦਾ ਹੁਕਮ ਹੈ। ਪਰ ਜੇ ਕੋਈ ਤਿਆਗ ਬ੍ਰਿਤੀ ਵਾਲਾ ਇਸ ਮਾਰਗ ਤੇ ਲੱਗੇ ਤਾਂ ਸਤਿਗੁਰ ਜੀ ਨੇ ਉਨ੍ਹਾਂ ਨੂੰ ਆਪਣੇ ਸਤਿ ਉਪਦੇਸ਼ ਤੋਂ ਵਾਂਜਿਆ ਨਹੀਂ – 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਓ' ਗੁਰੂ ਵਾਕ ਹੈ। ਸੋ ਝਗੜੇ ਦੀ ਕੋਈ ਬਾਤ ਨਹੀਂ ਹੈ।

ਪੁਰਸ਼ੋਤਮ ਸਿੰਘ – ਮਹਾਰਾਜ ਜੀਓ! ਅਸਾਂ ਮੋਟੀ ਬੁੱਧ ਵਾਲਿਆਂ ਵਾਸਤੇ ਕੋਈ ਦ੍ਰਿਸ਼ਟਾਂਤ ਦੱਸ ਕੇ ਗੱਲ ਖੁਹਲ ਦਿਓ ਨਾ।

ਸੰਤ ਜੀ – ਦ੍ਰਿਸ਼ਟਾਂਤ ਦੀ ਕੀਹ ਲੋੜ ਹੈ? ਸ੍ਰੀ ਦਸਮੇਂ ਪਾਤਸ਼ਾਹ ਜੀ ਦੇ ਹਜ਼ੂਰ ਵਰਤੀ ਇਕ ਸਾਖੀ ਸੁਣਾ ਦਿੰਦਾ ਹਾਂ, ਜਿਸ ਨਾਲ ਗੱਲ ਖੁਲ੍ਹ ਜਾਵੇਗੀ। ਨਾਲੇ ਗੁਰਪੁਰਬ ਸ੍ਰੀ ਦਸਮੇਂ ਪਾਤਸ਼ਾਹ ਦਾ ਆ ਰਿਹਾ ਹੈ, ਕਥਾ ਵੀ ਉਨ੍ਹਾਂ ਦੀ ਹਜ਼ੂਰੀ ਵਾਲੀ ਕਰ ਲੈਂਦੇ ਹਾਂ। ਇਹ ਕਥਾ ਗੁਰ ਰਤਨ ਮਾਲ ਵਿਚ ਲਿਖੀ ਹੋਈ ਹੈ। ਇਹ ਉਹ ਪੋਥਈ ਹੈ ਕਿ ਜਿਸਨੂੰ ਆਖਦੇ ਹਨ ਸਾਹਿਬ ਰਾਮਕੌਰ ਜੀ ਨੇ ਲਿਖਿਆ ਯਾ ਲਿਖਾਇਆ ਸੀ, ਪਰ ਮਗਰੋਂ ਸਵਾਰਥੀ ਲੋਕਾਂ ਨੇ ਆਖੇਪਕ ਪਾ ਕੇ ਇਸ ਦੀ ਮਨਜ਼ੂਰੀ 'ਸੌ ਸਾਖੀ' ਦੇ ਨਾਮ ਕਰ ਦਿਤੀ। ਇਹ ਸਾਖੀ ਸੂਰਜ ਪ੍ਰਕਾਸ਼ ਵਿਚ ਵੀ ਲਿਖੀ ਹੈ।

**'ਚਲਦਾ'**

« « « « « « «

# ਕਰਮ ਬੰਧਨ ਤੋਂ ਮੁਕਤੀ
## ((Freedom from the Bond of Karma))

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

### ਅਧਿਆਇ ਛੇਵਾਂ

ਮੋਹ ਤੇ ਨਿਰਮੋਹ

ਮੁਕਤ ਹੋਣ ਲਈ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਆਪਣਾ ਜੀਵਨ ਕਿਵੇਂ ਜੀਊਣਾ ਹੈ, ਸੌਖਾ ਬਨਾਉਣਾ ਹੈ। ਸਾਨੂੰ ਜੀਵਨ ਇਕ ਵੰਗਾਰ ਦੀ ਭਾਂਤੀ ਲੈਣਾ ਚਾਹੀਦਾ ਹੈ, ਕਿਸੇ ਵੀ ਚੀਜ਼ ਲਈ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਕਿਉਂਕਿ ਜੀਵਨ ਕੇਵਲ ਇਕ ਵਾਹਨ ਦੀ ਤਰ੍ਹਾਂ ਹੈ। ਛੇਤੀ ਜਾਂ ਥੋੜ੍ਹਾ ਠਹਿਰ ਕੇ ਅਸੀਂ ਸਤਿ ਪ੍ਰਾਪਤ ਕਰ ਹੀ ਲਵਾਂਗੇ, ਸਤਿ ਸਾਡੇ ਅੰਦਰ ਹੀ ਹੈ, ਸਾਡੇ ਅੰਦਰੋਂ ਹੀ ਸਾਨੂੰ ਮਿਲ ਜਾਣਾ ਹੈ। ਸਾਨੂੰ ਇਹ ਪਤਾ ਲਗ ਜਾਵੇਗਾ ਅਸੀਂ ਇੱਕਲੇ ਨਹੀਂ ਹਾਂ। ਇਹ ਸਾਡਾ ਅਗਿਆਨ ਹੈ ਕਿ ਅਸੀਂ ਆਪਣੇ ਆਪ ਨੂੰ ਇਕੱਲੇ ਦੇਖਦੇ ਹਾਂ, ਸੰਪੂਰਣ ਤੋਂ ਨਿਖੜਿਆ ਦੇਖਦੇ ਹਾਂ। ਸਾਨੂੰ ਮਾਨਵ-ਵਾਦ ਛੱਡ ਕੇ ਪ੍ਰਭੂਵਾਦ ਤੇ ਜਾਣਾ ਚਾਹੀਦਾ ਹੈ, ਇਸ ਤਰ੍ਹਾਂ ਕਰਨ ਲਈ ਪ੍ਰਭੂਵਾਦ ਤੇ ਪਹੁੰਚਣ ਲਈ ਸਾਨੂੰ ਵਾਸਤਵ ਵਿਚ ਮਾਨਵ ਬਣਨਾ ਪਵੇਗਾ। ਸਾਨੂੰ ਇਹ ਜਾਨਣ ਦੀ ਲੋੜ ਹੈ ਕਿ ਅਸੀਂ ਪੁਰਾਣੇ ਮੁਸਾਫਿਰ ਹਾਂ, ਸਾਡਾ ਉਦੇਸ਼ ਸੰਪੂਰਣਤਾ ਹੈ।

ਪੱਛਮ ਵਿਚ ਇਸ ਗੱਲ ਦਾ ਬੜਾ ਭੈ ਹੈ, ਡਰ ਹੈ ਕਿ ਅਸੀਂ ਆਪਣਾ ਆਪਾ ਨਾ ਛੱਡ ਦੇਈਏ, ਸਾਡੇ ਤੋਂ ਸਾਡਾ ਆਪਾ ਸਾਡੀ ਖੁਦੀ ਨਾ ਛੁਟ ਜਾਏ। ਮੈਡੀਟੇਸ਼ਨ ਰਾਹੀਂ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਆਪਾ ਵਿਸ਼ਾਲ ਕਰ ਸਕਦੇ ਹਾਂ, ਵਿਸਤ੍ਰਿਤ ਕਰ ਸਕਦੇ ਹਾਂ ਉਸਨੂੰ ਗੁਆ ਨਹੀਂ ਸਕਦੇ, ਸਾਡੀ ਖੁਦੀ ਦਾ ਵਿਕਾਸ ਹੋ ਸਕਦਾ ਹੈ। ਖੁਦੀ ਮਿਟ ਨਹੀਂ ਸਕਦੀ। ਸਾਨੂੰ ਵਿਸ਼ਾਲ ਹਿਰਦਾ ਰੱਖਣਾ ਚਾਹੀਦਾ ਹੈ, ਸਾਨੂੰ ਵੱਧ ਤੋਂ ਵੱਧ ਬੰਦਿਆਂ ਨਾਲ ਸੰਪਰਕ ਰੱਖਣਾ ਚਾਹੀਦਾ ਹੈ, ਵੱਧ ਤੋਂ ਵੱਧ ਬੰਦੇ ਆਪਣੇ ਨਾਲ ਲੈਣੇ ਚਾਹੀਦੇ ਹਨ ਜਿੰਨੇ ਵਧ ਸੰਸਾਰ ਨੂੰ ਨਾਲ ਲੈ ਚਲ ਸਕੀਏ ਓਨਾ ਹੀ ਠੀਕ ਹੈ, ਆਪਣੇ ਆਪ ਇਕੱਲੇ ਹੋ ਕੇ ਨਹੀਂ ਰਹਿਣਾ, ਆਪਣੇ ਆਪ ਨਾਲ ਆਪਣੇ ਆਪ ਨੂੰ ਨਹੀਂ ਜੋੜਨਾ। ਸਾਨੂੰ ਆਪਣੇ ਆਪ ਨੂੰ ਇਕ ਰਾਹੀ, ਇਕ ਮੁਸਾਫਿਰ ਦੀ ਤਰ੍ਹਾਂ ਹੀ ਸੋਚਣਾ ਚਾਹੀਦਾ ਹੈ, ਦੇਖਣਾ ਚਾਹੀਦਾ ਹੈ, ਇਸ ਤਰ੍ਹਾਂ ਦੇਖਣਾ ਚਾਹੀਦਾ ਹੈ ਕਿ ਅਸੀਂ ਇਹ ਸੰਸਾਰ ਦੇਖਣ ਲਈ ਆਏ ਹਾਂ। ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਸਰੀਰ ਪ੍ਰਭੂ ਪ੍ਰਾਪਤੀ ਲਈ ਦਿਤਾ ਗਿਆ ਹੈ, ਇਹ ਸੰਸਾਰ, ਸੰਸਾਰਕ ਵਸਤੂਆਂ ਬਾਕੀ ਦੀਆਂ ਚੀਜ਼ਾਂ ਇਹ ਕੇਵਲ ਵਰਤਣ ਲਈ ਹੀ ਦਿਤੀਆਂ ਗਈਆਂ ਹਨ, ਇਹ ਸਾਡੀਆਂ ਨਹੀ ਹਨ। ਅਸੀਂ ਇਹ ਕੇਵਲ ਉਧਾਰ ਲਈਆਂ ਹੋਈਆਂ ਹਨ। ਹੁਣ ਜਾਂ ਫੇਰ ਠਹਿਰ ਕੇ ਇਹ ਸਭ ਕੁਝ ਸਾਨੂੰ ਛੱਡਣਾ ਪਵੇਗਾ ਇਸ ਵਿਚ ਡਰਨ ਦੀ ਕੋਈ ਗੱਲ ਨਹੀਂ। ਸਾਡਾ ਮੰਤਵ ਚੀਜ਼ਾਂ ਤੇ ਕਬਜ਼ਾ ਕਰਨਾ ਨਹੀਂ, ਸਾਡਾ ਮੰਤਵ ਤਾਂ ਕੇਵਲ ਇਨ੍ਹਾਂ ਨੂੰ ਵਰਤਣਾ ਹੈ ਤਾਂ ਜੋ ਅਸੀਂ ਇਨ੍ਹਾਂ ਪੌੜੀਆਂ ਤੇ ਪੈਰ ਰੱਖ ਕੇ ਅੱਗੇ ਚਲੇ ਜਾਈਏ, ਅਨੁਭਵ ਤੋਂ ਪਰ੍ਹੇ ਚਲੇ ਜਾਈਏ, ਗੁਣਾਂ ਦੀ ਹੱਦ ਟੱਪ ਜਾਈਏ, ਉਤਕ੍ਰਿਸ਼ਟਤਾ ਪ੍ਰਾਪਤ ਕਰ ਲਈਏ ਇਹ ਸਤਿ ਹੈ ਇਹ ਕਾਨੂੰਨ ਤੋਂ ਪਰ੍ਹੇ ਦਾ ਸਤਿ ਹੈ। ਇਸੇ ਲੜੀ ਵਿਚ ਇਸੇ ਸੰਵੇਦ ਇਸੇ ਬੋਧ ਦਾ ਪ੍ਰਤੀਕ ਈਸਾ ਜੀ ਦਾ ਉਹ ਪ੍ਰਵਚਨ ਹੈ ਜਿਹੜਾ ਉਨ੍ਹਾਂ ਨੇ ਪਹਾੜ ਤੇ ਦਿਤਾ ਜਿਸ ਨੂੰ Sermaon on the Mount ਕਿਹਾ ਜਾਂਦਾ ਹੈ ਇਹ ਪਰ੍ਹੇ ਦੀ ਬਾਤ ਹੈ, ਦੂਸਰੇ ਪਾਰ ਦੀ ਸਤਿ ਦੀ ਗੱਲ ਹੈ, ਇਹ ਉਨ੍ਹਾਂ ਜਗਿਆਸੂਆਂ ਲਈ ਹੈ ਜਿਹੜੇ ਇਸ ਲਈ ਤਿਆਰ ਹਨ ਜਿਹੜੇ ਇਸ ਦੇ ਪਾਤਰ ਹਨ, ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸਾਡੀ ਕ੍ਰਿਆ ਸਾਡੀ ਆਪਣੀ ਨਹੀਂ ਹੈ ਸਾਨੂੰ ਉਸ ਨਾਲ ਮੋਹ ਨਹੀਂ ਪਾਉਣਾ ਚਾਹੀਦਾ।

ਸਾਡੇ ਲਈ ਨਿਰਲੇਪਤਾ ਦੇ ਵੈਰਾਗ ਦੇ ਨਿਯਮ ਨੂੰ ਸਮਝਣਾ ਇਸ ਲਈ ਮਹੱਤਵਪੂਰਣ ਹੈ ਤਾਂ ਜੋ ਅਸੀਂ ਕਰਮਾਂ ਦੇ ਫਲ ਦੇ ਬੰਧਨ ਤੋਂ ਮੁਕਤ ਹੋ ਸਕੀਏ। ਨਿਰਲੇਪਤਾ ਤੋਂ ਭਾਵ ਇਹ ਨਹੀਂ ਕਿ ਕੋਈ ਖੁਸ਼ੀ ਨਹੀਂ, ਜਾਂ ਅਨੰਦ ਨਹੀਂ। ਸਾਧਾਰਣ ਤੌਰ ਤੇ ਜਦੋਂ ਅਸੀਂ ਕ੍ਰਿਆ ਕਰਦੇ ਹਾਂ ਅਸੀਂ ਫਲ ਤੋਂ ਮੁਕਤ ਨਹੀਂ ਹੁੰਦੇ। ਉਦਾਹਰਣ ਲਈ ਜਦੋਂ ਅਸੀਂ ਅਰਦਾਸ ਕਰਦੇ ਹਾਂ ਅਸੀਂ ਕੁਝ ਨਾ ਕੁਝ ਮੰਗਦੇ ਹਾਂ ਇਸ ਨੂੰ ਮਨੁੱਖ ਦੀ ਆਪਣੇ ਲਈ ਅਰਦਾਸ ਕਿਹਾ ਜਾਂਦਾ ਹੈ ਜਿਸ ਵਿਚ ਹਰ ਤਰ੍ਹਾਂ ਦੀਆਂ ਮੰਗਾਂ ਰੱਖੀਆਂ ਜਾਂਦੀਆਂ ਹਨ। ਜਦੋਂ ਅਸੀਂ ਅਰਦਾਸ ਵੀ ਕਰਦੇ ਹਾਂ ਇਹ ਕੋਈ ਮੁਕਤ ਹੋਣ ਲਈ ਨਹੀਂ, ਅਸੀਂ ਤਾਂ ਅਰਦਾਸ ਵਿਚ ਮੰਗ ਰਹੇ ਹਾਂ ਇਹ ਦੇ ਦੇ, ਉਹ ਦੇ ਦੇ, ਇਹ ਕਰ ਦੇ, ਉਹ

ਕਰ ਦੇ। ਇਕ ਦੂਸਰੀ ਤਰ੍ਹਾਂ ਦੀ ਅਰਦਾਸ ਹੈ ਜਿਹੜੀ ਪ੍ਰਭੂ ਲਈ ਹੈ ਵਾਹਿਗੁਰੂ ਲਈ ਹੈ, ਜਿਹੜੀ ਆਤਮ ਸਿੱਧੀ ਲਈ ਹੈ। ਗਿਆਨ ਲਈ ਹੈ। ਮਿਸਾਲ ਵਜੋਂ ਅਸੀਂ ਕਹਿੰਦੇ ਹਾਂ ਵਾਹਿਗੁਰੂ ਮੈਨੂੰ ਗਿਆਨ ਦੇ ਆਤਮ ਸਿੱਧੀ ਦੇ, 'ਮੇਰੀ ਸਹਾਇਤਾ ਕਰ ਤਾਂ ਜੋ ਮੈਂ ਮੁਕਤ ਹੋ ਜਾਵਾਂ,' ਪਰ ਜਦੋਂ ਅਸੀਂ ਇਸ ਤਰ੍ਹਾਂ ਕਹਿ ਰਹੇ ਹਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਤੋਂ ਬਾਹਰ ਸਮਝ ਰਹੇ ਹਾਂ। ਪ੍ਰਮਾਤਮਾ ਨੂੰ ਆਪਣੇ ਤੋਂ ਵੱਖਰਾ ਸਮਝ ਰਹੇ ਹਾਂ। ਇਹ ਸਿਧਾਂਤ ਸਾਡੇ ਲਈ ਲਾਭਕਾਰੀ ਨਹੀਂ ਹੈ। ਜਿਹੜੀ ਗੱਲ ਵਧੇਰੇ ਜ਼ਰੂਰੀ ਹੈ ਮਹੱਤਵਪੂਰਣ ਹੈ ਉਹ ਹੈ ਕਿ ਇਹ ਸਮਝਣਾ ਕਿ ਵਾਹਿਗੁਰੂ ਸਾਡੇ ਅੰਦਰ ਹੈ, ਅਸੀਂ ਤਾਂ ਇਕ ਕਾਰਣ ਹਾਂ ਅਸੀਂ ਵਸਤੂ ਹਾਂ, ਅਸੀਂ ਉਸ ਦੇ ਬਣਾਏ ਹਾਂ ਉਸ ਦਾ ਸਰੂਪ ਹਾਂ, ਉਸ ਦੇ ਪਿਆਰੇ ਹਾਂ, ਇਸ ਤਰ੍ਹਾਂ ਨਾਲ ਜਦੋਂ ਅਸੀਂ ਅਰਦਾਸ ਕਰਦੇ ਹਾਂ, ਅਸੀਂ ਨਿਰਲੇਪ ਹੋ ਕੇ ਕਰਦੇ ਹਾਂ, ਅਸੀਂ ਵੈਰਾਗ ਵਿਚ ਆ ਕੇ ਕਰਦੇ ਹਾਂ।

ਤੁਸੀਂ ਪ੍ਰਮਾਤਮਾ ਨਾਲ ਜਿਸ ਤਰ੍ਹਾਂ ਦਾ ਚਾਹੋ ਰਿਸ਼ਤਾ ਜੋੜ ਸਕਦੇ ਹੋ, ਜਿਹੜਾ ਤੁਹਾਡੇ ਮਨ ਨੂੰ ਚੰਗਾ ਲੱਗੇ, ਜੇ ਤੁਸੀਂ ਉਸ ਨੂੰ ਆਪਣਾ ਮਿੱਤਰ ਮੰਨਦੇ ਹੋ ਤਾਂ ਤੁਸੀਂ ਉਸ ਦੀ ਸਲਾਹ ਮੰਨੋ ਤੇ ਉਹ ਤੁਹਾਡਾ ਮਾਰਗ ਦਰਸ਼ਨ ਕਰ ਸਕੇ ਜੇ ਤੁਸੀਂ ਉਸਨੂੰ ਆਪਣਾ ਆਗੂ ਪੱਥ ਪ੍ਰਦਰਸ਼ਕ ਮੰਨਦੇ ਹੋ ਫੇਰ ਆਪਣੇ ਆਪ ਨੂੰ ਉਸ ਦਾ ਇਕ ਮਾਤਰ ਸਾਧਨ ਮੰਨੋ। ਤੁਹਾਡੇ ਅੰਦਰ ਇਹ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਵਾਹਿਗੁਰੂ ਤੁਹਾਡੇ ਅੰਦਰ ਹੈ, ਤੁਹਾਡੇ ਮਿੱਤਰ ਤੁਹਾਨੂੰ ਇਕੱਲਾ ਮਹਿਸੂਸ ਕਰਵਾਉਂਦੇ ਹਨ ਕਿਉਂਕਿ ਉਹ ਤੁਹਾਨੂੰ ਬਾਹਰੀ ਸੰਸਾਰ ਤੋਂ ਮਦਦ ਮੰਗਣ ਲਈ ਕਹਿੰਦੇ ਹਨ। ਗਿਆਨ ਪ੍ਰਾਪਤ ਕਰਨ ਲਈ ਸਵੈ ਜਾਗ੍ਰਿਤ ਹੋਣ ਲਈ ਨਿਰਲੇਪ ਹੋਣ ਲਈ ਤੁਹਾਨੂੰ ਮੈਡੀਟੇਸ਼ਨ ਦੀ ਲੋੜ ਹੈ। ਮੈਡੀਟੇਸ਼ਨ ਤੁਹਾਨੂੰ ਆਪਣੇ ਆਪ ਵਿਚ ਸੰਪੂਰਣ ਬਣਾਉਂਦੀ ਹੈ ਤੁਹਾਨੂੰ ਆਪ ਵਿਚ ਇਕੱਲੇ-ਇਕੱਲੇ ਤੋਂ ਭਾਵ ਹੈ ਸਭ ਤਰ੍ਹਾਂ ਨਾਲ ਸੰਪੂਰਣ। ਇਕੱਲੇ ਤੋਂ ਭਾਵ ਇਕੱਲੇ ਨਹੀਂ ਇਹ ਨਹੀਂ ਕਿ ਕੋਈ ਨਾਲ ਨਹੀਂ, ਲੋਕੀ ਤੁਹਾਨੂੰ ਇਕੱਲਾ ਕਰਦੇ ਹਨ। ਕੇਵਲ ਤੁਹਾਡੇ ਅੰਦਰ ਦੇ ਮਿਤਰ ਹੀ ਤੁਹਾਡੀ ਸਹਾਇਤਾ ਕਰ ਸਕਦੇ ਹਨ। ਪੂਰਣਤਾ ਕੇਵਲ ਅੰਦਰੋਂ ਹੀ ਪ੍ਰਾਪਤ ਹੁੰਦੀ ਹੈ, ਕਰ ਸਕਦੇ ਹਨ। ਬਾਹਰ ਦੇ ਲੋਕੀ ਕੇਵਲ ਤੁਹਾਡੀ ਸਹਾਇਤਾ ਕਰ ਸਕਦੇ ਹਨ, ਬਾਹਰੋਂ ਸੰਪੂਰਣਤਾ ਪ੍ਰਾਪਤ ਨਹੀਂ ਹੋ ਸਕਦੀ। ਪਿਆਰ ਦੀ ਮੰਗ ਵੀ ਕਰਨੀ ਕੋਈ ਠੀਕ ਨਹੀਂ। ਜੇ ਤੁਸੀਂ ਪਿਆਰ ਦਿਓਗੇ, ਪਿਆਰ ਮਿਲੇਗਾ ਹੀ, ਕੋਈ ਵੀ ਤੁਹਾਡੀ ਤਸੱਲੀ ਨਹੀਂ ਕਰ ਸਕਦਾ, ਤੁਹਾਡੀਆਂ ਇਛਾਵਾਂ ਪੂਰਨ ਨਹੀਂ ਕਰ ਸਕਦਾ, ਕੇਵਲ ਤੁਸੀਂ ਹੀ ਆਪਣੇ ਆਪ ਨੂੰ ਪ੍ਰਮਾਤਮਾ ਵਿਚ ਲੀਨ ਕਰ ਸਕਦੇ ਹੋ, ਵਿਸ਼ਵ ਦੇ ਬਣ ਸਕਦੇ ਹੋ।

ਕਰਮ ਦੀ ਡੋਰੀ ਸਾਨੂੰ ਬੰਨ੍ਹ ਕੇ ਰੱਖਦੀ ਹੈ, ਸਾਨੂੰ ਸਾਡੇ ਆਦਰਸ਼ ਤੱਕ ਪਹੁੰਚਣ ਨਹੀਂ ਦਿੰਦੀ। ਬੰਧਨ ਤੋਂ ਮੁਕਤ ਹੋਣ ਦੇ ਦੋ ਤਰੀਕੇ ਹਨ। 1. ਤਿਆਗ, 2. ਨਿਰਲੇਪ ਹੋਣਾ। ਪਹਿਲੇ ਮਾਰਗ ਤੇ ਅਸੀਂ ਕਹਿੰਦੇ ਹਾਂ ਮੈਨੂੰ ਕੋਈ ਵੀ ਸੁਖ ਨਹੀਂ ਚਾਹੀਦਾ, ਅਨੰਦ ਨਹੀਂ ਚਾਹੀਦਾ, ਰੰਗ ਰਲੀਆਂ ਨਹੀਂ ਚਾਹੀਦੀਆਂ ਉਹ ਕੁਝ ਵੀ ਨਹੀਂ ਚਾਹੀਦਾ, ਜਿਹੜਾ ਮੈਨੂੰ ਮੇਰੇ ਉਦੇਸ਼ ਤੇ ਨਹੀਂ ਲੈ ਕੇ ਜਾਂਦਾ। ਇਸ ਕਰਕੇ ਮੈਂ ਤਾਂ ਇਕ ਸੰਨਿਆਸੀ ਦਾ ਹੀ ਜੀਵਨ ਜੀਵਾਂਗਾ, ਇਹ ਮਾਰਗ ਬਹੁਤ ਥੋੜ੍ਹਿਆਂ ਲਈ ਹੈ, ਕਿਸੇ ਵਿਰਲੇ ਲਈ ਹੀ ਹੈ, ਇਹ ਮਾਰਗ ਖੰਡੇ ਦੀ ਧਾਰ ਤੇ ਤੁਰਨਾ ਹੈ। ਦੂਸਰੇ ਮਾਰਗ ਤੇ ਅਸੀਂ ਸੰਸਾਰ ਵਿਚ ਰਹਿੰਦੇ ਹਾਂ ਤੇ ਆਪਣੇ ਕਰਮ, ਆਪਣੀ ਡਿਊਟੀ ਜੁਗਤ ਨਾਲ ਕਰਦੇ ਹਾਂ। ਇਹ ਦੂਸਰਾ ਮਾਰਗ ਹੀ ਅਸੀਂ ਦੇਖਾਂਗੇ ਇਹ ਨਿਰਲੇਪ ਹੋਣ ਦਾ ਮਾਰਗ ਨਿਰਲੇਪ ਹੋ ਕੇ ਰਹਿਣ ਦਾ ਮਾਰਗ ਹੀ ਅਸੀਂ ਜਾਨਣਾ ਚਾਹਵਾਂਗੇ।

ਸਾਧਾਰਣ ਤੌਰ ਤੇ ਅਸੀਂ ਆਪਣੀਆਂ ਡੀਊਟੀਆਂ ਦੇ ਗੁਲਾਮ ਹਾਂ ਅਸੀਂ ਆਪਣੀਆਂ ਕਿਰਿਆਵਾਂ ਨਾਲ ਜੁੜ ਜਾਂਦੇ ਹਾਂ, ਉਨ੍ਹਾਂ ਨਾਲ ਸਾਡਾ ਮੋਹ ਪੈ ਜਾਂਦਾ ਹੈ ਉਸ ਦੇ ਫਲ ਨਾਲ ਜੁੜ ਜਾਂਦੇ ਹਾਂ, ਇਹ ਸਭ ਕੁਝ ਹੀ ਇਕ ਬੰਧਨ ਬਣ ਜਾਂਦਾ ਹੈ। ਜੇ ਤੁਸੀਂ ਕੁਝ ਵੀ ਕੇਵਲ ਡੀਊਟੀ ਹੀ ਸਮਝ ਕੇ ਕਰਦੇ ਹੋ, ਉਸ ਤਰ੍ਹਾਂ ਨਾਲ ਨਾ ਤਾਂ ਤੁਸੀਂ ਕੁਝ ਸਮਝੋਗੇ ਤੇ ਨਾ ਹੀ ਤੁਸੀਂ ਕੋਈ ਤਰੱਕੀ ਕਰ ਸਕੋਗੇ। ਜੇ ਤੁਸੀਂ ਇਕ ਪਤੀ ਹੋਣ ਦੇ ਨਾਤੇ ਜਾਂ ਪਤਨੀ ਹੋਣ ਦੇ ਨਾਤੇ ਵੀ ਡੀਊਟੀ ਹੀ ਕਰ ਰਹੇ ਹੋ ਫੇਰ ਵੀ ਤੁਹਾਡੇ ਅੰਦਰ ਜਾ ਤਾਂ ਗੁੱਸਾ ਹੋਵੇਗਾ ਜਾਂ ਰੋਸ ਹੋਏਗਾ ਜਾਂ ਫੇਰ ਅਪਰਾਧ ਦੀ ਭਾਵਨਾ ਹੋਏਗੀ ਜਾਂ ਨਰਾਜ਼ਗੀ ਦੀ ਜਾਂ ਫੇਰ ਕੋਈ ਅਸ਼ਾਂਤ ਕਰਨ ਵਾਲਾ ਸੰਵੇਗ ਹੋਏਗਾ ਜੇ ਤੁਸੀਂ ਆਪਣੀ ਡੀਊਟੀ, ਆਪਣੇ ਕਰਮ ਪਿਆਰ ਨਾਲ ਨਹੀਂ ਕਰ ਰਹੇ ਤੁਸੀਂ ਆਪਣੇ ਆਪ ਲਈ ਬੰਧਨ ਪੈਦਾ ਕਰ ਰਹੇ ਹੋ। ਜੇ ਤੁਸੀਂ ਆਪਣੇ ਕਰਮ ਪਿਆਰ ਨਾਲ ਕਰ ਰਹੇ ਹੋ ਤਾਂ ਤੁਸੀਂ ਨਿਰਲੇਪ ਹੋ ਕੇ ਕਰ ਰਹੇ ਹੋ, ਇਹ ਸਮਝਣਾ ਬਹੁਤ ਹੀ ਸੌਖਾ ਹੈ। ਜੇ ਮੈਂ ਨਿਰਲੇਪ ਹੋ ਕੇ ਕੁਝ ਕਰ ਰਿਹਾ ਹਾਂ, ਤੁਹਾਡੇ ਲਈ ਕਰ ਰਿਹਾ ਹਾਂ ਤਾਂ ਫਲ ਤੁਹਾਨੂੰ ਮਿਲੇਗਾ, ਮੇਰੇ ਕਰਮ ਦਾ ਫਲ ਤੁਹਾਨੂੰ ਮਿਲੇਗਾ। ਮਾਨਵਤਾ ਲਈ ਕਰਮ ਕਰੋ, ਮਾਨਵਤਾ ਨੂੰ ਕਰਮ ਫਲ ਦਿਓ, ਇਹੋ ਹੀ ਇਕੋ ਇਕ ਸਾਧਨ ਹੈ ਜਿਸ ਨਾਲ ਤੁਸੀਂ ਕਰਮ ਬੰਧਨ ਤੋਂ ਮੁਕਤ ਹੋ ਸਕਦੇ ਹੋ।

ਤਿਆਗੀ ਸੰਸਕ੍ਰਿਤ ਦਾ ਸ਼ਬਦ ਹੈ, ਇਹ ਉਸ ਲਈ ਵਰਤਿਆ ਜਾਂਦਾ ਹੈ ਜਿਹੜਾ ਕਰਮਾਂ ਦੇ ਫਲ ਦਾ ਤਿਆਗ ਕਰਦਾ ਹੈ। ਕਰਮ ਨਹੀਂ ਤਿਆਗਦਾ, ਕਰਮ ਕਰਦਾ ਹੈ, ਕਰਮਾਂ ਦੇ ਫਲ ਦਾ ਤਿਆਗ ਕਰਦਾ ਹੈ। ਸੰਸਾਰ ਵਿਚ ਰਹਿੰਦਿਆਂ ਕਰਮ ਕਰੋ, ਜੁਗਤੀ ਨਾਲ ਕਰਮ ਕਰੋ, ਨਿਸ਼ਕਾਮ ਕਰਮ ਕਰੋ। ਨਿਰਲੇਪ ਹੋਣ ਤੋਂ ਨਿਸ਼ਕਾਮ ਤੋਂ ਭਾਵ ਇਹ ਨਹੀਂ ਕਿ ਪਿਆਰ ਨਹੀਂ ਕਰਨਾ ਇਸ ਤੋਂ ਭਾਵ ਇਹ ਵੀ ਨਹੀਂ ਕਿ ਵਿਰਕਤ ਹੋ ਜਾਓ, ਬੇਲਾਗ ਹੋ ਜਾਓ, ਇਕੱਲੇ ਹੋਣ ਦਾ ਭਾਵ ਨਹੀਂ ਹੈ। ਇਸ ਦਾ ਭਾਵ ਹੈ ਪਿਆਰ ਨਾਲ ਕਰਮ ਕਰਨੇ, ਤੁਹਾਨੂੰ ਆਪਣੇ ਜੀਵਨ ਨੂੰ ਅਸ਼ਾਂਤ ਨਹੀਂ ਕਰਨਾ ਚਾਹੀਦਾ, ਬੇਚੈਨ ਨਹੀਂ ਕਰਨਾ ਚਾਹੀਦਾ, ਜਦੋਂ ਤੁਸੀਂ ਸੁਆਰਥੀ ਹੋ ਕੇ ਕਰਮ ਕਰਦੇ ਹੋ, ਮੋਹ ਵਿਚ ਆ ਕੇ ਕਰਮ ਕਰਦੇ ਹੋ, ਉਹ ਤੁਹਾਡੇ ਦੁਖ ਦਾ ਸੰਤਾਪ ਦਾ ਕਾਰਣ ਬਣਦੇ ਹਨ। ਸੁਆਰਥੀ ਹੋ ਕੇ ਜੀਣ ਲਈ ਜੀਵਨ ਨਹੀਂ ਹੈ, ਜੀਵਨ ਬਹੁਤ ਛੋਟਾ ਹੈ, ਅਸੀਂ ਉਸ ਤਰ੍ਹਾਂ ਹੀ ਜੀਵਨ ਦਾ ਬਹੁਤ ਸਾਰਾ ਭਾਗ ਖਾਣ ਵਿਚ, ਸੌਣ ਵਿਚ, ਗੱਲਾਂਬਾਤਾਂ ਵਿਚ ਗੁਆ ਦਿੰਦੇ ਹਾਂ, ਸਰੀਰ ਦੀ ਕਿਰਿਆ ਕਰਨ ਵਿਚ ਲਾ ਦਿੰਦੇ ਹਾਂ। ਸਾਨੂੰ ਜੀਵਨ ਨੂੰ ਸਹਿਜ ਨਾਲ ਜੀਣਾ ਸਿੱਖਣਾ ਚਾਹੀਦਾ ਹੈ ਪਰ ਨਾਲ ਹੀ ਆਪਣੀਆਂ ਡਿਊਟੀਆਂ ਪੂਰੀ ਤਰ੍ਹਾਂ ਨਾਲ ਸਥਿਰ ਹੋ ਕੇ ਗੰਭੀਰਤਾ ਨਾਲ ਕਰਨੀਆਂ ਚਾਹੀਦੀਆਂ ਹਨ, ਪਿਆਰ ਨਾਲ, ਜੁਗਤੀ ਨਾਲ ਨਿਰਲੇਪ ਹੋ ਕੇ ਕਰਨੀਆਂ ਚਾਹੀਦੀਆਂ ਹਨ।

ਕਰਮ ਨਹੀਂ ਸਾਨੂੰ ਬੰਨ੍ਹਦੇ, ਬੰਨ੍ਹਦੇ ਹਨ ਕਰਮਾਂ ਦੇ ਫਲ। ਇਕ ਪੁਲਿਸ ਦੇ ਕਰਮਚਾਰੀ ਦੀ ਤਰ੍ਹਾਂ ਪਕੜਦੇ ਹਨ। ਸਜ਼ਾ ਨਹੀਂ ਦਿੰਦੇ, ਕਰਮਾਂ ਦੇ ਫਲ ਸਾਨੂੰ ਦੰਡ ਦਿੰਦੇ ਹਨ। ਸਾਡੀ ਇੱਛਾ ਨੂੰ ਪ੍ਰੇਰਨਾ ਦੇਣ ਵਾਲੀ ਹੈ ਸਾਡੇ ਕਰਮਾਂ ਦੇ ਫਲ, ਇਸ ਕਰਕੇ ਕਰਮਾਂ ਦੇ ਫਲ ਨੂੰ ਸਾਂਭੋ ਨਹੀਂ ਉਸ ਨੂੰ ਬਚਾ ਕੇ ਨਾ ਰੱਖੋ, ਕਰਮਾਂ ਦੇ ਫਲ ਨੂੰ ਸਾਂਭ ਕੇ ਬਚਾ ਕੇ ਰੱਖਣ ਨਾਲ ਹੀ ਈਰਖਾ, ਨਫਰਤ, ਅਹੰਕਾਰ ਇਹ ਸਭ ਕੁਝ ਪੈਦਾ ਹੁੰਦਾ ਹੈ।

ਸਾਨੂੰ ਜੀਵਨ ਵਿਚ ਸੰਤੁਸ਼ਟੀ ਨਹੀਂ ਦੇਖਣੀ ਚਾਹੀਦੀ, ਸਾਨੂੰ ਸੰਤੋਖ ਰੱਖਣਾ ਚਾਹੀਦਾ ਹੈ, ਸਬਰ, ਸੰਤੋਖ। ਜੇ ਅਸੀਂ ਸੰਤੁਸ਼ਟੀ ਦੇਖਾਂਗੇ ਉਹ ਤਾਂ ਕਦੀ ਹੋ ਹੀ ਨਹੀਂ ਸਕਦੀ ਜਿਸ ਕਰਕੇ ਅੰਤ ਵਿਚ ਅਸੀਂ ਮੁਕਤ ਹੋਣਾ ਛੁਟਣਾ ਚਾਹੁੰਦੇ ਹਾਂ। ਅਸੀਂ ਜੀਵਨ ਦੇ ਉਸ ਮੋੜ ਤੋਂ ਲੰਘ ਰਹੇ ਹਾਂ ਜਿਥੇ ਅਸੀਂ ਆਪਣੇ ਕਰਮ ਡੀਊਟੀ ਸਮਝ ਕੇ ਕਰਨੇ ਹਨ। ਅਸੀਂ ਕਰਮ ਕੀਤੇ ਬਿਨਾਂ ਰਹਿ ਹੀ ਨਹੀਂ ਸਕਦੇ, ਕਰਮ ਤਾਂ ਕਰਨੇ ਹੀ ਹਨ ਪਰ ਕਰਮਾਂ ਨੂੰ ਜੁਗਤੀ ਨਾਲ ਕੀਤਿਆਂ ਨਿਸ਼ਕਾਮ ਕਰਮ ਕੀਤਿਆਂ ਪਿਆਰ ਨਾਲ ਕਰਕੇ ਅਸੀਂ ਮੋਹ ਤੋਂ ਮੁਕਤ ਹੋ ਸਕਦੇ ਹਾਂ ਪਰ ਇਸ ਤੋਂ ਭਾਵ ਬੇਲਾਗ ਹੋਣਾ ਨਹੀਂ ਵਿਰਕਤ ਹੋਣਾ ਨਹੀਂ ਕਿਉਂਕਿ ਬੇਲਾਗ ਹੋਣਾ ਵਿਰਕਤ ਹੋਣ ਤੋਂ ਭਾਵ ਹੈ ਪਲਾਇਨ, ਛੁਟਕਾਰਾ ਪਾਉਣਾ। ਸਾਨੂੰ ਆਪਣੀਆਂ ਸਮੱਸਿਆ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ, ਜੇ ਅਸੀਂ ਉਨ੍ਹਾਂ ਦਾ ਸਾਮ੍ਹਣਾ ਨਾ ਕਰ ਸਕੀਏ ਸਾਨੂੰ ਛੁਟਕਾਰਾ ਪਾ ਲੈਣਾ ਚਾਹੀਦਾ ਹੈ। ਨਿਸ਼ਕਾਮ ਹੋ ਕੇ ਕਰਮ ਕਰਨ ਤੋਂ ਭਾਵ ਹੈ ਸਹਿਜ ਵਿਚ ਕਰਮ ਕਰਨੇ, ਸੰਤੁਲਨ ਵਿਚ ਕਰਮ ਕਰਨੇ, ਸਮਾਚਿਤ ਹੋ ਕੇ ਕਰਮ ਕਰਨੇ, ਖਾਸ ਤੌਰ ਤੇ ਉਦੋਂ ਜਦੋਂ ਅਸੀਂ ਕਰਮਾਂ ਦਾ ਫਲ ਲੈਂਦੇ ਹਾਂ, ਇਹ ਹੀ ਸਾਡੀ ਕਸਵੱਟੀ ਹੈ, ਅਸੀਂ ਜਾਂ ਤਾਂ ਆਪਣੇ ਆਪ ਨੂੰ ਬੰਨ੍ਹ ਲੈਂਦੇ ਹਾਂ ਉਦੋਂ ਜਦੋਂ ਅਸੀਂ ਕਰਮਾਂ ਦਾ ਫਲ ਸਵੀਕਾਰ ਕਰਦੇ ਹਾਂ ਜਾਂ ਅਸੀਂ ਉਨ੍ਹਾਂ ਨੂੰ ਲੈਣ ਤੋਂ ਮਨਾ ਕਰ ਦਿੰਦੇ ਹਾਂ। ਨਿਸ਼ਕਾਮ ਹੋ ਕੇ, ਨਿਰਲੇਪ ਹੋ ਕੇ ਅਸੀਂ ਜਾਣ ਜਾਂਦੇ ਹਾਂ ਕਿ ਵਾਸਤਵ ਵਿਚ ਅਨੰਦ ਉਹ ਹੀ ਹੈ, ਖੁਸ਼ੀ ਉਹ ਹੀ ਹੈ ਜਦੋਂ ਅਸੀਂ ਫਲ ਪ੍ਰਮਾਤਮਾ ਨੂੰ ਅਰਪਣ ਕਰਦੇ ਹਾਂ, ਅਸੀਂ ਮਾਨਵਤਾ ਲਈ ਕਰਮ ਕਰਕੇ ਸੇਵਾ ਕਰਕੇ ਫਲ ਪ੍ਰਮਾਤਮਾ ਨੂੰ, ਮਾਨਵਤਾ ਨੂੰ ਦਿੰਦੇ ਹਾਂ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ***
***ਕਹੁ ਨਾਨਕ ਬਾਹ ਲੁਡਾਈਐ॥***

ਉਪਨਿਸ਼ਦਾਂ ਵਿਚ ਦਸਿਆ ਗਿਆ ਹੈ ਜਿਹੜੇ ਕਰਮ ਬੰਧਨ ਤੋਂ ਮੁਕਤ ਕਰਦੇ ਹੋਣ, ਉਹ ਕਦੀ ਵੀ ਨਹੀਂ ਛੱਡਣੇ ਚਾਹੀਦੇ।

ਜੀਵਨ ਦਾ ਅਰਥ ਸਮਝੋ। ਖਾਣਾ ਪੀਣਾ, ਸੌਣਾ ਤੇ ਹੋਰ ਰੋਜ਼ ਦੇ ਕਾਰਜ ਕਰਨੇ, ਜੀਵਨ ਦੇ ਅਰਥ ਨਾ ਸਮਝਣੇ ਇਹ ਤਾਂ ਕੇਵਲ ਜਾਨਵਰਾਂ ਦਾ ਜੀਵਨ ਹੈ। ਮਨੁੱਖ ਦੀ ਜੂਨ ਵਿਚ ਆ ਕੇ ਜੀਵਨ ਮਨੋਰਥ ਨੂੰ ਜਾਨਣਾ ਅਵੱਸ਼ਕ ਹੈ। ਮਨੋਰਥ ਹੈ, ਮੁਕਤੀ ਸੁਤੰਤਰਤਾ, ਮੁਕਤੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਨਿਰਲਿਪਤ ਹੋ ਕੇ ਨਿਸ਼ਕਾਮ ਕਾਰਜ ਕਰਕੇ। ਜੀਵਨ ਦੀ ਕੋਈ ਸਮੱਸਿਆ ਕੋਈ ਔਕੜ ਵੀ ਮੁਕਤੀ ਦਾ ਕਾਰਣ ਮੁਕਤੀ ਦਾ ਰਾਹ ਬਣ ਸਕਦੀ ਹੈ। ਜੋ ਕੁਝ ਵੀ ਤੁਹਾਨੂੰ ਕਸ਼ਟ ਦਿੰਦਾ ਹੈ, ਦੁੱਖ ਦਿੰਦਾ ਹੈ ਉਹ ਤੁਹਾਨੂੰ ਮੁਕਤ ਹੋਣ ਦਾ ਗਿਆਨ ਵੀ ਦਿੰਦਾ ਹੈ। ਸੰਸਾਰਕ ਵਸਤਾਂ ਨਹੀਂ ਸੰਸਾਰਕ ਚੀਜ਼ਾਂ ਨਹੀਂ ਸਾਡਾ ਆਪਣਾ ਰਵਈਆ ਸਾਡੀ ਆਪਣੀ ਰੁਚੀ ਹੀ ਸਾਡੇ ਸੁਖ ਦੁਖ ਦਾ

ਕਾਰਣ ਹੈ। ਸੰਸਕ੍ਰਿਤ ਦਾ ਸ਼ਬਦ ਹੈ 'ਦਵੰਦ' ਜਿਸ ਦਾ ਭਾਵ ਹੈ, ਕਦੀ ਵੀ ਵੱਖਰੇ ਨਾ ਹੋਣ ਵਾਲੇ ਵਿਪਰੀਤ, ਇਸ ਗੱਲ ਦਾ ਕੋਈ ਅਰਥ ਨਹੀਂ ਕਿ ਸਾਨੂੰ ਕੀ ਸੁਖਦਾਈ ਹੈ ਕੀ ਦੁਖਦਾਈ ਹੈ, ਕਿਹੜਾ ਅਨੁਭਵ ਸੁਖ ਦਿੰਦਾ ਹੈ, ਕਿਹੜਾ ਦੁਖ। ਭਾਵ ਹੈ ਕਿ ਦੋਨੋਂ ਹੀ ਬੰਧਨ ਹਨ, ਹਰ ਅਵਸਥਆ ਵਿਚ ਦੋਨਾਂ ਵਿਚੋਂ ਇਕ ਦਾ ਹੋਣਾ ਜ਼ਰੂਰੀ ਹੈ ਇਕ ਤਾਂ ਹੁੰਦਾ ਹੀ ਹੈ ਹਰ ਅਨੁਭਵ ਵਿਚ ਜਾਂ ਦੁਖ ਹੈ ਸੁਖ ਹੈ। ਸਾਨੂੰ ਚਾਹੀਦਾ ਹੈ ਜੋ ਕੁਝ ਵੀ ਸਾਨੂੰ ਸੁਖ ਜਾਂ ਦੁਖ ਦਿੰਦਾ ਹੈ ਅਸੀਂ ਉਸ ਨੂੰ ਬਦਲ ਸਕੀਏ ਉਸ ਦਾ ਰੂਪਾਂਤਰ ਕਰ ਸਕੀਏ। ਸਾਨੂੰ ਚਾਹੀਦਾ ਹੈ ਅਸੀਂ ਇਨ੍ਹਾਂ ਅਨੁਭਵਾਂ ਨੂੰ ਆਪਣੇ ਆਤਮ ਮਾਰਗ ਦੇ ਰਾਹ ਤੇ ਸਿਰਜਨਾਤਮਕ ਤਰੀਕੇ ਨਾਲ ਵਰਤ ਸਕੀਏ, ਇਨ੍ਹਾਂ ਤੋਂ ਅਸ਼ਾਂਤ ਨਾ ਹੋਈਏ।

ਇਨ੍ਹਾਂ ਅਨੁਭਵਾਂ ਨੂੰ ਪ੍ਰੀਵਰਤਨ ਕਰਨ ਲਈ ਸਾਨੂੰ ਚਾਹੀਦਾ ਹੈ ਅਸੀਂ ਸਬਰ, ਸੰਤੋਖ ਤੋਂ ਕੰਮ ਲਈਏ, ਮੰਦ ਭਾਗੇ ਹਨ ਪੱਛਮ ਵਾਲੇ ਜਿਨ੍ਹਾਂ ਕੋਲ ਸਬਰ ਨਹੀਂ, ਸੰਤੋਖ ਨਹੀਂ, ਧੀਰਜ ਨਹੀਂ। ਧੀਰਜ ਸਹਿਨਸ਼ੀਲਤਾ ਕਿਸੇ ਵੀ ਔਕੜ ਨੂੰ ਸਹਾਇਕ ਬਣਾ ਸਕਦੀ ਹੈ। ਇਕ ਛੋਟੀ ਜਿਹੀ ਚਿੰਗਾੜੀ ਨੂੰ ਜਿਹੜੀ ਹਵਾ ਬੁਝਾ ਸਕਦੀ ਹੈ, ਉਹ ਹੀ ਹਵਾ ਇਕ ਚਿੰਗਾੜੀ ਤੋਂ ਜੰਗਲ ਵਿਚ ਅੱਗ ਵੀ ਲਗਾ ਸਕਦੀ ਹੈ।

ਸੰਸਕ੍ਰਿਤ ਵਿਚ ਜਿਸਨੂੰ ਨਿਸ਼ਕਾਮ ਕਰਮ ਕਿਹਾ ਜਾਂਦਾ ਹੈ ਉਸ ਤੋਂ ਭਾਵ ਹੈ 'ਨਿਸੁਆਰਥ ਹੋ ਕੇ ਜੁਗਤ ਨਾਲ ਇੱਛਾ ਰਹਿਤ ਪਿਆਰ।' ਨਿਸ਼ਕਾਮ ਕਰਮ ਨਾਲ ਹੀ ਅਸੀਂ ਔਕੜਾਂ ਤੋਂ ਮੁਕਤ ਹੋ ਸਕਦੇ ਹਾਂ, ਕਰਮਾਂ ਦੀ ਰੱਸੀ ਤੋਂ ਛੁਟਕਾਰਾ ਪਾ ਸਕਦੇ ਹਾਂ। ਜਦੋਂ ਆਪਾ ਚੀਨ ਲਿਆ ਹੋਵੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਜਾਣ ਲਿਆ ਹੋਵੇ ਆਪਣਾ ਵਿਸ਼ਲੇਸ਼ਨ ਕਰ ਲਿਆ ਹੋਵੇ ਫੇਰ ਭਾਵੇਂ ਅਸੀਂ ਮੱਠ ਵਿਚ ਆਸ਼ਰਮ ਵਿਚ ਜਾ ਕੇ ਰਹਿ ਸਕਦੇ ਹਾਂ। ਸਾਨੂੰ ਆਪਾ ਚੀਨਣਾ ਹੀ ਚਾਹੀਦਾ ਹੈ ਸਾਨੂੰ ਆਪਣੀ ਯੋਗਤਾ ਨਾਲ ਆਪਾ ਚੀਨਣਾ ਚਾਹੀਦਾ ਹੈ। ਸਾਨੂੰ ਆਪਣੇ ਵਿਵੇਕ ਨਾਲ ਗਿਆਨ ਨਾਲ ਆਪਾ ਚੀਨਣਾ ਚਾਹੀਦਾ ਹੈ। ਸਾਨੂੰ ਆਪਣੀ ਅਸੰਤੁਸ਼ਟੀ ਦਾ ਗਿਆਨ ਹੋਣਾ ਚਾਹੀਦਾ ਹੈ, ਅੱਜ ਦੀ ਅਵਸਥਾ ਵਿਚ ਅਸੀਂ ਕਿਨ੍ਹਾਂ ਕਾਰਣਾ ਕਰਕੇ ਅਸੰਤੁਸ਼ਟ ਹਾਂ, ਸਾਨੂੰ ਕਿਸ ਚੀਜ਼ ਦਾ ਡਰ ਹੈ ਭਵਿੱਖ ਵਿਚ ਕਿਹੜੇ ਕਾਰਣ ਕਿਨ੍ਹਾਂ ਗੱਲਾਂ ਤੋਂ ਅਸੀਂ ਡਰਦੇ ਹਾਂ। ਸਾਨੂੰ ਆਪਣੇ ਕਰਮਾਂ ਤੋਂ ਦੂਰ ਨਹੀਂ ਹੋਣਾ ਚਾਹੀਦਾ, ਦੌੜਨਾ ਨਹੀਂ ਚਾਹੀਦਾ। ਆਪਣੀ ਡਿਊਟੀ ਤੋਂ ਨਹੀਂ ਦੌੜਨਾ ਚਾਹੀਦਾ। ਜਦੋਂ ਅਸੀਂ ਦੂਸਰਿਆਂ ਲਈ ਕੁਝ ਵੀ ਕਰਦੇ ਹਾਂ ਉਸ ਸਮੇਂ ਅਸੀਂ ਪ੍ਰਮਾਤਮਾ ਦੀ ਪੂਜਾ ਹੀ ਕਰ ਰਹੇ ਹੁੰਦੇ ਹਾਂ, ਅਸੀਂ ਸਾਕਸ਼ਾਤ ਪ੍ਰਮਾਤਮਾ ਨੂੰ ਧਿਆ ਰਹੇ ਹੁੰਦੇ ਹਾਂ, ਉਸ ਦੀ ਸੇਵਾ ਕਰ ਰਹੇ ਹੁੰਦੇ ਹਾਂ। ਕਰਮ ਕਰਦਿਆਂ ਪਹਿਲਾਂ ਪ੍ਰਮਾਤਮਾ ਫੇਰ ਮਨੁੱਖ, ਕਰਮ ਕਰਦਿਆਂ ਇਹ ਹੀ ਦਰਜਾ ਹੈ ਪਹਿਲਾਂ ਪ੍ਰਮਾਤਮਾ ਫੇਰ ਮਨੁੱਖ।

ਸਾਨੂੰ ਛੇਤੀ ਨਾਲ ਅਨੁਭਵ ਤੋਂ ਪਾਰ ਜਾਣ ਵਿਚ ਕਾਹਲ ਨਹੀਂ ਕਰਨੀ ਚਾਹੀਦੀ। ਸਭ ਤੋਂ ਪਹਿਲਾਂ ਸਾਨੂੰ ਕਾਰਜ ਕਰਨੇ ਸਿੱਖਣੇ ਚਾਹੀਦੇ ਹਨ। ਉਸ ਤੋਂ ਬਾਅਦ ਹੀ ਅਸੀਂ ਉਨ੍ਹਾਂ ਤੋਂ ਪਾਰ ਜਾ ਸਕਦੇ ਹਾਂ। ਨਿਸ਼ਕਾਮ ਕਰਮ ਕਰਕੇ ਅਸੀਂ ਆਪਾ ਚੀਨਣ ਦਾ ਗਿਆਨ ਪ੍ਰਾਪਤ ਕਰਦੇ ਹਾਂ, ਸਤਿ ਦੀ ਪ੍ਰਾਪਤੀ ਕਰਦੇ ਹਾਂ ਫੇਰ ਹੀ ਅਸੀਂ ਗੁਰ ਕ੍ਰਿਪਾ ਲਈ ਤਿਆਰ ਹੁੰਦੇ ਹਾਂ। ਕ੍ਰਿਪਾ ਇਕ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕ੍ਰਿਪਾਲਤਾ, ਦਿਆਲਤਾ, ਪ੍ਰਭੂ ਕ੍ਰਿਪਾ ਪਰ ਕ੍ਰਿਪਾ ਤੁਹਾਡੇ ਕੀਤੇ ਤੇ ਹੁੰਦੀ ਹੈ ਜੋ ਤੁਸੀਂ ਕਰਦੇ ਹੋ ਉਸ ਤੇ ਕ੍ਰਿਪਾ ਹੁੰਦੀ ਹੈ। ਬਿਨ੍ਹਾਂ ਕੁਝ ਕੀਤੇ ਕ੍ਰਿਪਾ ਨਹੀਂ ਹੁੰਦੀ, ਤੁਹਾਨੂੰ ਕੁਝ ਕਰਨਾ ਪੈਂਦਾ ਹੈ। ਜੌਨ ਨੂੰ ਅਗਮ ਗਿਆਨ ਉਦੋਂ ਹੀ ਹੋਇਆ ਜਦੋਂ ਉਸ ਨੇ ਲੰਮੇ ਸਮੇਂ ਤਕ ਧਿਆਨ ਲਗਾ ਲਿਆ ਸੀ, ਭਜਨ ਸਿਮਰਨ ਕਰ ਲਿਆ ਸੀ ਲੰਮੇ ਸਮੇਂ ਤਕ ਮੈਡੀਟੇਸ਼ਨ ਕਰ ਲਈ ਸੀ। ਉਸ ਨੂੰ ਕੋਈ ਅੰਨੇਵਾਹ ਨਹੀਂ ਚੁਣਿਆ ਗਿਆ ਸੀ। ਜਦੋਂ ਤੁਸੀਂ ਆਪਣੇ ਕਰਮ ਜੁਗਤੀ ਨਾਲ ਕਰ ਲੈਂਦੇ ਹੋ, ਕ੍ਰਿਪਾ ਹੋ ਹੀ ਜਾਂਦੀ ਹੈ। ਕ੍ਰਿਪਾ ਕੋਈ ਨਿਯਮ ਤੋਂ ਬਾਹਰ ਨਹੀਂ, ਵਾਸਤਵ ਵਿਚ ਕ੍ਰਿਪਾ ਨਿਯਮ ਬਧ ਹੈ, ਸਿਧਾਂਤਾਂ ਦੇ ਅਨੁਸਾਰ ਹੈ। ਜੇ ਸੂਰਜ ਦੀ ਗਰਮੀ ਤੁਹਾਨੂੰ ਬਹੁਤ ਤੰਗ ਕਰ ਰਹੀ ਹੈ, ਤੁਸੀਂ ਚਾਹੁੰਦੇ ਹੋ ਕਿ ਕੋਈ ਕੌਤਕ ਵਰਤ ਜਾਏ ਛਾਂ ਹੋ ਜਾਵੇ, ਇਸ ਤਰ੍ਹਾਂ ਨਹੀਂ ਹੋ ਸਕਦਾ ਪਰ ਜੇ ਤੁਸੀਂ ਧੀਰਜ ਨਾਲ ਕੰਮ ਕਰੋਗੇ, ਮਿਹਨਤ ਨਾਲ ਕੰਮ ਕਰੋਗੇ, ਮਨ ਮਾਰ ਕੇ ਕੰਮ ਕਰੋਗੇ ਤਾਂ ਤੁਸੀਂ ਇਕ ਦਰਖਤ ਲਗਾ ਸਕਦੇ ਹੋ ਜਿਹੜਾ ਵੱਡਾ ਹੋ ਕੇ ਤੁਹਾਨੂੰ ਛਾਂ ਦੇ ਸਕਦਾ ਹੈ। ਹਾਂ ਇਕ ਗੱਲ ਵੱਖਰੀ ਹੈ ਕਿ ਦੂਸਰਿਆਂ ਨੂੰ ਇਹ ਛਾਂ ਇਕ ਕੌਤਕ ਹੀ ਲੱਗੇ ਪਰ ਤੁਸੀਂ ਇਹ ਜਾਣਦੇ ਹੋ ਕਿ ਤੁਸੀਂ ਕਿੰਨੀ ਮਿਹਨਤ ਕੀਤੀ ਹੈ, ਕਿੰਨੀ ਤਿਆਰੀ ਕੀਤੀ ਹੈ, ਇਹ ਹੀ ਹੈ ਕ੍ਰਿਪਾ। ਜੁਗਤੀ ਨਾਲ ਨਿਯਮਬੱਧ ਹੋ ਕੇ ਕਰਮ ਕੀਤੇ ਤੁਹਾਨੂੰ ਕਰਮ ਬੰਧਨਾਂ ਤੋਂ ਛੁਟਕਾਰਾ ਦੁਆ ਸਕਦਾ ਹੈ। ਇਹ ਸਭ ਕੁਝ ਤੁਸੀਂ ਨਿਰਲੇਪ ਹੋ ਕੇ ਪ੍ਰਾਪਤ ਕਰਦੇ ਹੋ ਭਾਵ ਪਿਆਰ ਕਰਕੇ ਪ੍ਰਾਪਤ ਕਰਦੇ ਹੋ, ਪਿਆਰ ਕਰਕੇ ਯਾਦ ਰਹੇ ਪਿਆਰ ਕਰਕੇ ਉਦਾਸੀਨ ਹੋ ਕੇ। ਨਿਰਲੇਪ ਹੋ ਕੇ ਜੀਵਨ ਇਕ ਸੰਗੀਤ ਬਣ ਜਾਂਦਾ ਹੈ। ਇਕ ਕਵਿਤਾ ਬਣ ਜਾਂਦੀ ਹੈ ਪਰ ਇਸ ਲਈ ਲੋੜ ਹੈ ਧੀਰਜ ਦੀ, ਸ਼ਹਿਨਸ਼ੀਲਤਾ

ਦੀ, ਸਾਹਸ ਦੀ ਹੌਂਸਲੇ ਦੀ।

ਆਓ, ਅਸੀਂ ਇਕ ਬ੍ਰਹਮਗਿਆਨੀ ਦਾ ਉਦਾਹਰਣ ਲਈਏ, ਬ੍ਰਹਮਗਿਆਨੀ ਬਿਲਕੁਲ ਉਸ ਤਰ੍ਹਾਂ ਹੈ ਜਿਵੇਂ ਇਕ ਰੁਖ ਫਲਾਂ ਨਾਲ ਲੱਦਿਆ ਹੋਵੇ, ਜੇ ਤੁਸੀਂ ਫਲਾਂ ਨਾਲ ਲੱਦੇ ਰੁਖ ਦੇ ਪੱਥਰ ਮਾਰੋਗੇ ਉਹ ਤੁਹਾਨੂੰ ਕੀ ਦੇਵੇਗਾ? ਫਲ। ਇਸ ਤਰ੍ਹਾਂ ਹੀ ਬ੍ਰਹਮਗਿਆਨੀ ਹੈ, ਤੁਸੀਂ ਜੋ ਕੁਝ ਵੀ ਬ੍ਰਹਮਗਿਆਨੀ ਨਾਲ ਕਰੋ, ਬ੍ਰਹਮਗਿਆਨੀ ਤੁਹਾਨੂੰ ਚੰਗਾ ਦੇਖੇਗਾ, ਚੰਗਾ ਕਰੇਗਾ, ਤੁਹਾਡਾ ਭਲਾ ਹੀ ਕਰੇਗਾ। ਦੂਸਰੇ ਪਾਸੇ ਤੁਹਾਨੂੰ ਮਾੜੇ ਬੰਦੇ ਤੋਂ ਸਦਾ ਹੀ ਬਚ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਉਹ ਤੁਹਾਨੂੰ ਕਿਸੇ ਸਮੇਂ ਵੀ ਨੁਕਸਾਨ ਪਹੁੰਚਾ ਸਕਦਾ ਹੈ, ਤੁਹਾਡਾ ਬੁਰਾ ਕਰ ਸਕਦਾ ਹੈ। ਜਦੋਂ ਬ੍ਰਹਮਗਿਆਨੀ ਤੁਹਾਡੇ ਨਾਲ ਗੁੱਸੇ ਹੁੰਦਾ ਹੈ ਉਹ ਪਿਆਰ ਵਿਚ ਗੁੱਸੇ ਹੁੰਦਾ ਹੈ, ਤੁਹਾਡੇ ਭਲੇ ਲਈ ਗੁੱਸਾ ਕਰਦਾ ਹੈ, ਤੁਹਾਡੀ ਤਰੱਕੀ ਲਈ ਗੁੱਸਾ ਕਰਦਾ ਹੈ ਉਹ ਚਾਹੁੰਦਾ ਹੈ ਉਸ ਦਾ ਸ਼ਿਸ਼ ਜਗਿਆਸੂ ਅੱਗੇ ਵਧੇ ਵਧੇਰੇ ਤਰੱਕੀ ਕਰੇ, ਜਦੋਂ ਵੀ ਬ੍ਰਹਮਗਿਆਨੀ ਗੁੱਸਾ ਕਰੇਗਾ। ਉਹ ਤੁਹਾਨੂੰ ਆਤਮ ਮਾਰਗ ਦੀ ਅਗਲੀ ਪੌੜੀ ਤੇ ਲੈ ਕੇ ਜਾਏਗਾ। ਤੁਸੀਂ ਇਹ ਸਿੱਖੋ ਕਿ ਜਦੋਂ ਵੀ ਕੋਈ ਔਕੜ ਆਏ, ਉਸਨੂੰ ਰੁਕਾਵਟ ਨਾ ਸਮਝੋ, ਉਸ ਨਾਲ ਸਿਝਣਾ ਸਿੱਖੋ, ਉਸ ਤੋਂ ਸਿੱਖੋ ਕਿ ਕਿਸ ਕਰਕੇ ਆਈ ਤੁਹਾਨੂੰ ਕੀ ਸਿਖਾਉਣਾ ਚਾਹ ਰਹੀ ਹੈ। ਔਕੜਾਂ ਨੂੰ ਧੀਰਜ ਤੇ ਬਹਾਦਰੀ ਨਾਲ, ਹੌਂਸਲੇ ਨਾਲ ਬਦਲੋ ਝੇਲੋ, ਉਨ੍ਹਾਂ ਦਾ ਮੁਕਾਬਲਾ ਕਰੋ। ਜਿਹੜੀਆਂ ਔਕੜਾਂ ਆਉਂਦੀਆਂ ਹਨ ਉਨ੍ਹਾਂ ਨੂੰ ਜੀ ਆਇਆਂ ਕਹੋ ਉਨ੍ਹਾਂ ਦਾ ਮੁਕਾਬਲਾ ਖਿੜੇ ਮੱਥੇ ਕਰੋ। ਜਦੋਂ ਤੁਸੀਂ ਇਸ ਤਰ੍ਹਾਂ ਕਰਨ ਲਗ ਪਵੋ ਤੁਹਾਡੇ ਜੀਵਨ ਦੇ ਸਾਰੇ ਅਨੁਭਵ ਬਿਲਕੁਲ ਇਸ ਤਰ੍ਹਾਂ ਹੀ ਲੱਗਣਗੇ ਜਿਵੇਂ ਬ੍ਰਹਮਗਿਆਨੀ ਦੇ ਅਨੁਭਵ ਹੋਣ ਉਸੇ ਦੀ ਹੀ ਪ੍ਰਤੀਕ੍ਰਿਆ ਹੋਵੇ, ਉਹ ਬ੍ਰਹਮਗਿਆਨੀ ਜਿਹੜਾ ਤੁਹਾਡੇ ਆਤਮ ਮਾਰਗ ਦਾ ਉਹ ਪਾਂਧੀ ਹੈ ਜਿਹੜਾ ਤੁਹਾਡੇ ਅੱਗੇ ਅੱਗੇ ਤੁਰ ਕੇ ਆਪਣੀ ਸੁਚੀ ਪੈੜ ਤੁਹਾਡੇ ਲਈ ਛੱਡ ਰਿਹਾ ਹੈ ਤਾਂ ਜੋ ਤੁਸੀਂ ਸੁਰਖਿਅਤ ਉਸ ਪੈੜ ਤੇ ਤੁਰ ਸਕੋ ਤੇ ਅੱਗੇ-ਅੱਗੇ ਵਧਦੇ ਚਲੇ ਜਾਓ।

ਜੀਵਨ ਦੀਆਂ ਔਕੜਾਂ, ਮੁਕਾਬਲੇ, ਦੁਖ ਇਨ੍ਹਾਂ ਸਭ ਨੂੰ ਪੜਤਾਲਣ ਲਈ ਕਿਸ ਚੀਜ਼ ਦੀ ਲੋੜ ਹੈ? ਕੀ ਚਾਹੀਦਾ ਹੈ ਤਾਂ ਜੋ ਉਹ ਕਰਕੇ ਮੁਕਤੀ ਪ੍ਰਾਪਤ ਕੀਤੀ ਜਾ ਸਕੇ। ਸੋਲਵੀਂ ਸਦੀ ਦੇ ਇਕ ਮਹਾਂਪੁਰਖ ਤੁਲਸੀਦਾਸ ਜੋ ਕਿ ਇਕ ਬ੍ਰਹਮਗਿਆਨੀ ਸਨ ਉਨ੍ਹਾਂ ਨੇ ਚਾਰ ਗੱਲਾਂ ਦੱਸੀਆਂ ਹਨ ਜਿਹੜੀ ਉਹ ਦਸਦੇ ਹਨ ਕਿ ਤੁਸੀਂ ਲੋੜ ਪੈਣ ਤੇ ਦੇਖੋ ਉਨ੍ਹਾਂ ਨੂੰ ਪੜਤਾਲੋ ਉਹ ਹਨ - ਮਜ਼ਹਬ, ਦੋਸਤੀ, ਧੀਰਜ ਤੇ ਹੌਂਸਲਾ। ਜਦੋਂ ਇਹ ਲੱਗੇ ਕਿ ਕਿਸੇ ਔਕੜ ਨੇ, ਮੁਸ਼ਕਲ ਨੇ ਤੁਹਾਨੂੰ ਘੇਰ ਲਿਆ ਹੈ ਤਾਂ ਇਹ ਦੇਖੋ ਕਿ ਇਨ੍ਹਾਂ ਚਾਰਾਂ ਵਿਚੋਂ ਕਿਹੜੀ ਤੁਹਾਡੀ ਸਹਾਇਤਾ ਕਰ ਸਕਦੀ ਹੈ, ਤੁਹਾਡਾ ਮਜ਼ਹਬ, ਤੁਹਾਡਾ ਵਿਸ਼ਵਾਸ਼ ਤੁਹਾਨੂੰ ਛੱਡ ਜਾਏਗਾ, ਤੁਹਾਡੇ ਮਿਤ੍ਰ ਤੁਹਾਡੇ ਨੇੜੇ ਨਹੀਂ ਹੋਣਗੇ, ਪਰ ਤੁਹਾਡੇ ਕੋਲ ਕੀ ਹੋਏਗਾ, ਤੁਹਾਡੇ ਕੋਲ ਹੋਏਗਾ ਤੁਹਾਡਾ ਧੀਰਜ, ਤੁਹਾਡਾ ਹੌਂਸਲਾ, ਤੁਹਾਡਾ ਸਾਹਸ, ਤੁਹਾਡੀ ਹਿੰਮਤ ਇਹ ਹੀ ਤੁਹਾਡੇ ਸਹਾਈ ਹੋ ਸਕਦੇ ਹਨ ਤੇ ਇਹ ਹੀ ਤੁਹਾਡੇ ਸਹਾਈ ਹੋਣਗੇ। ਇਹ ਹੀ ਤੁਹਾਡੇ ਸਭ ਤੋਂ ਚੰਗੇ ਤੁਹਾਡੇ ਸੱਚੇ ਸੁੱਚੇ ਮਿੱਤਰ ਹਨ।

ਜੇ ਤੁਹਾਡੀਆਂ ਇਛਾਵਾਂ ਦੀ ਪੂਰਤੀ ਨਾ ਹੋ ਸਕੇ, ਤੁਸੀਂ ਕਿਸੇ ਚੀਜ਼ ਨੂੰ ਚਾਹੁੰਦੇ ਹੋ ਪਰ ਉਹ ਤੁਹਾਨੂੰ ਨਾ ਮਿਲ ਸਕੇ, ਤਾਂ ਸਮਝੋ ਉਸ ਦੇ ਨਾ ਹੋਣ ਵਿਚ ਤੁਹਾਡੀ ਹੀ ਕੋਈ ਭਲਾਈ ਹੈ, ਕੁਝ ਵੀ ਹੋ ਸਕਦਾ ਹੈ। ਹੋ ਸਕਦਾ ਹੈ ਤੁਹਾਨੂੰ ਉਸ ਤੋਂ ਵੀ ਚੰਗਾ ਕੁਝ ਮਿਲਣਾ ਹੋਵੇ ਜਾਂ ਜੇ ਤੁਹਾਡੀ ਇੱਛਾ ਪੂਰਣ ਹੋ ਜਾਂਦੀ ਹੈ। ਤੁਹਾਡਾ ਉਸ ਤੋਂ ਕੋਈ ਵੱਡਾ ਨੁਕਸਾਨ ਹੋ ਜਾਂਦਾ ਹੈ ਕੁਝ ਵੀ। ਧੀਰਜ ਰੱਖੋ। ਹਿੰਮਤ ਰੱਖੋ, ਸਾਹਸ ਰੱਖੋ, ਆਪਣੇ ਉਤੇ ਭਰੋਸਾ ਰੱਖੋ, ਨਿਰਲੇਪ ਰਹਿਣ ਦਾ ਨਿਰਲੇਪ ਹੋਣ ਦਾ ਅਭਿਆਸ ਕਰੋ। ਆਪਣੀ ਸ਼ੰਕਾ ਸੰਦੇਹ ਤੇ ਸ਼ੰਕਾ ਕਰਨ ਦਾ ਸਾਹਸ ਰੱਖੋ, ਇਸ ਤੋਂ ਪਹਿਲਾਂ ਕਿ ਤੁਸੀਂ ਦੂਸਰਿਆਂ ਤੇ ਸੱਕ ਕਰੋ, ਪਹਿਲਾਂ ਆਪਣੇ ਤੇ ਸ਼ੱਕ ਕਰੋ, ਆਪਣੀਆਂ ਊਣਤਾਈਆਂ ਦੇਖੋ ਉਨ੍ਹਾਂ ਨੂੰ ਜਾਣੋ, ਉਨ੍ਹਾਂ ਨੂੰ ਮੰਨੋ। ਇਨ੍ਹਾਂ ਊਣਤਾਈਆਂ ਨੂੰ ਆਪਣੇ ਮਨ ਦਾ ਨਖੇਦੀ ਵਾਲਾ ਹਿੱਸਾ ਜਾਣੋ। ਜੁਗਤ ਨਾਲ ਪਿਆਰ ਨਾਲ ਕਰਮ ਕਰੋ, ਧੀਰਜ ਨਾਲ ਰਹੋ, ਸਾਹਸ ਨਾਲ ਰਹੋ, ਇਹ ਯਾਦ ਰੱਖੋ ਕਿ ਪਿਆਰ ਕਬਜ਼ਾ ਨਹੀਂ ਪਿਆਰ ਦੇ ਬਦਲੇ ਕੋਈ ਆਸ ਨਹੀਂ, ਪਿਆਰ ਤਾਂ ਪਛਾਣ ਹੈ, ਪਿਆਰ ਤਾਂ ਦੇਣਾ ਹੈ। ਕਿਸੇ ਲਈ ਨਿਰਲੇਪ ਹੋ ਕੇ ਨਿਰਸੁਆਰਥੀ ਹੋ ਕੇ ਕੁਝ ਕਰਨਾ ਹੀ ਸੱਚਾ ਪਿਆਰ ਹੈ। ਆਪਣੀ ਡੀਊਟੀ ਪਿਆਰ ਨਾਲ ਕਰਨੀ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਇਕ ਕਮਲ ਦਾ ਫੁੱਲ ਜਿਹੜਾ ਚਿੱਕੜ ਵਿਚ ਪੈਦਾ ਹੋ ਕੇ ਵੀ ਕਦੇ ਵੀ ਉਸ ਨਾਲ ਲਿਬੜਦਾ ਨਹੀਂ। ਇਹ ਸਿੱਖੋ ਸੰਸਾਰ ਵਿਚ ਰਹੋ, ਸੰਸਾਰ ਵਿਚ ਲਿਪਤ ਨਾ ਹੋਵੋ, ਉਪਰ ਉਪਰ ਵਿਚਰੋ। ਸਿੱਖੋ, ਸੰਸਾਰ ਦਾ ਸਭ ਕੁਝ ਤੁਹਾਡੇ ਲਈ ਹੈ ਉਸ ਨੂੰ ਵਰਤੋ ਪਰ ਕਦੀ ਵੀ ਉਸ ਨੂੰ ਆਪਣੀ ਨਾ ਸਮਝੋ, ਨਾ ਹੀ ਆਪਣੀ ਸਮਝ ਕੇ ਉਸ ਤੇ ਕਬਜ਼ਾ ਕਰੋ।

« « « « « « «

# ਯੋਗਾ ਉਪਰ ਲੈਕਚਰ


*ਮੂਲ ਲੇਖਕ - ਡਾ. ਸਵਾਮੀ ਰਾਮ ਜੀ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*


## ਅਧਿਆਇ - ਸੱਤ

## ਮੈਡੀਟੇਸ਼ਨ ਕੀ ਹੈ ?

ਪੱਛਮ ਵਿਚ ਮੈਡੀਟੇਸ਼ਨ ਨੂੰ ਠੀਕ ਤਰ੍ਹਾਂ ਸਮਝਿਆ ਹੀ ਨਹੀਂ ਜਾਂਦਾ। ਕੁਝ ਲੋਕ ਮੈਡੀਟੇਸ਼ਨ ਨੂੰ ਕੇਵਲ ਇਕਾਗਰਤਾ ਹੀ ਸਮਝਦੇ ਹਨ, ਦੂਸਰੇ ਇਸਨੂੰ ਇਕ ਪ੍ਰਾਰਥਨਾ ਸਮਝਦੇ ਹਨ, ਚੁੱਪ ਕਰਕੇ ਕੀਤੀ ਗਈ ਪ੍ਰਾਰਥਨਾ। ਜੇ ਤੁਸੀਂ Encyclopedia Britanniea ਦੇਖੋ ਮੈਡੀਟੇਸ਼ਨ ਨੂੰ ਇਕਾਰਗਤਾ ਹੀ ਦੱਸਿਆ ਗਿਆ ਹੈ ਪਰ ਇਕਾਗਰਤਾ ਦੀ ਵਿਆਖਿਆ ਨਹੀਂ ਕੀਤੀ ਗਈ ਉਸ ਦਾ ਅਰਥ ਵਿਸਥਾਰ ਨਾਲ ਨਹੀਂ ਦੱਸਿਆ ਗਿਆ। ਅੱਜ ਦੇ ਸ਼ਬਦ ਕੋਸ਼ ਮੈਡੀਟੇਸ਼ਨ ਦਾ ਵੱਖ-ਵੱਖ ਅਰਥ ਦਸਦੇ ਹਨ -

1. ਲਗਾਤਾਰ ਚਿੰਤਨ ਕਰਨਾ, ਕਿਸੇ ਵੀ ਵਿਸ਼ੇ ਦਾ ਮਨ ਵਿਚ ਦੇਰ ਤੱਕ ਰਹਿਣਾ, ਮਨ ਕਿਸੇ ਵਿਸ਼ੇ ਤੇ ਘੁੰਮਦਾ ਰਹਿਣਾ, ਲਗਾਤਾਰ ਹੀ ਕਿਸੇ ਵਿਚਾਰ ਦਾ ਮਨ ਵਿਚ ਟਿਕੇ ਰਹਿਣਾ।

2. ਨਿਜੀ ਸ਼ਰਧਾ ਨਿਸ਼ਠਾ ਨਾਲ ਲਗਾਤਾਰ ਧਿਆਨ ਲਗਾਉਣਾ ਕਿਸੇ ਅਧਿਆਤਮ ਤੱਤ ਤੇ ਕਿਸੇ ਰਹੱਸ ਤੇ ਨਾਲ ਹੀ ਮਾਨਸਿਕ ਪੱਧਰ ਤੇ ਅਰਦਾਸ ਕਰਨੀ, ਪ੍ਰਾਰਥਨਾ ਕਰਨੀ, ਭਵਿੱਖ ਵਾਸਤੇ ਦ੍ਰਿੜ੍ਹ ਸੰਕਲਪ ਕਰਨੇ ਤੇ ਅੱਗੇ ਤੋਂ ਆਪਣੇ ਚਰਨੀਂ ਲਾਈ ਰੱਖੇ।

3. ਨਿਜੀ ਸ਼ਰਧਾ ਨਿਸ਼ਠਾ ਦਾ ਇਕ ਮਜ਼ਹਬ ਦਾ, ਇਕ ਵਿਸ਼ੇਸ਼ ਤਰੀਕੇ ਨਾਲ ਅਭਿਆਸ ਕਰਨਾ, ਮਨ ਨੂੰ ਲਗਾਤਾਰ ਉਸ ਸੱਤ ਤੇ ਉਸ ਮਜ਼ਹਬ ਦੀ ਸਚਾਈ ਤੇ ਲਗਾ ਕੇ ਰੱਖਣਾ ਜਿਸ ਵਿਚ ਜਿਸ ਉਤੇ ਤੁਹਾਡਾ ਵਿਸ਼ਵਾਸ਼ ਹੈ ਨਾਲ ਹੀ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਵਿਚ ਵਾਧੇ ਦੀ ਮੰਗ ਕਰਨੀ, ਸ਼ੁਧਤਾ ਲਈ ਪ੍ਰਾਰਥਨਾ ਕਰਨੀ ਪ੍ਰਭੂ ਦੇ ਪਿਆਰ ਦੀ ਮਿਹਰ ਮੰਗਣੀ।

ਉਪਰ ਦੱਸੇ ਤਰੀਕਿਆਂ ਵਿਚੋਂ ਕੋਈ ਵੀ ਮੈਡੀਟੇਸ਼ਨ ਅੱਖਰ ਦਾ ਅਰਥ ਨਹੀਂ ਦੱਸਦਾ, ਸਾਰੇ ਹੀ ਅਧੂਰੇ ਹਨ, ਮੈਡੀਟੇਸ਼ਨ ਦੀ ਵਿਆਖਿਆ ਕੇਵਲ ਸਾਂਖਿਆ ਪ੍ਰਣਾਲੀ ਦੇ ਦਰਸ਼ਨ ਸਾਸ਼ਤਰ ਨੇ ਕੀਤੀ ਹੈ ਉਹ ਮੈਡੀਟੇਸ਼ਨ ਨੂੰ 'ਧਿਆਨ ਨਿਰਵਿਸਿਅਮ ਮਨ' ਦਸਦੇ ਹਨ ਜਿਸਨੂੰ ਅੰਗ੍ਰੇਜ਼ੀ ਵਿਚ The libration of the mind from all disturbing and distracting emotions, thoughts and desires ਕਹਿ ਸਕਦੇ ਹਾਂ।

ਵਿਸ਼ੇਸ਼ ਤੌਰ ਤੇ ਸਾਡਾ ਮਨ ਬੇਚੈਨ ਰਹਿੰਦਾ ਹੈ, ਉਲਝਿਆ ਰਹਿੰਦਾ ਹੈ, ਘਬਰਾਇਆ ਰਹਿੰਦਾ ਹੈ। ਸਾਡਾ ਧਿਆਨ ਇਕ ਚੀਜ਼ ਤੋਂ ਦੂਸਰੀ, ਦੂਸਰੀ ਤੋਂ ਤੀਸਰੀ ਭਟਕਦਾ ਹੀ ਰਹਿੰਦਾ ਹੈ, ਸਾਰੇ ਦਿਨ ਵਿਚ ਸਾਡੀ ਕਈ ਬੁਰੇ, ਬੇਸੁਆਦੇ ਅਨੁਭਵ ਹੁੰਦੇ ਹਨ, ਬੁਰੇ ਸੰਵੇਗ, ਵਿਆਕੁਲਤਾ, ਚਿੰਤਾ, ਦੁਖੀ ਹੋਣਾ, ਨਿਰਾਸ਼ ਹੋਣਾ, ਗੁੱਸਾ ਆਉਣਾ, ਢਹਿੰਦੀ ਕਲਾ ਵਿਚ ਹੋ ਜਾਣਾ ਫੇਰ ਸਾਡੀਆਂ ਬਹੁਤ ਸਾਰੀਆਂ ਇਛਾਵਾਂ ਸਾਨੂੰ ਖਿੱਚ ਲੈਂਦੀਆਂ ਹਨ ਇਨ੍ਹਾਂ ਸਾਰੇ ਸੰਵੇਗਾਂ ਵਿਚੋਂ ਸਾਨੂੰ ਕੱਢ ਲੈਂਦੀਆਂ ਹਨ। ਅਸੀਂ ਬਹੁਤ ਛੇਤੀ ਹੀ ਧਿਆਨ ਹਟਾ ਲੈਂਦੇ ਹਾਂ, ਬਿਰਤੀ ਤੋੜ ਲੈਂਦੇ ਹਾਂ ਸਾਡੇ ਲਈ ਸਥਿਰ ਹੋਣਾ, ਔਖਾ ਹੋ ਜਾਂਦਾ ਹੈ, ਸਾਨੂੰ ਘੱਟ ਹੀ ਆਰਾਮ ਕਰਨ ਦਾ ਅਵਸਰ ਮਿਲਦਾ ਹੈ ਘੱਟ ਹੀ ਸਾਨੂੰ ਸੁਰਜੀਤ ਹੋਣ ਦਾ ਮੌਕਾ ਮਿਲਦਾ ਹੈ।

ਬਹੁਤ ਘੱਟ ਲੋਕ ਇਹ ਜਾਣਦੇ ਹਨ ਕਿ ਮੈਡੀਟੇਸ਼ਨ ਦੇ ਅਭਿਆਸ ਨਾਲ ਸਾਨੂੰ ਸਥਿਰਤਾ ਮਿਲਦੀ ਹੈ, ਸ਼ਾਂਤੀ ਮਿਲਦੀ ਹੈ। ਅਸ਼ਾਂਤ ਕਰਨ ਵਾਲੀਆਂ ਇਛਾਵਾਂ ਤੋਂ ਅਸੀਂ ਛੁਟਕਾਰਾ ਪਾ ਲੈਂਦੇ ਹਾਂ, ਪ੍ਰੇਸ਼ਾਨ ਕਰਨ ਵਾਲੇ ਵਿਚਾਰ ਛੁਟ ਜਾਂਦੇ ਹਨ, ਜਿਹੜੇ ਸਾਨੂੰ ਔਖਾ ਕਰਦੇ ਰਹਿੰਦੇ ਹਨ। ਜਿਵੇਂ ਹੀ ਮੈਡੀਟੇਸ਼ਨ ਦਾ ਅਭਿਆਸ ਵਧਦਾ ਜਾਂਦਾ ਹੈ ਅਸੀਂ ਪਰਪੱਕ ਹੁੰਦੇ ਜਾਂਦੇ ਹਾਂ, ਅਸੀਂ ਦੇਖਦੇ ਹਾਂ ਅਸ਼ਾਂਤ ਕਰਨ ਵਾਲੇ ਵਿਚਾਰਾਂ ਦੀ ਥਾਂ ਵਧੇਰੇ ਸ਼ਾਂਤੀ ਤੇ ਅਨੰਦ ਆਉਂਦਾ ਜਾ ਰਿਹਾ ਹੈ। ਸਾਡਾ ਸੰਵੇਗਕ ਵਾਤਾਵਰਣ ਸਾਡਾ ਮਾਨਸਿਕ ਚੌਗਿਰਦਾ ਸ਼ੁੱਧ ਹੁੰਦਾ ਜਾਂਦਾ ਹੈ, ਸਾਨੂੰ ਅੰਦਰੋਂ ਅਨੰਦ, ਤਾਜ਼ਗੀ ਮਹਿਸੂਸ ਹੁੰਦੀ ਹੈ, ਅਨੁਭਵ ਹੁੰਦਾ ਹੈ।

ਮੈਡੀਟੇਸ਼ਨ ਨਾਲ ਜਗਿਆਸੂ ਦੀ ਗਿਆਨ ਬੋਧ ਸੰਵੇਗ, ਸੰਕਲਪ ਇਹ ਸਭ ਇਕੱਤਰ ਹੋ ਜਾਂਦਾ ਹੈ, ਉਸ ਦੀਆਂ ਅੰਦਰ ਦੀਆਂ ਸ਼ਕਤੀਆਂ ਜਾਗ੍ਰਤ ਹੋ ਜਾਂਦੀਆਂ ਹਨ। ਕੇਵਲ ਇਸ ਤਰ੍ਹਾਂ ਦੇ ਏਕੀਕਰਣ ਨਾਲ ਇਸ ਤਰ੍ਹਾਂ ਦੀ ਮਨ ਦੀ ਪੂਰਤੀ ਨਾਲ ਹੀ ਇਕ ਗਤੀਸ਼ੀਲ ਵਿਅਕਤੀਤ੍ਵ ਦਾ ਵਿਕਾਸ ਹੋ ਸਕਦਾ ਹੈ। ਸੰਸਾਰ ਦੇ ਸਾਰੇ ਮਹਾਨ ਕਾਰਜ ਮਨੁੱਖਤਾ ਦੇ ਮਹਿਮਾਮਈ ਕਾਰਨਾਮੇ, ਇਕਾਗਰ ਇੱਛਾ ਸ਼ਕਤੀ ਵਾਲੇ ਮਹਾਨ ਪੁਰਖਾਂ ਨੇ ਹੀ ਕੀਤੇ ਹਨ। ਦੂਸਰੇ ਪਾਸੇ ਪੱਛਮੀ ਮਨੋਵਿਗਿਆਨਕ, ਮਨੋਚਿਕਿਤਸਕ, ਸਰੀਰ ਵਿਗਿਆਨਕ ਇਹ ਸਾਰੇ ਇਹ ਜਾਣ ਗਏ ਹਨ ਕਿ ਮਨੁੱਖੀ ਮਨ ਦਵੰਦ ਵਾਲੀਆਂ ਪ੍ਰੇਰਣਾ, ਦਵੰਦ ਵਾਲੇ ਸੰਵੇਗਾਂ ਦਾ ਜਨਮ ਦਾਤਾ ਹੈ, ਸਾਡੀਆਂ

ਬਹੁਤ ਸਾਰੀਆਂ ਬੀਮਾਰੀਆਂ ਵੀ ਅਚੇਤ ਮਨ ਤੋਂ ਹੀ ਸ਼ੁਰੂ ਹੁੰਦੀਆਂ ਹਨ ਪਰ ਮਨੋਵਿਗਿਆਨ ਤੇ ਹੋਰ ਲੋਕ ਇਹ ਨਹੀਂ ਜਾਣਦੇ ਕਿ ਇਹ ਸਾਰੇ ਦਵੰਦ ਮੈਡੀਟੇਸ਼ਨ ਨਾਲ ਖਤਮ ਕੀਤੇ ਜਾ ਸਕਦੇ ਹਨ।

ਮੈਡੀਟੇਸ਼ਨ ਇਕਾਗਰਤਾ ਨਾਲ ਸ਼ੁਰੂ ਹੁੰਦੀ ਹੈ, ਇਕਾਗਰਤਾ ਨਾਲ ਹੀ ਮਨ ਸਥਿਰ ਹੁੰਦਾ ਹੈ ਇਕ ਵਿਸ਼ੇ ਤੇ ਜੁੜਦਾ ਹੈ। ਜਦੋਂ ਇਕਾਗਰਤਾ ਨਾਲ ਮਨ ਇਕ ਵਿਸ਼ੇ ਤੇ ਲਗਾਤਾਰ ਜੁੜਿਆ ਰਹਿੰਦਾ ਹੈ ਉਹ ਹੀ ਮੈਡੀਟੇਸ਼ਨ ਬਣ ਜਾਂਦੀ ਹੈ। ਫੇਰ ਮਨ ਉਚੀ ਅਵਸਥਾ ਵਿਚ ਚਲਾ ਜਾਂਦਾ ਹੈ, ਪਰਾ ਚੇਤਨ ਅਵਸਥਾ ਵਿਚ ਸਥਿਰ ਹੋ ਜਾਂਦਾ ਹੈ। ਮੈਡੀਟੇਸ਼ਨ ਉਹ ਅਵਸਥਾ ਹੈ ਉਹ ਸਾਧਨ ਹੈ ਜਿਸ ਨਾਲ ਮਨ ਨੂੰ ਇਕ ਵਿਸ਼ੇ ਤੇ ਟਿਕਾਉਣ ਤੋਂ ਬਾਅਦ ਫੇਰ ਉਸ ਨੂੰ ਵਿਸਤ੍ਰਿਤ ਕਰਕੇ ਗਿਆਨ ਅਵਸਥਾ ਤੇ ਪਹੁੰਚਾਇਆ ਜਾਂਦਾ ਹੈ। ਇਸ ਸਭ ਕੁਝ ਕਰਨ ਵਿਚ ਬਹੁਤ ਹੀ ਸੂਖਮ ਚੇਤਨ ਪੱਧਰ ਤੇ ਯਤਨ ਕਰਨਾ ਪੈਂਦਾ ਹੈ।

ਮੈਡੀਟੇਸ਼ਨ ਦਾ ਵਿਗਿਆਨ ਬਹੁਤ ਤਰਤੀਬਵਾਰ ਤਰੀਕੇ ਨਾਲ ਪੁਰਾਤਨ ਭਾਰਤ ਵਿਚ ਉਪਨਿਸ਼ਦਾਂ ਦੇ ਸਮੇਂ ਤੋਂ ਚਲਾਇਆ ਗਿਆ। ਇਸ ਦਾ ਵਿਕਾਸ ਉਸ ਸਮੇਂ ਤੋਂ ਹੀ ਹੋਇਆ। ਬਾਅਦ ਵਿਚ ਪੰਤਾਜਲ ਰਿਸ਼ੀ ਨੇ ਇਸ ਨੂੰ ਵਿਸਤ੍ਰਿਤ ਕੀਤਾ, ਇਸ ਦਾ ਅਭਿਆਸ ਫੇਰ ਬਹੁਤ ਦੂਰ ਤਕ ਫੈਲਿਆ। ਭਾਰਤੀ ਸਾਧੂਆਂ ਨੂੰ ਮੈਡੀਟੇਸ਼ਨ ਸਕੂਲ ਮਿਸਰ ਵਿਚ ਤੀਸਰੀ ਚੌਥੀ ਸਦੀ ਵਿਚ ਬਣਾਇਆ ਚੀਨ ਵਿਚ 522 AD ਵਿਚ ਬਣਾਇਆ, ਫੇਰ ਮੈਡੀਟੇਸ਼ਨ ਜਾਪਾਨ ਵਿਚ ਵੀ ਪਹੁੰਚੀ। ਵਾਸਤਵ ਵਿਚ ZEN ਸ਼ਬਦ ਸੰਸਕ੍ਰਿਤ ਦੇ 'ਧਿਆਨ' ਸ਼ਬਦ ਤੋਂ ਹੀ ਨਿਕਲਿਆ ਹੈ ਜਿਸ ਦਾ ਅਰਥ ਹੈ ਮੈਡੀਟੇਸ਼ਨ। ਈਸਾਈ ਮਤ ਅਨੁਸਾਰ ਮੈਡੀਟੇਸ਼ਨ ਸਕੂਲ ਸੰਤ ਐਨਥਨੀ (Anthony) ਨੇ ਸ਼ੁਰੂ ਕੀਤਾ। ਮੈਡੀਟੇਸ਼ਨ ਦੇ ਤਰੀਕੇ ਸੰਤ ਫਰਾਂਸਸ st. Francis ਤੇ ਹੋਰਾਂ ਨੂੰ ਵੀ ਪਤਾ ਸੀ। ਪਰ ਉਸ ਸਮੇਂ ਦੇ ਲੋਕਾਂ ਤੋਂ ਡਰਦਿਆਂ ਉਨ੍ਹਾਂ ਨੇ ਉਹ ਤਰੀਕੇ ਲੋਕਾਂ ਨੂੰ ਖੋਲ੍ਹ ਕੇ ਨਹੀਂ ਦੱਸੇ ਕਿ ਲੋਕ ਕਿਧਰੇ ਉਨ੍ਹਾਂ ਦੇ ਪਿੱਛੇ ਹੀ ਨਾ ਪੈ ਜਾਣ। ਉਨ੍ਹਾਂ ਨੇ ਮੈਡੀਟੇਸ਼ਨ ਦੀ ਕਲਾ ਬਹੁਤ ਲੁਕਾ ਛੁਪਾ ਕੇ ਰੱਖੀ, ਭਾਵ ਇਕ ਕੁਝ ਇਕ ਗਿਆਨੀ ਸੰਤਾਂ ਕੋਲ ਹੀ ਦਬੀ ਪਈ ਰਹੀ।

ਹੁਣ ਕੁਝ ਇਕ ਸਦੀਆਂ ਤੋਂ ਮੈਡੀਟੇਸ਼ਨ ਇਕ ਬਹੁਤ ਹੀ ਕਰਮਬੱਧ ਬਹੁਤ ਹੀ ਪੂਰਨ ਤਰ੍ਹਾਂ ਨਾਲ ਵਿਸਤ੍ਰਿਤ ਵਿਗਿਆਨ ਬਣ ਗਈ ਹੈ, ਇਹ ਚੇਤਨਤਾ ਨੂੰ ਵਧਾਉਣ ਲਈ ਚੇਤਨਤਾ ਦੇ ਪਸਾਰੇ ਲਈ ਕੀਤੀ ਜਾਂਦੀ ਹੈ, ਯੋਗ ਵਿਚ ਅੰਧ ਵਿਸ਼ਵਾਸ਼ ਨੂੰ ਸਦਾ ਹੀ ਨਖੇਦਿਆ ਜਾਂਦਾ ਹੈ। ਬਹੁਤ ਸਾਰੇ ਅਭਿਆਸ ਦੱਸੇ ਗਏ ਹਨ ਜਿਹੜੇ ਮੈਡੀਟੇਸ਼ਨ ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ, ਜਗਿਆਸੂ ਆਪਣੇ ਆਪ ਨੂੰ ਉਨ੍ਹਾਂ ਦੀ ਪ੍ਰਮਾਣਕਤਾ ਕਰਨ ਤੋਂ ਬਾਅਦ ਹੀ ਉਨ੍ਹਾਂ ਤੇ ਆਪਣਾ ਨਿਸਚਾ ਪੱਕਾ ਕਰ ਸਕਦਾ ਹੈ। ਇਸ ਪ੍ਰਯੋਗ ਕਲਾ ਤੋਂ ਬਾਅਦ ਹੀ ਜਗਿਆਸੂ ਨੂੰ ਚੇਤਨ ਅਵਸਥਾ ਦੇ ਹੋਣ ਦਾ ਪ੍ਰਮਾਣ ਮਿਲਦਾ ਹੈ ਇਸ ਤੋਂ ਬਾਅਦ ਕਿਸੇ ਪ੍ਰਮਾਣ ਦੀ ਲੋੜ ਨਹੀਂ।

ਪੰਤਾਜਲ ਨੇ ਆਪਣੇ ਯੋਗ ਸੂਤਰ ਵਿਚ ਯੋਗੀਆਂ ਦੀਆਂ ਕਈ ਸ਼ਕਤੀਆਂ ਦੱਸੀਆਂ ਹਨ ਜਿਹੜੀਆਂ ਉਨ੍ਹਾਂ ਨੂੰ ਮੈਡੀਟੇਸ਼ਨ ਕਰਕੇ, ਇਕਾਗਰ ਹੋ ਕੇ ਪ੍ਰਾਪਤ ਹੁੰਦੀਆਂ ਹਨ। ਉਦਾਹਰਣ ਵਜੋਂ ਗਲੇ ਦੇ ਥੱਲੇ ਧਿਆਨ ਲਗਾ ਕੇ ਯੋਗੀ ਭੁੱਖ ਪਿਆਸ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ। ਇਸ ਗੱਲ ਦੀ ਪ੍ਰਮਾਣਤਾ ਅਭਿਆਸ ਕਰਕੇ ਹੀ ਕੀਤੀ ਜਾ ਸਕਦੀ ਹੈ।

ਯੋਗ, ਖੋਜ ਦਾ ਮਾਰਗ ਹੈ, ਇਸ ਮਾਰਗ ਤੇ ਤੁਸੀਂ ਆਪਣਾ ਅੰਤਰ ਖੋਜਦੇ ਹੋ, ਹਾਂ ਇਹ ਗੱਲ ਜ਼ਰੂਰ ਹੈ ਇਹ ਖੋਜ ਤੁਸੀਂ ਕਿਸੇ ਪਹੁੰਚੇ ਯੋਗੀ ਦੀ ਦੇਖ ਰੇਖ ਹੇਠ ਹੀ ਕਰ ਸਕਦੇ ਹੋ ਜਿਸ ਨੇ ਆਪ ਹੀ ਖੋਜ ਕੀਤੀ ਹੋਵੇ ਜਿਹੜਾ ਇਸ ਮਾਰਗ ਤੋਂ ਚੱਲ ਚੁੱਕਾ ਹੋਵੇ ਜਿਹੜਾ ਆਪ ਸਮਰੱਥ ਹੋਵੇ। ਇਹ ਸਾਰੀਆਂ ਸਿਖਿਆ ਇਹ ਸਾਰੇ ਨਿਰਦੇਸ਼ਨ ਪੰਤਾਜਲ ਨੇ ਆਪਣੇ ਯੋਗ ਸੂਤਰ ਵਿਚ ਦਿੱਤੇ ਹਨ ਤੇ ਹੋਰ ਵੀ ਕਈ ਹੱਥ ਲਿਖਤ ਪੁਸਤਕਾਂ ਵਿਚ ਦਿੱਤੇ ਹੋਏ ਹਨ। ਸਾਡੇ ਵਿਚੋਂ ਜਿਹੜੇ ਵੀ ਇਸਮਾਰਗ ਤੇ ਚੱਲ ਰਹੇ ਹਨ ਉਨ੍ਹਾਂ ਨੂੰ ਗੁਰੂ ਦੀ ਸ਼ਰਨ ਵਿਚ ਜਾਣਾ ਹੀ ਚਾਹੀਦਾ ਹੈ ਗੁਰੂ ਤੋਂ ਸਿਖਿਆ ਲੈਣੀ, ਆਦੇਸ਼ ਲੈਣਾ ਅਵੱਸ਼ਕ ਹੈ, ਅਧਿਆਤਮਕ ਗੁਰੂ ਦੀ ਕ੍ਰਿਪਾ ਬਿਨਾਂ ਬਜਰ ਕਪਾਟ ਨਹੀਂ ਖੁਲ੍ਹਦੇ ਇਹ ਜੰਗਾਲੇ ਤਾਲਿਆਂ ਦੀ ਚਾਬੀ ਕੇਵਲ ਤੇ ਕੇਵਲ ਗੁਰੂ ਕੋਲ ਹੀ ਹੈ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥*

ਗੁਰੂ ਕ੍ਰਿਪਾ ਕਰੇ ਤਾਂ ਤੁਸੀਂ ਆਤਮ ਤੱਤ ਪ੍ਰਾਪਤ ਕਰ ਸਕਦੇ ਹੋ। ਗੁਰੂ ਦੀ ਕ੍ਰਿਪਾ ਬਿਨਾਂ ਕੋਈ ਚੀਜ਼ ਤੁਹਾਨੂੰ ਉਥੇ ਨਹੀਂ ਪਹੁੰਚਾ ਸਕਦੀ ਹੈ।

## ਮੈਡੀਟੇਸ਼ਨ ਕਰਨ ਦੇ ਤਰੀਕੇ

ਆਓ ਹੁਣ ਅਸੀਂ ਮੈਡੀਟੇਸ਼ਨ ਦੇ ਵੱਖ-ਵੱਖ ਤਰੀਕੇ ਦੇਖੀਏ। ਮੈਡੀਟੇਸ਼ਨ ਦਾ ਅਭਿਆਸ ਸ਼ੁਰੂ ਕਰਨ ਤੋਂ ਪਹਿਲਾਂ ਜਗਿਆਸੂ ਨੂੰ ਚਾਹੀਦਾ ਹੈ ਉਹ ਛੇ ਮੁਢਲੀਆਂ ਪੌੜੀਆਂ ਚੜ੍ਹ

ਲਵੇ, ਜਦੋਂ ਵੀ ਮੈਡੀਟੇਸ਼ਨ ਕਰਨ ਬੈਠੇ ਇਨ੍ਹਾਂ ਛੇ ਨੂੰ ਕਰਕੇ ਬੈਠੇ ਤਾਂ ਜੋ ਉਹ ਠੀਕ ਤਰ੍ਹਾਂ ਨਾਲ ਮੈਡੀਟੇਸ਼ਨ ਕਰ ਸਕੇ।

1. ਸਭ ਤੋਂ ਪਹਿਲਾਂ ਉਸਨੂੰ ਚਾਹੀਦਾ ਹੈ ਕਿ ਠੀਕ ਮਾਨਸਿਕ ਵਾਤਾਵਰਣ ਪੈਦਾ ਕਰੇ। ਯਮ, ਨਿਯਮ ਦੀ ਪਾਲਨਾ ਪੂਰੀ ਤਰ੍ਹਾਂ ਨਾਲ ਕਰੇ ਜਿਹੜੇ ਦਸ ਨਿਯਮ ਸੰਸਾਰ ਵਿਚ ਰਹਿਣ ਲਈ ਦਿੱਤੇ ਗਏ ਹਨ ਉਨ੍ਹਾਂ ਦੀ ਪਾਲਨਾ ਸੁੰਦਰ ਤਰੀਕੇ ਨਾਲ ਖੁਸ਼ੀ-ਖੁਸ਼ੀ ਕਰਨੀ ਚਾਹੀਦੀ ਹੈ। ਆਪਾ ਵਿਸਤ੍ਰਿਤ ਕਰਦੇ ਹੋਏ ਵਧੇਰੇ ਸਤਰਕ ਸਾਵਧਾਨ ਰਹਿਣਾ ਚਾਹੀਦਾ ਹੈ ਇਸ ਤਰ੍ਹਾਂ ਕਰਨ ਨਾਲ ਮਨ ਵਧੇਰੇ ਇਕਤ੍ਰਿਤ ਰਹਿੰਦਾ ਹੈ ਤੇ ਇਕਸੁਰਤਾ ਪੈਦਾ ਹੁੰਦੀ ਹੈ। ਮਿਸਾਲ ਵਜੋਂ ਜੇ ਜਗਿਆਸੂ ਗੁੱਸੇ ਵਿਚ ਹੋਵੇ ਤੇ ਉਹ ਆਪਣੇ ਆਪ ਨੂੰ ਯਾਦ ਕਰਾਏਗਾ, ਆਪਣੇ ਅੰਦਰ ਅਹਿੰਸਾ ਦਾ ਨਿਯਮ ਦੁਰਹਾਏਗਾ ਇਹ ਯਾਦ ਰੱਖੇਗਾ ਕਿ ਕਿਸੇ ਦਾ ਵੀ ਨੁਕਸਾਨ ਨਹੀਂ ਕਰਨਾ। ਮਾਨਸਿਕ ਪੱਖੋਂ ਅੰਦਰੋਂ ਹੀ ਗੁਰੂ ਨੂੰ ਨਮਸਕਾਰ ਕਰਨਾ ਹੈ, ਉਸ ਪਰੰਪਰਾ ਦੇ ਸਾਰੇ ਗੁਰੂਆਂ ਨੂੰ ਪ੍ਰਣਾਮ ਕਰੋ ਇਸ ਤਰ੍ਹਾਂ ਕਰਨ ਨਾਲ ਵੀ ਮਨ ਸ਼ਾਂਤ ਹੋ ਕੇ ਮੈਡੀਟੇਸ਼ਨ ਕਰਨ ਦਾ ਵਾਤਾਵਰਣ ਬਣਦਾ ਹੈ ਮਨ ਮੈਡੀਟੇਸ਼ਨ ਲਈ ਤਿਆਰ ਹੁੰਦਾ ਹੈ।

2. ਮੈਡੀਟੇਸ਼ਨ ਕਰਨ ਲਈ ਬੈਠਣ ਤੋਂ ਪਹਿਲਾਂ ਇਹ ਠੀਕ ਰਹਿੰਦਾ ਹੈ ਕਿ ਤੁਸੀਂ ਕੁਝ ਇਕ ਨਿਸਲ ਹੋਣ ਦੀਆਂ ਕਿਰਿਆ ਕਰ ਲਵੋ ਸ਼ਵਆਸਨ ਕਰੋ। ਨਿਸਲਤਾ ਸਿਥਿਲੀਕਰਨ ਵੀ ਤਿੰਨ ਪੱਧਰਾਂ ਤੇ ਹੁੰਦਾ ਹੈ, ਨਾੜੀਆਂ ਦੀ ਨਿਸਲਤਾ, ਅੰਦਰ ਦੇ ਅੰਗਾਂ ਦੀ, ਮਨ ਦੀ, ਇਹ ਸਥਿਲੀਕਰਨ ਦੇ ਅਭਿਆਸ ਬਿਲਕੁਲ ਮੂਲ, ਮੁਢਲੀ ਪ੍ਰਕਾਰ ਤੋਂ ਲੈ ਕੇ ਬਹੁਤ ਉਨਤ ਬਹੁਤ ਵਿਕਸਿਤ ਤਰੀਕੇ ਦੇ ਹਨ, ਜਿਨ੍ਹਾਂ ਰਾਹੀਂ ਤੁਸੀਂ ਸਥੂਲ ਸਰੀਰ ਤੱਕ ਵੀ ਪਹੁੰਚ ਸਕਦੇ ਹੋ। ਲੰਮੇ ਸ੍ਵਾਸ ਲੈ ਕੇ ਤਰਤੀਬ ਨਾਲ ਸਿਰ ਤੋਂ ਪੈਰਾਂ ਤਕ ਸ੍ਵਾਸ ਅੰਦਰ ਜਾਣ ਸ੍ਵਾਸ ਬਾਹਰ ਕੱਢਣ ਨਾਲ ਤੁਸੀਂ ਬਹੁਤ ਹੀ ਆਰਾਮ ਵਿਚ ਮਹਿਸੂਸ ਕਰਦੇ ਹੋ।

ਸਿਥਿਲੀਕਰਨ ਤੇ ਇਕਾਗਰਤਾ ਇਕੋ ਹੀ ਚੀਜ਼ ਦੇ ਦੋ ਪਾਸੇ ਹਨ ਇਹ ਇਕ ਦੂਸਰੇ ਨਾਲ ਇਕੋ ਹੀ ਰੂਪ ਹਨ। ਜੇ ਤੁਸੀਂ ਤਣਾਓ ਵਿਚ ਹੋਵੋ ਤੁਸੀਂ ਇਕਾਗਰ ਨਹੀਂ ਹੋ ਸਕਦੇ। ਖਿਚਾਅ ਨਾਲ, ਤਣਾਓ ਨਾਲ ਬੇਚੈਨੀ ਹੁੰਦੀ ਹੈ, ਸਰੀਰ ਵੀ ਬੇਚੈਨ ਹੁੰਦਾ ਹੈ। ਮਨ ਵੀ ਬੇਚੈਨ ਹੁੰਦਾ ਹੈ, ਅਸ਼ਾਂਤ ਹੁੰਦਾ ਹੈ। ਜੇ ਢੰਗ ਨਾਲ ਸਿਲਸਿਲੇਵਾਰ ਸਿਥਿਲੀਕਰਨ ਕੀਤਾ ਜਾਵੇ, ਮਨ ਇਕਾਗਰ ਹੋ ਜਾਂਦਾ ਹੈ ਤੇ ਸਰੀਰ ਦੇ ਇਕ ਇਕ ਭਾਗ ਤੇ ਧਿਆਨ ਲਗਾ ਕੇ ਸਰੀਰ ਨੂੰ ਨਿਸਲ ਕੀਤਾ ਜਾਂਦਾ ਹੈ। ਸਰੀਰ ਦਾ ਇਕ-ਇਕ ਜੋੜ ਇਕ-ਇਕ ਪੱਠਾ ਪੂਰੀ ਤਰ੍ਹਾਂ ਨਾਲ ਨਿਸਲ ਕੀਤਾ ਜਾਂਦਾ ਹੈ। ਵਿਸ਼ੇਸ਼ ਕਰਕੇ ਜਦੋਂ ਇਸ ਤਰ੍ਹਾਂ ਧਿਆਨ ਲਗਾ ਕੇ ਕੀਤਾ ਜਾਵੇ। ਇਸ ਤਰ੍ਹਾਂ ਨਾਲ ਬਲੱਡ ਪਰੈਸ਼ਰ ਠੀਕ ਕੀਤਾ ਜਾਂਦਾ ਹੈ, ਪੁਰਾਣੀ ਸਿਰ ਦਰਦ ਠੀਕ ਕੀਤੀ ਜੰਦੀ ਹੈ ਤੇ ਹੋਰ ਬਹੁਤ ਕੁਝ ਸਰੀਰ ਦਾ ਸਿਥਿਲੀਕਰਨ ਕਰਕੇ ਮਨ ਨੂੰ ਵੀ ਸ਼ਾਂਤ ਕੀਤਾ ਜਾਂਦਾ ਹੈ। ਦਿਮਾਗ ਦੀਆਂ ਅਲਫਾ ਕਿਰਨਾਂ ਉਸ ਸਮੇਂ ਵਧੇਰੇ ਹੁੰਦੀਆਂ ਹਨ ਜਦੋਂ ਅਸੀਂ ਸਿਥਿਲੀਕਰਨ ਵਿਚ ਹੁੰਦੇ ਹਾਂ। ਜਦੋਂ ਹੋਰ ਵਧੇਰੇ ਉਨਤ ਸਥਿਤੀ ਉਚੀ ਸਥਿਤੀ ਤੇ ਪਹੁੰਚ ਜਾਂਦੇ ਹਾਂ ਫੇਰ Theta ਕਿਰਨਾਂ ਵਧੇਰੇ ਹੁੰਦੀਆਂ ਹਨ। ਜਿਸ ਤੋਂ ਭਾਵ ਹੈ ਕਿ ਇਕਾਗਰਤਾ ਵਧੇਰੇ ਹੁੰਦੀ ਹੈ, ਤੁਸੀਂ ਵਧੇਰੇ ਰਚਨਤਾਮਕ ਹੁੰਦੇ ਹੋ।

3. ਇਸ ਤਰ੍ਹਾਂ ਨਾਲ ਸਰੀਰ, ਨਾੜੀਆਂ ਮਨ ਨੂੰ ਨਿਸਲ ਕਰਕੇ ਫੇਰ ਜਗਿਆਸੂ ਮੈਡੀਟੇਸ਼ਨ ਕਰਨ ਬੈਠਦਾ ਹੈ, ਉਸ ਤਰੀਕੇ ਉਸ ਆਸਣ ਵਿਚ ਬੈਠਦਾ ਹੈ ਜਿਹੜਾ ਆਰਾਮ ਦੇਹ ਹੋਵੇ ਜਿਸ ਵਿਚ ਗਰਦਨ, ਪਿੱਠ ਬਿਲਕੁਲ ਸਿੱਧੀ ਰਹਿੰਦੀ ਹੋਵੇ। ਸਰੀਰ ਬਿਲਕੁਲ ਸਥਿਰ ਕਰ ਲੈਣਾ ਹੁੰਦਾ ਹੈ ਕਿਸੇ ਕਿਸਮ ਦੀ ਕੋਈ ਵੀ ਗਤੀ ਨਹੀਂ ਹੋਣੀ ਚਾਹੀਦੀ। ਸਾਰੀਆਂ ਕਰਮ ਇੰਦ੍ਰੀਆਂ ਨੂੰ ਪੂਰੀ ਤਰ੍ਹਾਂ ਨਾਲ ਕਾਬੂ ਕਰਨਾ ਪੂਰੇ ਕੰਟਰੋਲ ਵਿਚ ਲਿਆਉਣਾ ਹੁੰਦਾ ਹੈ। ਤੁਸੀਂ ਮਹਿਸੂਸ ਕਰੋਗੇ ਜਿਵੇਂ-ਜਿਵੇਂ ਸਮਾਂ ਬੀਤਦਾ ਜਾਏਗਾ ਕੇਵਲ ਚੁੱਪ ਕਰਕੇ ਸਥਿਰ ਹੋ ਕੇ ਬੈਠਣ ਨਾਲ ਹੀ ਤੁਹਾਨੂੰ ਸ਼ਾਂਤੀ ਮਹਿਸੂਸ ਹੋਏਗੀ, ਅਨੰਦ ਆਉਣ ਲੱਗੇਗਾ।

4. ਮੈਡੀਟੇਸ਼ਨ ਕਰਨ ਦੇ ਆਸਣ ਵਿਚ ਬੈਠ ਕੇ ਕੁਝ ਪ੍ਰਾਣਾਯਾਮ ਦਾ ਅਭਿਆਸ ਕਰਨਾ ਚਾਹੀਦਾ ਹੈ। ਵਿਸ਼ੇਸ਼ ਕਰਕੇ ਸ੍ਵਾਸਾਂ ਤੇ ਕਾਬੂ ਪਾਣਾ ਜੋ ਕਿ ਸਾਡੇ ਪ੍ਰਾਣ ਹਨ ਸਰੀਰ ਤੇ ਨਾੜੀ ਤੰਤਰ ਨੂੰ ਸ਼ੁੱਧ ਕਰਨਾ 'ਕਪਾਲਭਾਤੀ' ਪ੍ਰਾਣਾਯਾਮ ਕਰਨਾ 'ਭਾਸਤਰਿਕਾ' ਕਰਨੀ, ਫੇਫੜਿਆਂ ਵਿਚੋਂ ਗੰਦੀ ਹਵਾ ਬਾਹਰ ਕੱਢਣੀ, ਵਧੇਰੇ ਆਕਸੀਜਨ ਅੰਦਰ ਲੈ ਕੇ ਜਾਣੀ, ਮਨ ਨੂੰ ਸਤਰਕ ਕਰਨਾ ਸੁਸਤੀ ਦੂਰ ਕਰਨੀ, ਨਾਸਿਕਾ ਨੂੰ ਸਾਫ ਕਰਨਾ, ਸ੍ਵਾਸ ਲੈਣ ਵਾਲੇ ਅੰਗਾਂ ਨੂੰ ਚੰਗੀ ਤਰ੍ਹਾਂ ਨਾਲ ਸਾਫ ਕਰਨਾ। ਇਹ ਸਭ ਕੁਝ ਕਰਨ ਨਾਲ 'ਨਾੜੀ ਸੋਧਨ' ਨਾਲ ਨਾੜੀਆਂ ਨੂੰ ਵਧੇਰੇ ਸ਼ਕਤੀ ਮਿਲਦੀ ਹੈ ਸ਼ਕਤੀ ਦੇ ਰਾਹ ਸ਼ੁੱਧ ਹੁੰਦੇ ਹਨ ਨਾੜੀਆਂ ਸਾਫ ਹੁੰਦੀਆਂ ਹਨ, ਮਨ ਸ਼ੁਧ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਸੱਜੀ ਤੇ ਖੱਬੀ ਨਾਸਿਕਾ ਇਕ ਸਾਰ ਸਾਂਵੀਆਂ ਹੋ ਜਾਂਦੀਆਂ। ਵਧੇਰੇ ਸੂਖਮ ਹੋ ਜਾਂਦੀਆਂ ਹਨ। ਸ੍ਵਾਸ ਲੈਣ ਦੇ ਇਹ ਅਭਿਆਸ ਅੰਤ ਵਿਚ ਤੁਹਾਨੂੰ ਉਚੀ ਤੇ ਡੂੰਘੀ ਅਵਸਥਾ ਵਿਚ ਲੈ ਜਾਂਦੇ ਹਨ, ਤੁਸੀਂ ਇੰਦ੍ਰੀਆਂ ਤੇ ਵਧੇਰੇ ਕਾਬੂ ਪਾ ਕੇ ਚੰਗੀ ਤਰ੍ਹਾਂ ਇਕਾਗਰ ਹੋ ਸਕਦੇ ਹੋ।

5. ਪੰਜਵੀਂ ਪਉੜੀ ਹੈ ਪ੍ਰਤੀਹਾਰ - ਭਾਵ ਗਿਆਨ ਇੰਦ੍ਰੀਆਂ ਤੇ ਕੰਟਰੋਲ ਜਾਂ ਕਹਿ ਲਓ ਗਿਆਨ ਇੰਦ੍ਰੀਆਂ ਪ੍ਰਤੱਖ ਤੇ ਕੰਟਰੋਲ ਇਥੇ ਤੁਸੀਂ ਆਪਣੇ ਆਸ ਪਾਸ ਦੇ ਬਾਰੇ ਚੌਗਿਰਦੇ ਦੇ ਬਾਰੇ ਸਤ੍ਰਕ ਹੋ ਜਾਂਦੇ ਹੋ, ਆਪਣਾ ਧਿਆਨ

ਬਾਕੀ ਸਾਰੇ ਪਾਸਿਆਂ ਤੋਂ ਸਮੇਟ ਲੈਂਦੇ ਹੋ ਤੇ ਵਰਤਮਾਨ ਨੂੰ ਚੰਗੀ ਤਰ੍ਹਾਂ ਨਾਲ ਅਨੁਭਵ ਕਰ ਲੈਂਦੇ ਹੋ, ਤੁਸੀਂ ਇਹ ਸਿੱਖ ਜਾਂਦੇ ਹੋ ਕਿ ਵਰਤਮਾਨ ਵਿਚ ਹੁਣ ਤੇ ਇਥੇ ਕਿਵੇਂ ਰਹਿਣਾ ਹੈ ਤੇ ਨਾਲ ਹੀ ਇਕ ਸੰਕਲਪ ਕਰ ਲੈਂਦੇ ਹੋ ਕਿ ਮੈਂ ਸਰੀਰ ਨਹੀਂ ਹਾਂ, ਮੈਂ ਕੇਵਲ ਇੰਦ੍ਰੀਆਂ ਨਹੀਂ ਹਾਂ, ਇਹ ਮੈਨੂੰ ਦਿਤੇ ਗਏ ਯੰਤਰ ਹਨ, ਸਾਧਨ ਹਨ, ਮੈਂ ਮਨ ਨਹੀਂ ਹਾਂ ਮਨ ਮੇਰਾ ਸੂਖਮ ਸਾਧਨ ਹੈ, ਮੈਂ ਆਤਮਾ ਹਾਂ ਮੈਂ ਅਸੀਮ ਹਾਂ, ਜਦੋਂ ਵੀ ਮਨ ਬਾਹਰ ਜਾਵੇ ਭਟਕੇ ਉਸਨੂੰ ਬਾਰ-ਬਾਰ ਮੋੜ ਕੇ ਅੰਦਰ ਲੈ ਕੇ ਆਓ।

6. ਜਗਿਆਸੂ ਫੇਰ ਮਨ ਨੂੰ ਇਕਾਗਰ ਕਰ ਲੈਂਦਾ ਹੈ ਧਿਆਨ ਤੇ ਕਾਬੂ ਪਾ ਲੈਂਦਾ ਹੈ। ਫੇਰ ਉਹ ਆਪਣੇ ਸ੍ਵਾਸਾਂ ਲਈ ਵੀ ਸਤਰਕ ਹੋ ਜਾਂਦਾ ਹੈ। ਸ੍ਵਾਸਾਂ ਨੂੰ ਮੰਤਰ ਨਾਲ ਮਿਲਾ ਕੇ ਜੋੜ ਲੈਂਦਾ ਹੈ ਜਿਵੇਂ ਕਿ ਸੋ..........ਹੰਮ ਜਾਂ ਕਹਿ ਲਓ ਵਾਹਿ.........ਗੁਰੂ। 'ਵਾਹਿ' ਕਹਿੰਦੇ ਸ੍ਵਾਸ ਅੰਦਰ ਲੈ ਕੇ ਜਾਣੇ 'ਗੁਰੂ' ਕਹਿੰਦੇ ਬਾਹਰ ਕੱਢਣੇ। ਸ੍ਵਾਸ ਤੇ ਇਕਾਗਰਤਾ ਹੋਣ ਲਗ ਪੈਂਦੀ ਹੈ, ਨਾਸਿਕਾ ਰਾਹੀਂ ਅੰਦਰ ਸ੍ਵਾਸ ਜਾਣ ਨਾਲ-ਨਾਲ ਸ਼ਕਤੀ ਜਾਣੀ ਨਾਸਿਕਾ ਤੋਂ ਫੇਰ ਭਰਵੱਟਿਆਂ ਦੇ ਵਿਚ ਦੇ ਥਾਂ ਤੇ ਰੀੜ ਦੀ ਹੱਡੀ।

ਇਕਾਗਰਤਾ ਨਾਲ ਮਨ ਇਕ ਵਿਸ਼ੇ ਤੇ ਟਿਕ ਜਾਂਦਾ ਹੈ ਜਦੋਂ ਇਕਾਗਰਤਾ ਬਹੁਤ ਦੇਰ ਬਣੀ ਰਹੀ ਫੇਰ ਤੁਸੀਂ ਅੱਗੇ ਵੱਧਦੇ ਹੋ ਚੇਤਨ ਮਨ ਤੋਂ ਹੋ ਕੇ ਅਚੇਤਨ ਤਕ ਜਾਂਦੇ ਹੋ ਤੇ ਮਨ ਨੂੰ ਪਰਾ ਚੇਤਨਤਾ ਤਕ ਲੈ ਜਾਂਦੇ ਹੋ। ਇਥੇ ਇਹ ਦੱਸ ਦੇਣਾ ਅਵੱਸ਼ਕ ਹੈ ਕਿ ਇਕਾਗਰਤਾ ਦੇ ਸਾਰੇ ਤਰੀਕੇ ਪਰਾ ਚੇਤਨਤਾ ਤੱਕ ਨਹੀਂ ਲੈ ਜਾਂਦੇ। ਕੇਵਲ ਗੁਰੂ ਦਾ ਦੱਸਿਆ ਤਰੀਕਾ ਹੀ ਤੁਹਾਨੂੰ ਪਰਾ ਚੇਤਨਤਾ ਤਕ ਲੈ ਜਾ ਸਕਦਾ ਹੈ। ਗੁਰੂ ਤੁਹਾਡੀ ਅਵਸਥਾ ਜਾਂਚ ਕੇ, ਦੇਖ ਕੇ ਤੁਹਾਨੂੰ ਤਰੀਕਾ ਦਸਦਾ ਹੈ, ਕੇਵਲ ਉਹ ਹੀ ਤੁਹਾਨੂੰ ਪਰਾ ਚੇਤਨਤਾ ਤਕ ਲੈ ਜਾ ਸਕਦਾ ਹੈ, ਇਸ ਸਭ ਕੁਝ ਲਈ ਗੁਰੂ ਦੀ ਦੇਖ ਰੇਖ ਗੁਰੂ ਦੀ ਅਗਵਾਈ, ਗੁਰੂ ਕ੍ਰਿਪਾ ਦੀ ਸਭ ਤੋਂ ਵੱਧ ਲੋੜ ਹੈ।

## ਗੁਰੂ ਤੇ ਮੰਤਰ

ਅਗਵਾਈ ਕਰਨ ਦੀ ਪੱਥ ਪ੍ਰਦਰਸ਼ਕ ਦੀ ਪਹਿਲੀ ਪਉੜੀ ਹੈ, ਦੀਕਸ਼ਾ ਦੇਣਾ, ਇਕ ਕੋਈ ਖਾਸ ਮੰਤਰ ਦੇਣਾ, ਕਿਸੇ ਸ਼ਬਦ ਤੇ ਇਕਾਗਰ ਹੋਣ ਕਿਸੇ ਧੁਨ ਤੇ ਇਕਾਗਰ ਹੋਣਾ। ਸਰੀਰ ਵਿਚ ਵੱਖ-ਵੱਖ ਚੱਕਰ ਹਨ, ਕਿਸ ਇਕ ਚੱਕਰ ਤੇ ਇਕਾਗਰ ਹੋਣਾ ਕਿਸੇ ਇਕ ਕੇਂਦਰ ਤੇ ਇਕਾਗਰ ਹੋਣਾ ਫੇਰ ਉਸ ਕੇਂਦਰ ਦੀ ਸ਼ਕਤੀ ਨੂੰ ਜਾਗ੍ਰਿਤ ਕਰਨਾ, ਸੂਖਮ ਸ਼ਕਤੀ ਨੂੰ ਉਜਾਗਰ ਕਰਨਾ ਤੇ ਨਾੜੀਆਂ ਨੂੰ ਖੋਲ੍ਹ ਦੇਣਾ। ਇਹ ਸਭ ਕੁਝ ਜਗਿਆਸੂ ਆਪਣੇ ਆਪ ਨਹੀਂ ਕਰ ਸਕਦਾ, ਇਹ ਸਭ ਕੁਝ ਕੇਵਲ ਗੁਰੂ ਦੀਕਸ਼ਾ ਨਾਲ ਗੁਰੂ ਦੀ ਸ਼ਕਤੀ ਨਾਲ ਹੀ ਹੋ ਸਕਦਾ ਹੈ। ਗੁਰੂ ਦੀ ਪਰੰਪਰਾ ਨਾਲ ਸੰਭਵ ਹੈ ਕਿਉਂਕਿ ਜੋ ਗੁਰੂ ਪਰੰਪਰਾ ਨਾਲ ਹੀ ਗੁਰੂ ਕ੍ਰਿਪਾ ਗੁਰੂ ਸ਼ਕਤੀ ਗੁਰੂ ਕ੍ਰਿਪਾ ਚਲੀ ਆਉਂਦੀ ਹੈ ਜੋ ਕਿ ਹਜ਼ਾਰਾਂ ਸਾਲ ਤੋਂ ਚਲੀ ਆ ਰਹੀ ਹੈ, ਦੀਕਸ਼ਾ ਇਸ ਤੋਂ ਅੱਗੇ ਵੀ ਹੈ। ਉਨਤ ਪੌੜੀਆਂ ਲਈ ਵਧੇਰੇ ਵਿਕਸਿਤ ਹੋਣ ਲਈ ਭਾਵ ਇਕ ਤੋਂ ਬਾਅਦ ਇਕ, ਇਹ ਉਦੋਂ ਤਕ ਚਲਦੀ ਰਹਿੰਦੀ ਹੈ ਜਦੋਂ ਤਕ ਜਗਿਆਸੂ ਪੂਰਨ ਆਤਮਕ ਸਿੱਧੀ ਤੇ ਨਹੀਂ ਪਹੁੰਚ ਜਾਂਦਾ, ਜਿਹੜਾ ਉਸਦਾ ਮੂਲ ਰੂਪ ਹੈ, ਪਰ ਇਹ ਸਭ ਕੁਝ ਹੁੰਦਾ ਗੁਰੂ ਕ੍ਰਿਪਾ ਨਾਲ ਹੀ ਹੈ।

ਸੰਸਕ੍ਰਿਤ ਦੇ ਦੋ ਸ਼ਬਦ ਹਨ ਧਿਆਨ ਤੇ ਨਿਧਿਆਸਨ। ਬਹੁਤ ਵਾਰੀ ਇਨ੍ਹਾਂ ਦੋਨਾਂ ਨੂੰ ਹੀ ਮੈਡੀਟੇਸ਼ਨ ਕਿਹਾ ਜਾਂਦਾ ਹੈ ਪਰ ਇਨ੍ਹਾਂ ਵਿਚ ਭੇਦ ਹਨ। ਨਿਧਿਆਸਨ ਤਾਂ ਇਕ ਤਰ੍ਹਾਂ ਨਾਲ ਸਮੀਖਿਆ ਹੈ, ਮਾਨਸਿਕ ਅਲੋਚਨਾ ਹੈ, ਚਿੰਤਨ ਹੈ, ਧਿਆਨ ਹੈ ਇਹ ਤਰੀਕਾ ਵੇਦਾਂਤ ਦੇ ਮੱਠਾਂ ਵਿਚ ਵਰਤਿਆ ਜਾਂਦਾ ਹੈ। ਇਸ ਵਿਧੀ ਅਨੁਸਾਰ ਇਕ ਸੰਨਿਆਸੀ ਮੱਠਵਾਦੀ ਇਕ ਜਗਿਆਸੂ ਨੂੰ ਕੋਈ ਸ਼ਬਦ ਦੇ ਦਿੰਦਾ ਹੈ ਕਿ ਉਹ ਉਸ ਉਤੇ ਚਿੰਤਨ ਕਰੇ ਉਹ ਸ਼ਬਦ ਜਾਂ ਵਾਕ ਮਿਸਾਲ ਵਜੋਂ ਜਿਵੇਂ ਹੋਵੇ 'ਤੂੰ ਹੀ ਉਹ ਹੈ' ਜਾਂ 'ਮੈਂ ਹੀ ਬ੍ਰਹਮ ਹਾਂ' ਇਸ ਤੋਂ ਸ਼ੁਰੂ ਹੋ ਕੇ ਜਗਿਆਸੂ ਇਸ ਤੇ ਚਿੰਤਨ ਕਰਦਾ ਰਹਿੰਦਾ ਹੈ, ਜਦੋਂ ਤਕ ਉਹ ਬੌਧਿਕ ਗਿਆਨ ਤੋਂ ਪਰ੍ਹੇ ਅਨੁਭਵ ਅਤੀਤ ਤਕ ਨਹੀਂ ਪਹੁੰਚ ਜਾਂਦਾ, ਜਦੋਂ ਤਕ ਉਹ ਵਿਅਕਤੀਤ੍ਵ ਦੇ ਅੰਦਰ ਸਮਾਅ ਨਹੀਂ ਜਾਂਦਾ, ਜਗਿਆਸੂ ਜਦੋਂ ਤਕ ਅੰਦਰ ਗਿਆਨ ਦਾ ਅਨੁਭਵ ਨਾ ਕਰ ਲਵੇ, ਜਦੋਂ ਤਕ ਜਗਿਆਸੂ ਸਤਿ ਦਾ ਅਨੁਭਵ ਅੰਦਰੋਂ ਨਾ ਕਰ ਲਵੇ।

ਧਿਆਨ ਜਾਂ ਮੈਡੀਟੇਸ਼ਨ ਇਕ ਅਲੱਗ ਤਰੀਕਾ ਹੈ। ਇਸ ਵਿਚ ਚੇਤਨ ਪੱਧਰ ਤੇ ਚੇਤਨਾ ਨੂੰ ਕਾਬੂ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇੰਦ੍ਰੀਆਂ ਨੂੰ ਕਾਬੂ ਕਰਕੇ ਅੰਦਰ ਮੋੜਿਆ ਜਾਂਦਾ ਹੈ, ਇੰਦ੍ਰੀਆਂ ਨੂੰ ਕਾਬੂ ਕਰਕੇ ਅੰਦਰ ਮੋੜਿਆ ਜਾਂਦਾ ਹੈ, ਇਕਾਗਰ ਹੋਣ ਦਾ ਜਤਨ ਕੀਤਾ ਜਾਂਦਾ ਹੈ ਇਕ ਵਿਸ਼ੇ ਤੇ ਮਨ ਨੂੰ ਲਗਾਇਆ ਜਾਂਦਾ ਹੈ। ਇਸ ਤੋਂ ਬਾਅਦ ਬਿਲਕੁਲ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਤੁਸੀਂ ਇਕ ਭਾਂਡੇ ਤੋਂ ਦੂਸਰੇ ਭਾਂਡੇ ਵਿਚ ਤੇਲ ਪਾਉਂਦੇ ਹੋ, ਇਸੇ ਤਰ੍ਹਾਂ ਇਕਾਗਰਤਾ ਮੈਡੀਟੇਸ਼ਨ ਵਿਚ ਮਿਲਦੀ ਰਹਿੰਦੀ ਹੈ। ਇਸ ਤਰ੍ਹਾਂ ਨਾਲ ਜਦੋਂ ਮਨ ਇਕਾਗਰ ਹੋ ਜਾਂਦਾ ਹੈ ਫੇਰ ਸਮੇਂ ਦੀ ਕੋਈ ਸੀਮਾ ਨਹੀਂ ਰਹਿੰਦੀ, ਅੰਦਰ ਗਿਆਨ ਆ ਜਾਂਦਾ ਹੈ।

ਮਨ ਦੀ ਇਕਾਗਰਤਾ ਤੋਂ ਇਕ ਵਿਸ਼ੇ ਤੇ ਇਕੱਤਰ ਹੋਣ ਤੋਂ ਬਾਅਦ ਚੇਤਨਤਾ ਦਾ ਵਿਸਤਾਰ ਹੋ ਕੇ ਪਰਾਚੇਤਨਾ ਤਕ ਪਹੁੰਚਣਾ ਕੇਵਲ ਗੁਰੂ ਕ੍ਰਿਪਾ ਨਾਲ ਹੀ ਹੋ ਸਕਦਾ ਹੈ। ਗੁਰੂ ਕ੍ਰਿਪਾ ਤੋਂ ਬਿਨਾਂ ਜਿਹੜਾ ਜਗਿਆਸੂ ਇਕਾਗਰ ਹੋ ਕੇ ਚੇਤਨ ਮਨ ਨੂੰ ਸ਼ਾਂਤ ਕਰ ਲੈਂਦਾ ਹੈ ਉਹ

ਕੇਵਲ ਅਚੇਤ ਮਨ ਦੀ ਉਪਰ ਦੇ ਪੱਧਰ ਤਕ ਹੀ ਰਹਿ ਸਕਦੇ ਹਨ ਇਹ ਤਾਂ ਇਕ ਭੁੱਲ ਭੁਲਾਈਆਂ ਹੈ ਤੁਸੀਂ ਕਿਸੇ ਮਾਰਗ ਤੇ ਪੈ ਕੇ ਭਟਕ ਵੀ ਸਕਦੇ ਹੋ, ਫੇਰ ਉਹ ਜਗਿਆਸੂ ਅਚੇਤ ਮਨ ਤੋਂ ਅੱਗੇ ਨਹੀਂ ਜਾ ਸਕਦਾ, ਭਾਵ ਉਹ ਪਰਾ ਚੇਤਨ ਅਵਸਥਾ ਤਕ ਨਹੀਂ ਪਹੁੰਚ ਸਕਦਾ। ਗੂੜ੍ਹ ਵਿਦਿਆ, ਕਾਲਾ ਜਾਦੂ ਜਾਂ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ ਉਹ ਕੇਵਲ ਇਸ ਅਨੁਭਵ ਤੋਂ ਹੀ ਆਉਂਦੀਆਂ ਹਨ, ਉਹ ਅਚੇਤ ਮਨ ਦੇ ਹਨ੍ਹੇਰੇ ਵਿਚੋਂ ਹੀ ਨਿਕਲਦੀਆਂ ਹਨ ਇਹ ਉਹ ਅਵਸਥਾ ਹੈ ਜਿਹੜੀ ਚੇਤਨ ਅਵਸਥਾ ਤੋਂ ਅਚੇਤ ਮਨਾਂ ਵਿਚ ਲੈ ਜਾਂਦੀ ਹੈ, ਇਹ ਉਹ ਅਵਸਥਾ ਨਹੀਂ ਹੈ ਜਿਹੜੀ ਚੜ੍ਹਦੀ ਅਵਸਥਾ ਹੋਵੇ ਤੇ ਚੇਤਨ ਮਨ ਸ਼ੁੱਧਤਾ ਤੋਂ ਪਰਾਚੇਤਨ ਅਵਸਥਾ ਵਿਚ ਲੈ ਜਾਵੇ।

ਆਓ ਹੁਣ ਅਸੀਂ ਕੁਝ ਕੁ ਉਹ ਤਕਨੀਕਾਂ ਦੇਖ ਲਈਏ ਜਿਹੜੀਆਂ ਗੁਰੂ ਜਦੋਂ ਦਸਦਾ ਹੈ ਉਹ ਤੁਹਾਨੂੰ ਪਰਾ ਚੇਤਨਾ ਵਿਚ ਲੈ ਜਾਂਦੀਆਂ ਹਨ, ਤੁਸੀਂ ਪਰਾ ਚੇਤਨਾ ਦੇ ਅਨੁਭਵ ਲੈ ਸਕਦੇ ਹੋ (ਪਰ ਯਾਦ ਰਹੇ ਕਿ ਭਾਵੇਂ ਇਹ ਤਰੀਕੇ ਪੁਸਤਕਾਂ ਵਿਚ ਵਿਸਤਾਰ ਨਾਲ ਦਿਤੇ ਗਏ ਹਨ ਫੇਰ ਵੀ ਇਹ ਜਗਿਆਸੂ ਨੂੰ ਬਹੁਤ ਦੂਰ ਤਕ ਨਹੀਂ ਲੈ ਕੇ ਜਾ ਸਕਦੇ, ਕੇਵਲ ਉਹ ਹੀ ਤਰੀਕਾ ਫਲੀਭੂਤ ਹੋਵੇਗਾ ਜਿਹੜਾ ਤੁਹਾਡੇ ਗੁਰੂ ਨੇ ਤੁਹਾਨੂੰ ਦੱਸਿਆ ਹੈ ਭਾਵ ਗੁਰੂ ਕ੍ਰਿਪਾ ਤੋਂ ਬਿਨਾਂ ਇਹ ਸਭ ਕੁਝ ਅੱਗੇ ਨਹੀਂ ਚਲ ਸਕਦਾ) ਪੰਤਾਜਲ ਦੇ ਯੋਗ ਸੂਤਰ ਵਿਚ ਮੈਡੀਟੇਸ਼ਨ ਦੇ ਬਹੁਤ ਸਾਰੇ ਤਰੀਕੇ ਦਿਤੇ ਗਏ ਹਨ ਜਿਹੜੇ ਕਿ ਜਗਿਆਸੂ ਨੂੰ ਯੋਗਤਾ ਅਨੁਸਾਰ ਉਸ ਦੀ ਸਮਰਥਾ ਅਨੁਸਾਰ ਵਰਤੇ ਜਾਣੇ ਚਾਹੀਦੇ ਹਨ ਉਨ੍ਹਾਂ ਵਿਚੋਂ ਇਕ ਤਰੀਕਾ ਹੈ ਮੰਤਰ ਯੋਗ। ਮੰਤਰ ਸ਼ਬਦ ਦੇ ਅਰਥ ਹਨ, ਉਹ ਸ਼ਬਦ ਜਿਹੜਾ ਮਨ ਨੂੰ ਸਾਰੇ ਦੁਖਾਂ ਸੰਤਾਪਾਂ, ਮਾਨਸਿਕ ਦੁਖ ਤੋਂ ਛੁਟਕਾਰਾ ਦਿਵਾ ਦੇਵੇ ਸੰਕਟ ਤੋਂ ਛੁਟਕਾਰਾ ਦਵਾ ਦੇਵੇ, ਇਹ ਗੁਰੂ ਦੀ ਗੁਪਤ ਸਿਖਿਆ ਹੈ ਹੈ, ਮੰਤਰ ਗੁਰੂ ਦਾ ਬਖਸ਼ਿਆ ਸੰਕਟ ਤੋਂ ਛੁਟਕਾਰਾ ਪਾਉਣ ਦਾ ਗੁਪਤ ਸਾਧਨ ਹੈ। ਮੰਤਰ ਦੀਕਸ਼ਾ ਤੋਂ ਬਾਅਦ ਗੁਰੂ ਜਗਿਆਸੂ ਨੂੰ ਦਿੰਦਾ ਹੈ ਜਿਸਨੂੰ ਜਪ ਕੇ ਜਗਿਆਸੂ ਸਤਿ ਤੱਕ ਪਹੁੰਚ ਸਕਦਾ ਹੈ। ਮੰਤਰ ਇਕ ਪਵਿੱਤਰ ਸ਼ਬਦ ਹੈ। ਹਰ ਸ਼ਬਦ ਮੰਤਰ ਨਹੀਂ ਹੋ ਸਕਦਾ ਨਾ ਹੀ ਮੰਤਰ ਗੁਰੂ ਦਾ ਆਪਣਾ ਬਣਾਇਆ ਸ਼ਬਦ ਹੁੰਦਾ ਹੈ, ਇਹ ਤਾਂ ਸਦੀਆਂ ਤੋਂ ਵੱਖ-ਵੱਖ ਪਰੰਪਰਾਵਾਂ ਵਿਚ ਚਲਦੇ ਆ ਰਹੇ ਹਨ, ਇਹ ਇਕ ਤੋਂ ਬਾਅਦ ਇਕ ਜਗਿਆਸੂ ਨੂੰ ਸੰਤਾਂ ਨੂੰ ਦਿਤੇ ਜਾਂਦੇ ਹਨ ਬਹੁਤ ਵਾਰੀ ਯੋਗੀਆਂ ਨੂੰ ਮਹਾਂਪੁਰਖਾਂ ਨੂੰ ਮੰਤਰ ਗਿਆਨ ਉਨ੍ਹਾਂ ਦੀ ਪਰਾ ਚੇਤਨ ਅਵਸਥਾ ਵਿਚ ਵੀ ਹੋਇਆ ਹੈ। ਮੰਤਰ ਵਿਗਿਆਨ ਨੂੰ ਬਹੁਤ ਹੀ ਢੁਕਵਾਂ ਨਿਸ਼ਚਿਤ ਹੁੰਦਾ ਹੈ, ਬਹੁਤ ਘੱਟ ਲੋਕ ਹੀ ਇਸ ਦੀ ਮਹੱਤਤਾ ਜਾਣਦੇ ਹਨ ਜਾਂ ਸਮਝ ਸਕਦੇ ਹਨ। ਪਰ ਜਦੋਂ ਇਕ ਵਾਰੀ ਦੀਕਸ਼ਾ ਮਿਲ ਜਾਂਦੀ ਹੈ ਜਗਿਆਸੂ ਮੰਤਰ ਨੂੰ ਜਪਦਾ ਹੈ, ਉਸ ਤੇ ਮੈਡੀਟੇਸ਼ਨ ਕਰਦਾ ਹੈ, ਜੀਵਨ ਭਰ ਕਰਦਾ ਰਹਿੰਦਾ ਹੈ, ਫੇਰ ਹੌਲੀ-ਹੌਲੀ ਜਪਦਿਆਂ-ਜਪਦਿਆਂ ਸਮਾਧੀ ਦੀ ਅਵਸਥਾ ਤੇ ਪਹੁੰਚ ਜਾਂਦਾ ਹੈ।

ਮੰਤਰ ਨੂੰ ਬਾਰ-ਬਾਰ ਕਰਨ ਨੂੰ ਜਪ ਕਿਹਾ ਜਾਂਦਾ ਹੈ, ਮੰਤਰ ਜਪਣਾ ਜਗਿਆਸੂ ਦੇ ਜੀਵਨਾਂ ਦਾ ਇਕ ਅਨ-ਨੇਖੜਵਾਂ ਭਾਗ ਬਣ ਜਾਣਾ ਹੁੰਦਾ ਹੈ। ਮੰਤਰ ਨੂੰ ਬਾਰ-ਬਾਰ ਕਰਨ ਤੋਂ ਬਾਅਦ ਜਗਿਆਸੂ ਸੁਤੇ ਹੀ ਮੈਡੀਟੇਸ਼ਨ ਅਵਸਥਾ ਤੇ ਪਹੁੰਚ ਜਾਂਦਾ ਹੈ ਉਸ ਦੇ ਅਰਥ ਜਾਣ ਜਾਂਦਾ ਹੈ ਫੇਰ ਸਚਾਈ ਤਕ ਪਹੁੰਚ ਜਾਂਦਾ ਹੈ। ਮੰਤਰ ਅਚੇਤ ਮਨ ਦੇ ਪੱਧਰ ਤੇ ਵੀ ਕੰਮ ਕਰਦਾ ਹੈ, ਮਨੋ ਦਸ਼ਾ ਤੇ ਕਾਬੂ ਰੱਖਣਾ ਜਿਵੇਂ ਕਿ ਗੁੱਸੇ ਨੂੰ ਕਾਬੂ ਕਰਨਾ, ਲੋਭ ਨੂੰ ਮੋਹ ਨੂੰ ਸੁਸਤੀ ਨੂੰ ਤੇ ਹੋਰ ਕਈ ਅਵਸਥਾਵਾਂ ਨੂੰ। ਮੰਤਰ ਮਨ ਸ਼ੁੱਧ ਕਰਦਾ ਹੈ, ਇਕਾਗਰਤਾ ਵਿਚ ਵਾਧਾ ਕਰਦਾ ਹੈ ਜਿਸ ਨਾਲ ਪਰਾ ਚੇਤਨਤਾ ਵਿਚ ਬਦਲਾ ਆਉਂਦਾ ਹੈ ਤੇ ਪਰਾ ਚੇਤਨਾ ਵਧਦੀ ਹੈ। ਮੰਤਰ ਜਪ ਸਾਰੇ ਹੀ ਮਜ਼ਹਬਾਂ ਵਿਚ ਦੱਸਿਆ ਗਿਆ ਹੈ, ਇਹ ਕਿਹਾ ਗਿਆ ਹੈ ਕਿ ਮੰਤਰ ਜਪ ਇਕ ਪ੍ਰਕਾਰ ਦੀ ਪ੍ਰਾਰਥਨਾ ਹੀ ਹੈ।

ਗ੍ਰੰਥਾਂ ਵਿਚ ਦਸਿਆ ਗਿਆ ਹੈ ਜਦੋਂ ਜਗਿਆਸੂ ਤਿਆਰ ਹੁੰਦਾ ਹੈ ਗੁਰੂ ਸੁਤੇ ਹੀ ਪ੍ਰਗਟ ਹੋ ਜਾਂਦਾ ਹੈ, ਇਹ ਅਵਸ਼ਕ ਨਹੀਂ ਕਿ ਦੇਹਧਾਰੀ ਗੁਰੂ ਹੋਵੇ ਜਾਂ ਕਹਿ ਲਓ ਕਿ ਗੁਰੂ ਦੇਹ ਰੂਪ ਵਿਚ ਪ੍ਰਗਟ ਹੋਵੇ। ਹਿੰਦੂ ਮਜ਼ਹਬ ਵਿਚ ਤੁਹਾਨੂੰ ਇਹੋ ਜਿਹੇ ਬੜੇ ਉਦਾਹਰਣ ਮਿਲ ਜਾਣਗੇ ਜਦੋਂ ਕਿ ਗੁਰੂ ਨੇ ਸੁਪਨੇ ਵਿਚ ਆ ਕੇ ਜਗਿਆਸੂ ਨੂੰ ਦੀਕਸ਼ਾ ਦਿਤੀ, ਇਹ ਵੀ ਦੱਸਿਆ ਗਿਆ ਹੈ ਜਦੋਂ ਕੋਈ ਵੀ ਮਹਾਂਪੁਰਖ ਇਸ ਤਰ੍ਹਾਂ ਨਾਲ ਸੁਪਨੇ ਵਿਚ ਆ ਕੇ ਮੰਤਰ ਦੇ ਕੇ ਜਗਿਆਸੂ ਨੂੰ ਦੀਰਸ਼ਾ ਦਿੰਦਾ ਹੈ ਉਹ ਬਹੁਤ ਹੀ ਪਵਿੱਤਰ ਜਾਣਿਆ ਜਾਂਦਾ ਹੈ, ਸਾਧਾਰਣ ਰੂਪ ਵਿਚ ਦੇਹਧਾਰੀ ਗੁਰੂ ਤੋਂ ਮੰਤਰ ਲੈਣ ਤੋਂ ਇਸ ਤਰ੍ਹਾਂ ਸੁਪਨੇ ਵਿਚ ਮੰਤਰ ਲੈਣਾ ਪਵਿੱਤਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਦਿਤੇ ਮੰਤਰ ਤੇ ਇਕਾਗਰ ਹੋ ਕੇ ਮੈਡੀਟੇਸ਼ਨ ਕਰਨੀ ਵੀ ਇਕ ਵਿਧੀ ਹੈ ਪਰ ਜਗਿਆਸੂ ਨੂੰ ਏਸ ਗੱਲੋਂ ਸਤਰਕ ਰਹਿਣਾ ਚਾਹੀਦਾ ਹੈ ਕਿ ਉਸ ਦੇ ਸਾਰੇ ਸੁਪਨੇ ਹੀ ਕੋਈ ਰੂਹਾਨੀ ਸੁਪਨੇ, ਦੈਵੀ ਸੁਪਨੇ ਨਹੀਂ ਹੁੰਦੇ। ਰੂਹਾਨੀ ਸੁਪਨਿਆਂ ਨਾਲ ਤਾਂ ਅਨੰਦ ਆਉਂਦਾ ਹੈ ਬਹੁਤ ਸਾਰੇ ਆਮ ਗਿਆਨ ਹੁੰਦੇ ਹਨ ਇਹੋ ਜਿਹੇ ਸੁਪਨੇ ਆਮ ਸੁਪਨਿਆਂ ਤੋਂ ਬਿਲਕੁਲ ਵੱਖ ਹੁੰਦੇ ਹਨ, ਹਟ ਕੇ ਹੁੰਦੇ ਹਨ।

(ਪੰਨਾ 37 ਦੀ ਬਾਕੀ)

ਦੀ ਗੱਲ ਵੀ ਮੈਂ ਤੈਨੂੰ ਦਸਦਾ ਹਾਂ। ਗਊ ਨਵੀਂ ਸੂਈ ਹੈ ਉਹ ਚੁਗਣ ਵਾਸਤੇ ਛੱਡ ਦਿਤੀ, ਤਿੰਨ ਚਾਰ ਮੀਲ ਤੇ ਚਰਾਗਾਹ ਦੇ ਵਿਚ ਚੁਗਦੀ ਹੈ, ਲੇਕਿਨ ਕਰਦੀ ਕੀ ਹੈ ਥੋੜ੍ਹੀ ਜਿਹੀ ਦੇਰ ਬਾਅਦ ਪਿੰਡ ਵਲ ਨੂੰ ਮੂੰਹ ਕਰਕੇ ਰੰਭਣਾ ਸ਼ੁਰੂ ਕਰ ਦਿੰਦੀ ਹੈ, ਕਿਉਂਕਿ ਉਹਦੇ ਅੰਦਰ ਬੱਚੇ ਦੀ ਯਾਦ ਗਹਿਰਾ ਚਲੀ ਗਈ। ਜਿਹੜੀ ਯਾਦ ਆਦਮੀ ਦੇ ਅੰਦਰ ਗਹਿਰੀ ਚਲੀ ਜਾਵੇ, ਉਹ ਨਹੀਂ ਭੁਲਿਆ ਕਰਦੀ, ਜਿਹੜੀ ਪੇਤਲੀ ਹੋਵੇ, ਓਹਨੂੰ ਆਦਮੀ ਭੁੱਲ ਜਾਂਦਾ ਹੈ ਸੋ ਪਿਆਰਿਆ! ਪ੍ਰਮੇਸ਼ਰ ਨੂੰ ਹਿਰਦੇ 'ਚ ਵਸਾ ਲੈ। ਜਦੋਂ ਪ੍ਰਮੇਸ਼ਰ ਨਾਲ ਪਿਆਰ ਪੈ ਗਿਆ, ਹਿਰਦੇ ਦੀਆਂ ਗਹਿਰੀਆਂ ਪਰਤਾਂ ਵਿਚ ਚਲਿਆ ਗਿਆ, ਤਾਂ ਹੱਥ ਪੈਰ ਤਾਂ ਜਿਹੜੇ ਨੇ ਉਨ੍ਹਾਂ ਨੇ ਤਾਂ ਕੰਮ ਕਰਨਾ ਹੀ ਕਰਨਾ ਹੈ, ਹੱਥਾਂ ਨੇ ਤਾਂ ਨਾਮ ਨਹੀਂ ਨਾ ਜਪਣਾ, ਮਾਲਾਂ ਤਾਂ ਨਹੀਂ ਘੁੰਮਾਉਣੀ ਹੈ। ਨਾਮ ਤਾਂ ਅੰਦਰ ਸੁਰਤੀ ਨੇ ਜਪਣਾ ਹੈ, ਅੰਦਰਲੀ ਲਗਨ ਨੇ ਜਪਣਾ ਹੈ, ਅੰਦਰਲੀ ਤਹਿ 'ਚ ਚਲਿਆ ਗਿਆ, ਨਾਮ ਐਨਾ ਚਲਿਆ ਗਿਆ ਕਿ ਹੁਣ ਜੇ ਨਾਮ ਜ਼ਰਾ ਕੁ ਭੁੱਲ ਜਾਏ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਦੱਸਣ ਦੇ ਮੁਤਾਬਿਕ ਐਉਂ ਹੋਇਆ ਕਰਦਾ ਹੈ –

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ – ੯*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ – ੭੦੮*

ਕਹਿਣ ਲੱਗੇ ਤ੍ਰਿਲੋਚਨ ਜੀ! ਨਾਮ ਉਪਰਲੀ ਪਰਤ 'ਚ ਨਹੀਂ ਹੁੰਦਾ, ਨਾਮ ਤਾਂ ਹੇਠਲੀ ਪਰਤ 'ਚ ਹੁੰਦਾ ਹੈ, ਕਿਉਂਕਿ ਸਭ ਤੋਂ ਕੀਮਤੀ ਚੀਜ਼ ਕੀਮਤੀ ਥਾਂ ਤੇ ਰੱਖੀ ਜਾਂਦੀ ਹੈ, ਜਦੋਂ ਨਾਮ ਅੰਦਰਲੀਆਂ ਪੜਤਾਂ ਦੇ ਵਿਚੋਂ ਡੂੰਘਿਆਈ 'ਚ ਚਲਿਆ ਗਿਆ, ਫੇਰ ਬਾਹਰਲੀਆਂ ਚੀਜ਼ ਗੌਣ ਹੋ ਜਾਂਦੀਆਂ ਨੇ, ਨਾਮ ਪ੍ਰਥਮ ਹੋ ਜਾਂਦਾ ਹੈ। ਸੋ ਨਾਮ ਇਸ ਤਰ੍ਹਾਂ ਨਹੀਂ ਹੁੰਦਾ ਕਿ ਬੈਠ ਕੇ, ਚੁੱਪ ਕਰਕੇ ਕੋਈ ਜਪ ਰਿਹਾ ਹੈ। ਇਹ ਤਾਂ ਜਿਹੜੇ very biggner ਜਿਹੜੇ ਹੁੰਦੇ ਨੇ ਉਹਨੂੰ ਮਹਾਂਪੁਰਸ਼ ਪਹਿਲਾਂ ਕਹਿੰਦੇ ਨੇ ਮਾਲਾ ਨਾਲ ਜਪ, ਫੇਰ ਕਹਿੰਦੇ ਨੇ ਹੁਣ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਕਰੀ ਜਾਹ, ਫੇਰ ਸ੍ਵਾਸ ਕਰ ਦਿੰਦੇ ਕਿ ਸ੍ਵਾਸ ਨਾਲ ਜਪ। ਅੰਦਰ ਨੂੰ ਸ੍ਵਾਸ ਜਾਂਦਾ ਹੈ, ਬਾਹਰ ਨੂੰ ਆਉਂਦਾ ਹੈ। ਪਹਿਲਾਂ ਤੂੰ ਮੰਜ਼ਲਾਂ ਤਹਿ ਕਰ, ਐਵੇਂ ਨਾ ਸੁਣੀਆਂ ਸੁਣਾਈਆਂ ਗੱਲਾਂ ਤੇ ਚੱਲ। ਨਾਮ ਨਹੀਂ ਟਿਕਿਆ ਕਰਦਾ, ਚਲਦਾ ਨਹੀਂ ਹੈ, ਜਦੋਂ ਤੱਕ ਪਹਿਲੀ, ਦੂਜੀ, ਤੀਜੀ, ਚੌਥੀ, ਪੰਜਵੀਂ, ਅੱਠਵੀਂ ਜਮਾਤ ਨਹੀਂ ਪੜ੍ਹਦਾ। ਸੋ ਉਸ ਤੋਂ ਬਾਅਦ ਨਾਮ ਜਿਹੜਾ ਹੈ ਆਗਿਆ ਚੱਕਰ 'ਚ ਚਲਿਆ ਜਾਂਦਾ ਹੈ, mental ਨਾਮ। ਨਾਮ ਉਹਦੇ ਅਨਹਦ ਸ਼ਬਦ ਦੀ ਮਦਦ ਹੋ ਜਾਂਦੀ ਹੈ। ਵਿਵੇਕ ਮੰਡਲ 'ਚ ਨਾਮ ਜਾ ਕੇ ਬਦਲ ਜਾਂਦਾ ਹੈ, ਆਤਮ ਚਿੰਤਨ ਹੋ ਜਾਂਦਾ ਹੈ ਤੇ ਪ੍ਰਕਾਸ਼ ਅੰਦਰ ਹੋ ਜਾਂਦਾ ਹੈ। ਪ੍ਰਕਾਸ਼ ਬਿਜਲੀ ਵਰਗਾ ਨਹੀਂ ਹੁੰਦਾ, ਸੂਰਜ ਵਰਗਾ ਨਹੀਂ ਹੁੰਦਾ, ਗਿਆਨ ਦਾ ਪ੍ਰਕਾਸ਼ ਉਦੈ ਹੋ ਜਾਂਦਾ ਹੈ। ਆਪਣੇ ਆਪ ਗੱਲ ਅੰਦਰੋਂ ਆਉਣੀ ਸ਼ੁਰੂ ਹੋ ਜਾਂਦੀ ਹੈ। ਇਹਨੂੰ ਅਨੁਭਵ ਦਾ ਨਾਮ ਕਹਿੰਦੇ ਨੇ। ਫੇਰ ਤੂੰ ਦਸਵੇਂ ਦੁਆਰ 'ਚ ਨਾਮ ਜਪ, ਕਿਉਂਕਿ ਇਸ ਤਰ੍ਹਾਂ ਨਾਮ ਦੀਆਂ ਡੂੰਘੀਆਂ ਪੜਤਾਂ 'ਚ ਗਿਆ, ਫੇਰ ਇਹਦੀ ਲੋੜ ਨਹੀਂ ਹੈ। ਲੋੜ ਹੈ –

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ॥*

*ਅੰਗ – ੧੩੭੬*

ਕਹਿਣ ਲੱਗੇ, ਤਿਲੋਚਨ ਜੀ! ਨਾਮ ਤਾਂ ਹਿਰਦੇ ਨੇ ਜਪਣਾ ਹੈ। ਜਦੋਂ ਹੱਥਾਂ ਨਾਲ ਕੰਮ ਕਰਦੇ ਹਾਂ, ਫੇਰ ਅੰਦਰੋਂ ਵਾਹਿਗੁਰੂ-ਵਾਹਿਗੁਰੂ ਰੋਕਣ ਵਾਲੀ ਤਾਂ ਕੋਈ ਚੀਜ਼ ਨਹੀਂ ਹੈ। ਜੇ ਕਹੋ ਕਿ ਦਿਮਾਗ ਕੰਮ ਕਰਦਾ ਹੈ, ਤਾਂ ਫੇਰ ਰਸਨਾ ਨਾਲ। ਆਟੋਮੈਟਿਕਲੀ ਨਾਮ ਨੇ ਰਸਨਾ ਤੇ ਆ ਜਾਣਾ ਹੈ। ਜਿਨ੍ਹਾਂ ਨੇ ਨਾਮ ਜਪਿਆ ਹੈ ਉਨ੍ਹਾਂ ਨੂੰ ਪਤਾ ਹੈ। ਉਹ ਰੁਝੇਵਿਆਂ ਦੇ ਅੰਦਰ, ਰੇਡੀਓ ਚਲਦਾ ਹੋਵੇ, ਟੈਲੀਵੀਜ਼ਨ ਚਲਦਾ ਹੋਵੇ, ਰੌਲਾ ਪਿਆ ਹੋਵੇ ਜਿਹਦਾ ਪਰਪੱਕ ਹੈ ਨਾਮ ਉਹ ਚਲ ਰਿਹਾ ਹੈ ਆਪਣੇ ਆਪ ਹੀ ਅੰਦਰ। ਧੁਨ ਚਲ ਰਹੀ ਹੈ ਨਾਮ ਦੀ। ਬਾਹਰਲਾ ਨਹੀਂ ਸੁਣਦਾ ਉਸਨੂੰ ਕੁਛ ਵੀ, ਅੰਦਰਲਾ ਸੁਣਦਾ ਹੈ। ਸੋ ਨਾਮ ਤਾਂ ਐਸੀ ਚੀਜ਼ ਹੈ ਇਕ ਵਾਰੀ ਚਲਿਆ ਗਿਆ ਅੰਦਰ, ਫੇਰ ਨਹੀਂ ਇਹ ਨਿਕਲਿਆ ਕਰਦਾ। ਫੇਰ ਅੰਦਰ ਥਾਉਂ ਬਣਾ ਲੈਂਦਾ ਹੈ ਆਪਣੀ, ਦੂਸਰਾ ਹੈਗਾ ਸੋਝੀ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਹੀਂ ਹੈ। ਇਹ ਤਾਂ ਹੱਥ ਪੈਰ ਕੰਮ ਕਰਦੇ ਨੇ ਠੀਕ ਹੈ, ਪਰ ਸੁਰਤੀ ਤਾਂ ਪ੍ਰਮੇਸ਼ਰ ਦੇ ਨਾਲ ਲੱਗੀ ਹੋਈ ਹੈ ਨਾ। ਇਹ ਜੁਗਤ ਗੁਰਸਿੱਖਾਂ ਦੇ ਵਿਚ ਆਮ ਸੀਗੀ। ਲਿਵ ਸੀ, ਲਿਵ ਦਾ ਜੀਵਨ ਬਤੀਤ ਕਰਦੇ ਸੀ। ਜਿਸ ਬੰਦੇ ਦਾ ਜੀਵਨ ਲਿਵ ਵਿਚ ਆ ਜਾਏਗਾ, ਉਹ ਜੀਉਂਦਾ ਜੀਵਨ ਹੋ ਜਾਂਦਾ ਹੈ, ਜਿਹਦੇ ਅੰਦਰ ਲਿਵ ਨਹੀਂ ਅਜੇ ਆਈ, ਉਹ ਕਿੰਨਾ ਹੀ ਪੜ੍ਹਿਆ ਹੋਇਆ ਹੈ ਮਹਾਰਾਜ ਕਹਿੰਦੇ, ਉਹ ਤਾਂ ਮੁਰਦੇ ਨੇ ਸਾਰੇ ਇਕੱਠੇ ਹੋਏ ਹੋਏ। ਉਨ੍ਹਾਂ 'ਚ ਜੀਵਨ ਰਾਓ ਨਹੀਂ ਰੁਮਕਿਆ ਕਰਦੀ, ਮੁਰਦੇ ਹੁੰਦੇ ਨੇ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*

*ਅੰਗ - ੨੫੩*

ਪਿਆਰ ਜਿਨ੍ਹਾਂ ਨੇ ਕਰਿਆ ਹੈ ਉਨ੍ਹਾਂ ਨੂੰ ਪਤਾ ਹੈ ਕਿ ਪਿਆਰ ਦੀ ਕਿੰਨੀ ਖਿੱਚ ਹੁੰਦੀ ਹੈ। ਕਿਵੇਂ ਇਕ ਦਮ ਬੈਠੇ-ਬੈਠੇ ਅਚਾਨਕ ਚੁੱਪ ਹੋ ਜਾਂਦੇ ਨੇ। ਸਿਆਣੇ ਜਾਣਦੇ ਨੇ ਕਹਿੰਦੇ ਨੇ ਕਿਹਨੂੰ ਚਿਤਵਦਾ ਹੈਂ ਤੂੰ, ਮਨ ਦੇ ਅੰਦਰ ਕੌਣ ਆ ਗਿਆ, ਬਾਹਰ ਆ ਸੁਰਤ ਦੇ। ਆਦਮੀ ਦੇ ਅੰਦਰ ਇਕ ਐਸੀ ਅਵਸਥਾ ਹੈ ਜਿਥੇ ਨਾਮ ਨਾਲ ਰਹਿ ਕੇ ਫੇਰ ਵੀ ਕੰਮ ਕਾਰ ਕਰ ਸਕਦਾ ਹੈ।

ਸੋ ਗੁਰਸਿੱਖਾਂ ਦਾ ਜੀਵਨ ਨਾਮਮਈ ਜੀਵਨ ਸੀ, ਹਰ ਵਕਤ ਨਾਮ ਵਿਚ ਰਹਿੰਦੇ ਸੀ, ਗੁਰੂ ਦੇ ਪਿਆਰ ਵਿਚ ਰਹਿੰਦੇ ਸੀ। ਗੁਰੂ ਦੇ ਪਿਆਰ ਤੋਂ ਬਾਹਰ ਨਹੀਂ ਸੀ ਹੁੰਦੇ। ਗੁਰੂ ਖਿੱਚਦਾ ਸੀ। ਕਿੰਨਾ ਖਿੱਚਦਾ ਸੀ। ਕਿੱਥੇ ਹੈ ਆਸਾਮ ਪੈਦਲ ਜਾਣਾ, ਹੁਣ ਤਾਂ ਅਸੀਂ ਕਾਰਾਂ ਤੇ ਨਹੀਂ ਜਾਂਦੇ, ਥੱਕ ਜਾਵਾਂਗੇ, ਪੈਦਲ ਚਲਦੇ ਸੀ ਕਿੱਥੇ ਲੰਕਾ ਹੈ, ਕਿੱਥੇ ਤਿੱਬਤ ਤੋਂ ਪਰਲੇ ਪਹਾੜ ਚੀਲ ਦੇ ਨੇ, ਕਿਥੇ ਤਾਸ਼ਕੰਦ ਹੈ, ਕਿੱਥੇ ਈਰਾਨ ਹੈ ਬਗਦਾਦ ਹੈ, ਕਿੱਥੋਂ-ਕਿੱਥੋਂ ਆਉਂਦੇ ਸੀ ਗੁਰਸਿੱਖ ਚੱਲ ਕੇ, ਕਿੰਨੇ ਜਫਰ ਜਾਲਦੇ ਸੀ, ਕਿੰਨੀਆਂ ਤਕਲੀਫਾਂ, ਖਾਣ ਪੀਣ ਦਾ ਪ੍ਰਬੰਧ ਕੋਈ ਨਾ, ਡਾਕੇ ਰਾਹਾਂ 'ਚ ਪੈਂਦੇ, ਕੋਈ ਹੈ ਨਹੀਂ ਸੀ, ਜਥੇ ਬਣਾ-ਬਣਾ ਕੇ ਤੁਰਦੇ ਸੀ, ਹੌਲੀ-ਹੌਲੀ ਗੁਰੂ ਕੋਲ ਪਹੁੰਚਦੇ ਸੀ। ਉਹ ਕੀ ਪਿਆਰ ਤੋਂ ਬਿਨਾਂ ਹੀ ਪਹੁੰਚਦੇ ਸੀ?

ਸੋ ਐਸਾ ਗੁਰਸਿੱਖਾਂ ਦਾ ਜੀਵਨ ਹੋ ਚੁੱਕਿਆ ਸੀ। ਤਨ, ਮਨ, ਧਨ ਗੁਰੂ ਤੋਂ ਪ੍ਰਵਾਨ ਕਰਦੇ ਸੀ। ਸੰਸਾਰ ਨੂੰ ਸੁਮੱਤ ਦਿੰਦੇ ਸੀ। ਸਿੱਧੇ ਰਸਤੇ ਪਾਉਂਦੇ ਸੀ, ਕਿਸੇ ਧਰਮ ਦੇ ਨਾਲ ਭੁੱਲ ਕੇ ਵੀ ਉਨ੍ਹਾਂ ਦੀ ਦੂਜਿਆਈ ਨਹੀਂ ਸੀ। ਉਹ ਕਹਿੰਦੇ ਸੀ ਕਿ ਜੇ ਤੂੰ ਇਸਲਾਮ ਵਾਲਾ ਹੈਂ ਪਿਆਰਿਆ ਨਮਾਜ਼ ਪੜ੍ਹਿਆ ਕਰ। ਗੁਰਸਿੱਖ ਦੇ ਦਿਲ ਵਿਚ ਦ੍ਵੈਸ਼ ਨਹੀਂ ਹੁੰਦੀ, ਉਹ ਰੋਜ਼ੇ ਵਾਲੇ ਨੂੰ ਕਹਿੰਦਾ ਹੈ ਤੂੰ ਰੋਜ਼ਾ ਰੱਖ, ਨਮਾਜ਼ ਵਾਲੇ ਨੂੰ ਕਹਿੰਦਾ ਹੈ ਨਮਾਜ਼ ਪੜ੍ਹ, ਜਿਹੜਾ ਗਾਇਤ੍ਰੀ ਪੜ੍ਹਦਾ ਹੈ ਉਹਨੂੰ ਵੀ ਉਠਾਲ ਦਿੰਦਾ ਹੈ ਕਿ ਚਲ ਤੂੰ ਜਾ ਕੇ ਪਾਠ ਨਹੀਂ ਕਰਿਆ, ਸੰਧਿਆ ਨਹੀਂ ਕਰੀ। ਗੁਰਸਿੱਖ ਨੇ ਸਾਰਿਆਂ ਨੂੰ ਉਨ੍ਹਾਂ ਦੇ ਧਰਮਾਂ 'ਚ ਚਲਾਉਣਾ ਹੈ। ਸੋ ਐਸੇ ਜੀਵਨ ਦੇ ਗੁਰਸਿੱਖ ਦੋ ਸੌ ਸਾਲ 'ਚ ਮਹਿਕ ਗਏ ਸਾਰੇ। ਫੁੱਲ ਵਰਗੀ ਖੁਸ਼ਬੂ ਫੈਲ ਗਈ। ਦੁਸ਼ਮਣ ਵੀ ਜਿਹੜੇ ਸੀਗੇ ਉਹ ਦੁਸ਼ਮਣੀਆਂ ਭੁੱਲ ਗਏ ਇਨ੍ਹਾਂ ਨਾਲ। ਓਸ ਵੇਲੇ ਐਨੇ ਚੰਗਿਆਂ ਦੇ ਵਿਚੋਂ ਗੁਰੂ ਮਹਾਰਾਜ ਨੇ ਕਸਵੱਟੀ ਲਾਈ ਪੰਜ ਦੀ ਲੋੜ ਸੀ ਆਪ ਨੂੰ, ਜੇ ਲੋੜ ਕਹਿੰਦੇ ਸੌ ਦੀ ਹੈ ਤਾਂ ਸੌ ਹੀ ਆ ਜਾਣਾ ਸੀ, ਪਰ ਪੰਜ ਚਾਹੀਦੇ ਸੀ। ਕਿਉਂਕਿ -

*ਪੰਚ ਪਰਵਾਣ ਪੰਚ ਪਰਧਾਨੁ ॥*
*ਪੰਚੇ ਪਾਵਹਿ ਦਰਗਹਿ ਮਾਨੁ ॥* *ਅੰਗ - ੩*

ਪੰਚ ਦੇ ਵਿਚ ਕਹਿੰਦੇ ਨੇ ਕਿ ਪ੍ਰਮੇਸ਼ਰ ਪੂਰਾ ਹੁੰਦਾ ਹੈ। ਪੂਰੇ ਨੂੰ ਪੰਜ ਕਹਿੰਦੇ ਨੇ, ਪੂਰੇ ਪੰਜ ਛਾਂਟਣੇ ਸੀ। ਪੰਜਾਂ ਵਿਚ ਇਕ ਤੋਂ ਇਕ ਚੜ੍ਹਦਾ ਸੀ।

ਆਹ ਇਤਿਹਾਸ ਵਾਲੇ ਲਿਖੀ ਜਾਂਦੇ ਨੇ ਨਾ ਕੱਚੀਆਂ ਗੱਲਾਂ ਕਿ ਗੁਰੂ ਸਾਹਿਬ ਨੇ ਆਵਾਜ਼ ਮਾਰੀ ਜੀ ਨੀਵੀਆਂ ਪਾ ਲਈਆਂ, ਉਹ ਆਪ ਹੀ ਨੀਵੀਆਂ ਪਾਉਂਦੇ ਨੇ। ਜਿਨ੍ਹਾਂ ਦੀ ਕਲਮ ਇਹ ਲਿਖਦੀ ਹੈ ਨਾ, ਉਹ ਆਪਣੀ ਅਵਸਥਾ ਦਸਦੇ ਨੇ ਕਿ ਮੈਂ ਜੇ ਉਸ ਵੇਲੇ ਹੁੰਦਾ ਤੇ ਗੁਰੂ ਸੀਸ ਮੰਗਦਾ ਤੇ ਮੈਂ ਨੱਠ ਹੀ ਜਾਣਾ ਸੀ।

ਉਹ ਕੱਚੇ ਨਹੀਂ ਸੀ ਲਿਖਣ ਵਾਲੇ ਸਾਡੇ ਕੱਚੇ ਨੇ। ਗਲਤ ਗੱਲਾਂ ਲਿਖਦੇ ਨੇ ਇਤਿਹਾਸ ਵਿਚ। ਜਿਨ੍ਹਾਂ ਨੇ ਨਿਧੜਕ ਹੋ ਕੇ ਲਿਖਿਆ ਹੈ ਉਹ ਕਹਿੰਦੇ ਨੇ ਕਿ ਗੁਰੂ ਸਾਹਿਬ ਨੇ ਸਾਮ੍ਹਣੇ ਹੀ ਵੱਢ ਦਿਤੇ ਸੀ ਬੰਦੇ। ਉਹ ਫੇਰ ਜਦੋਂ ਕਿਰਿਆ ਮੁੱਕ ਗਈ, ਉਹ ਤਾਂ ਸਾਰੇ ਹੀ ਤਿਆਰ ਹੋ ਗਏ ਕਿ ਮੈਂ ਆਉਣਾ ਹੈ ਮੈਂ ਆਉਣਾ ਹੈ। ਉਹ ਕਹਿੰਦੇ, ਪਿਆਰੇ ਤੁਸੀਂ ਵੀ ਮੈਨੂੰ ਐਨੇ ਓਂ, ਪਰ ਮੈਂ ਪੰਜ ਹੀ ਲੈਣੇ ਸੀ।

ਕਿਉਂਕਿ ਸਿੱਖ ਆਰਿਆਂ ਨਾਲ ਚੀਰੇ ਜਾ ਚੁੱਕੇ ਸੀ, ਤੇਗਾਂ 'ਚ ਉਬਾਲੇ ਜਾ ਚੁੱਕੇ ਸੀ, ਅੱਗ ਲਾ ਕੇ ਜਾਲੇ ਜਾ ਚੁੱਕੇ ਸੀ, ਫੇਰ ਉਹ ਸਿੱਖੀ ਕਿੱਥੋਂ ਕਮਜ਼ੋਰ ਹੋ ਗਈ? ਉਹ ਤਾਂ ਪੂਰਾ ਕਰਨ ਵਾਸਤੇ ਗੁਰੂ ਮਹਾਰਾਜ ਨੇ ਕੌਤਕ ਰਚਿਆ। ਜਿਹੜਾ ਇਹ ਕਹਿੰਦੇ ਨੇ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਜਦੋਂ ਐਲਾਨ ਕਰਿਆ ਕਿ ਕੋਈ ਸਿੱਖ ਹੈ, ਜਿਹੜਾ ਆਪਣੇ ਗੁਰੂ ਦਾ ਸੀਸ ਲੈ ਜਾਏ। ਸਿੱਖ ਪਾਗਲ ਤਾਂ ਨਹੀਂ ਸੀਗੇ ਕਿ ਓਧਰ ਤਾਂ ਫੌਜ ਲਈ ਖੜ੍ਹੀ ਹੈ ਹਥਿਆਰ ਤੇ ਨੱਠ ਕੇ ਜਾ ਕੇ ਆਪਣੇ ਆਪ ਨੂੰ ਮਰਵਾਉਣਾ ਸੀ। ਉਹ ਵਿਉਂਤ ਕਰਦੇ ਸੀ। ਐਡਾ ਇਨਾਮ ਸੀ ਕਿ ਉਹਦੇ ਟੁਕੜੇ ਕਰਕੇ ਦਰਵਾਜ਼ਿਆਂ ਤੇ ਲਟਕਾ ਦਿਤਾ ਜਾਏਗਾ। ਜਿਹਨੇ ਗੁਰੂ ਦੇ ਸਿਰ ਨੂੰ ਹੱਥ ਲਾਇਆ ਜਾਂ ਧੜ ਨੂੰ ਲਾਇਆ। ਉਹ ਧੜ ਵੀ ਲੈ ਗਏ ਤੇ ਸੀਸ ਵੀ ਲੈ ਗਏ। ਫੌਜ ਖੜ੍ਹੀ ਝਾਕਦੀ ਹੈ। ਉਹ ਦਲੇਰ ਨਹੀਂ ਸੀ ਤਾਂ ਕੌਣ ਸੀਗੇ, ਕਿੰਨੀ ਸਿੱਖੀ ਨੂੰ ਕਮਜ਼ੋਰ ਕਰਦੇ ਨੇ। ਕਹਿੰਦੇ ਨੇ ਕਿ ਜੀ ਕੋਈ ਨਾ ਨਿਕਲਿਆ, ਉਹ ਕੌਣ ਸੀਗੇ ਫੇਰ?

ਫੇਰ ਜੀ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਐਹੋ ਜਿਹਾ

ਬਣਾਊਂ ਜਿਹੜਾ ਸਾਰਿਆਂ ਦੇ ਵਿਚ ਇਕੱਲਾ ਹੀ ਦਿਸੀ ਜਾਵੇ। ਗੁਰੂ ਸਾਹਿਬ ਐਹੋ ਜਿਹੀਆਂ ਗੱਲਾਂ ਕਰਨ ਵਾਲੇ ਨਹੀਂ ਸੀ ਸਾਧਸੰਗਤ ਜੀ! ਗੁਰੂ ਸਾਹਿਬ ਚਰਿੱਤਰ ਦੀ ਮਹੱਤਤਾ ਦਿੰਦੇ ਸੀ, ਭੇਖ ਦੀ ਨਹੀਂ ਸੀ ਦਿੰਦੇ। ਗੁਰੂ ਮਹਾਰਾਜ ਮੌਲਕਤਾ ਲਿਆਉਣੀ ਚਾਹੁੰਦੇ ਸੀ। ਜੋ ਪੁਰਾਤਨਤਾ, ਜਿਵੇਂ ਇਨ੍ਹਾਂ ਦੇ ਬਜ਼ੁਰਗ ਜੀਉਂਦੇ ਸੀ, ਰਿਸ਼ੀ-ਮੁਨੀ ਜੀਉਂਦੇ ਸੀ, ਰਿਸ਼ੀਆਂ-ਮੁਨੀਆਂ ਨੂੰ ਸੰਸਾਰ ਦੇ ਅੰਦਰ ਗੁਰੂ ਮਹਾਰਾਜ ਨੇ ਲਿਆਂਦਾ। ਸੰਤ ਦੇ ਅੰਦਰ inject ਕਰਨਾ ਚਾਹੁੰਦੇ ਸੀਗੇ, ਥੋੜ੍ਹਾ ਜਿਹਾ ਸ਼ਕਤੀ ਇਹ ਨਹੀਂ ਸੀ ਕਿ ਸੰਤਾਂ ਦੀ ਰਾਖੀ ਵਾਸਤੇ ਖਾਲਸਾ ਪ੍ਰਗਟ ਕਰਿਆ।

ਇਥੇ ਇਕ ਬੀਬੀ ਬੋਲੇ, ਬਹੁਤ ਹੀ ਕਿਤਾਬਾਂ ਲਿਖੀਆਂ ਉਸਨੇ। ਕਹਿੰਦੀ, ਗੁਰੂ ਸਾਹਿਬ ਨੇ ਖਾਲਸਾ ਤਾਂ ਪ੍ਰਗਟ ਕਰਿਆ ਕਿ ਸੰਤਾਂ ਦੀ ਰਾਖੀ ਕਰੇ। ਮੈਂ ਕਿਹਾ ਬੀਬੀ! ਚੁੱਪ ਕਰ, ਬਹਿ ਜਾ, ਐਵੇਂ ਨਾ ਉਲਟੀਆਂ ਗੱਲਾਂ ਕਰ।

ਮੈਂ ਕਿਹਾ, ਸੰਤ ਕਿਹੜਿਆਂ ਨੂੰ ਤੂੰ ਕਹਿੰਦੀ ਹੈਂ ਕਿ ਸਿਪਾਹੀ ਬਣਾ ਦਿਤੇ, ਸਿਪਾਹੀ ਆਹ ਥੋੜ੍ਹੇ ਫਿਰਦੇ ਨੇ ਪੁਲਿਸ ਦੇ ਤੇ ਫੌਜ ਦੇ। ਤੈਨੂੰ ਗੱਲ ਕਰਨ ਦੀ ਜਾਚ ਨਹੀਂ। ਸੰਤਾਂ ਤਾਂ ਸਾਰੇ ਸੰਸਾਰ ਦੀ ਰਾਖੀ ਕਰਦੇ ਨੇ। ਆਹ ਧਰਤੀ ਡੋਲ ਜਾਵੇ ਜੇ ਸੰਤ ਨਾ ਹੋਣ। ਗੁਰੂ ਨਾਨਕ ਨੇ ਆ ਕੇ ਸੰਤ ਪੈਦਾ ਕੀਤੇ। ਧਰਤੀ ਦਾ ਸੰਤੁਲਨ ਕਾਇਮ ਰੱਖਣ ਵਾਸਤੇ। ਸੰਤ ਹੀ ਸਿਪਾਹੀ ਸੀਗਾ, ਸੰਤ ਨੂੰ ਕ੍ਰਿਆਸ਼ੀਲ ਕੀਤਾ, ਕਿਉਂਕਿ ਪਹਿਲੇ ਜਿਹੜੇ ਸੰਤ ਸੀ, ਉਹ ਜਦੋਂ ਉਨ੍ਹਾਂ ਨੂੰ ਪ੍ਰਮੇਸ਼ਰ ਮਿਲ ਜਾਂਦਾ ਸੀ, ਫੇਰ ਸਰੀਰ ਨੂੰ ਵਾਧੂ ਸਮਝਦੇ ਸੀ, ਉਹ ਆਪਣੀ ਮਰਜ਼ੀ ਨਾਲ ਸਰੀਰ ਛੱਡ ਜਾਂਦੇ ਸੀ। ਗੁਰੂ ਮਹਾਰਾਜ ਨੇ ਕਿਹਾ ਨਹੀਂ, ਨਹੀਂ ਇਹ ਸਰੀਰ ਪ੍ਰਮੇਸ਼ਰ ਦਾ ਦਿਤਾ ਹੋਇਆ ਹੈ, ਇਹਨੂੰ ਰਹਿਣ ਦਿਓ ਜਿੰਨਾਂ ਚਿਰ ਆਖਰੀ ਸਾਹ ਲਿਖਿਆ ਹੋਇਆ ਹੈ, ਲੇਕਿਨ ਇਹਨੂੰ ਲਾ ਦਿਓ ਲੇਖੇ ਦੇ ਵਿਚ। ਲੇਖੇ ਲਾਉਣ ਦੀ ਜੁਗਤ ਮਹਾਰਾਜ ਨੇ ਦੱਸੀ ਸੀ ਸੰਤਾਂ ਨੂੰ।

*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥*
*ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਅੰਗ - ੧੧੪੨*

ਜੇ ਸਤਿਗੁਰੂ 'ਚ ਮਰੇ ਹੋਏ ਨੂੰ ਜੀਉਂਦਾ ਕਰਨ ਦੀ ਸ਼ਕਤੀ ਨਹੀਂ, ਤਾਂ ਗੁਰੂ ਦਸਵੇਂ ਪਾਤਸ਼ਾਹ ਨਾਲੋਂ ਤਾਂ ਬਾਬਾ ਅੱਟਲ ਵੱਡਾ ਸੀ ਜਿਹਨੇ ਮੋਹਨ ਨੂੰ ਮਰੇ ਹੋਏ ਨੂੰ ਰਾਤ ਦੇ ਨੂੰ, ਖੂੰਡੀ ਪਾ ਕੇ ਕਹਿ ਦਿਤਾ ਕਿ ਮੇਰੀ ਪਿੱਤ ਦੇ। ਬਾਬਾ ਗੁਰਦਿੱਤਾ ਜੀ ਵੱਡੇ ਸੀ ਜਿਨ੍ਹਾਂ ਤੋਂ ਗਊ ਮਰ ਗਈ, ਰੌਲਾ ਪੈਣ ਤੇ ਵਾਹਿਗੁਰੂ ਕਹਿ ਕੇ ਉਵੇਂ ਜਿਵੇਂ ਆਂਦਰਾਂ ਬਾਹਰ ਨਿਕਲਦੀਆਂ ਹੋਈਆਂ, ਗਊ ਜੀਉਂਦੀ ਬਗੈਰ ਜਖਮ ਤੋਂ ਖੜ੍ਹੀ ਕਰ ਦਿਤੀ। ਨਾਮਦੇਵ ਜੀ ਨੇ ਬਿਸਮਲ ਕਰੀ ਹੋਈ ਗਊ ਨੂੰ ਜੀਉਂਦੀ ਕਰਕੇ ਦੁੱਧ 'ਚੋ ਦਿਤਾ। ਫੇਰ ਗੁਰੂ ਮਹਾਰਾਜ ਵੇਲੇ ਹੀ ਤੁਹਾਨੂੰ ਸ਼ੱਕ ਪੈ ਜਾਂਦਾ ਹੈ? ਜੀ ਇਨ੍ਹਾਂ ਨੇ ਬੱਕਰੇ ਬੰਨ੍ਹੇ ਹੋਏ ਸੀ ਅੰਦਰ ਜੀ?

ਗੁਰੂ ਐਹੋ ਜਿਹਾ ਨਹੀਂ ਸੀ ਸਾਧਸੰਗਤ ਜੀ! ਆਪ ਹੀ ਐਹੋ ਜਿਹੇ ਨੇ ਲਿਖਣ ਵਾਲੇ। ਉਨ੍ਹਾਂ ਨੂੰ ਵਿਸ਼ਵਾਸ਼ ਨਹੀਂ ਹੈ ਇਨ੍ਹਾਂ ਗੱਲਾਂ ਦੇ ਉਤੇ। ਸੋ ਸਿੱਖੀ ਦੀ ਪਰਖ ਕੀਤੀ ਗੁਰੂ ਮਹਾਰਾਜ ਨੇ। ਪਹਿਲੇ ਪੰਜ, ਜਿਨ੍ਹਾਂ ਦੇ ਇਕੋ ਜਿਹੇ ਨੰਬਰ ਹੋਣ, ਉਹ ਛਾਂਟਣੇ ਸੀ ਉਨ੍ਹਾਂ ਨੇ ਕਿ ਕਿਹੜਾ ਹੈ ਜਿਹੜਾ ਪੂਰੀ ਤਰ੍ਹਾਂ ਦੇ ਨਾਲ ਗੁਰੂ ਦੇ ਵਿਚ ਲੀਨ ਹੋ ਗਿਆ। ਗੁਰੂ ਦੀ ਗੌਰ ਵਿਚ ਜਿਹੜਾ ਸਮਾਅ ਗਿਆ। ਕਿਉਂਕਿ ਸਿੱਖੀ ਦੇ ਵਾਸਤੇ ਤਾਂ ਮਹਾਰਾਜ ਨੇ ਐਨੇ ਪੱਕੇ ਕਰ ਦਿਤੇ ਸੀ ਕਿ ਐਸੇ ਫੁਰਮਾਨ ਆਉਂਦੇ ਸੀ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮੁ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*

ਕਿੱਡੀ ਉਚੀ ਕਸਵੱਟੀ ਸੀ ਸਿੱਖ ਵਾਸਤੇ। ਇਹਦੇ ਵਿਚੋਂ ਲੰਘ ਕੇ ਸਿੱਖ ਪਹੁੰਚਦੇ ਸੀ ਗੁਰੂ ਦੀ ਗੌਰ 'ਚ ਸਮਾਅ ਜਾਂਦੇ ਸੀ, ਆਪਣਾ ਆਪਾ ਲੀਨ ਕਰਕੇ ਗੁਰੂ ਦਾ ਰੂਪ ਬਣ ਜਾਂਦੇ ਸੀ। ਐਡੇ ਉਚੇ ਗੁਰਸਿੱਖ ਗੁਰੂ ਨਾਨਕ ਤੋਂ ਚੱਲੇ ਹੋਏ, ਨੌਂਵਾਂ ਪਾਤਸ਼ਾਹੀਆਂ ਬਾਅਦ ਐਨੇ ਕਮਜ਼ੋਰ ਕਰ ਦੇਣੇ ਕਿ ਗੁਰੂ ਦੀ ਆਵਾਜ਼ ਸੁਣ ਕੇ ਨੀਵੀਆਂ ਪਾ ਲਈਆਂ? ਮੈਂ ਇਤਿਹਾਸ ਨਾਲ ਨਹੀਂ ਸਹਿਮਤ ਹੁੰਦਾ ਸਾਧਸੰਗਤ ਜੀ! ਜਿਹੜਾ ਗੁਰਬਾਣੀ ਤੋਂ ਬਾਹਰ ਕੱਢ ਲਵੇ।

ਸੋ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ, ਇਹਦੀ ਕਸਵੱਟੀ 'ਚ ਹਰ ਚੀਜ਼ ਤੋਲਣੀ ਹੈ, ਨਾਪਣੀ ਹੈ ਕਿ ਕਿੰਨੇ ਗੁਰਮੁਖ ਪਿਆਰੇ ਸੀਗੇ ਦੇ ਦੱਸੀਏ ਤੁਹਾਨੂੰ। ਸੋ ਇਸ ਤਰ੍ਹਾਂ ਸਾਧਸੰਗਤ ਜੀ ਸਿੱਖੀ ਕਮਜ਼ੋਰ ਨਹੀਂ ਸੀ, ਨਾ ਕਮਜ਼ੋਰ ਹੈਗੀ। ਇਹ ਚੜ੍ਹਦੀਆਂ ਕਲਾ 'ਚ ਗੁਰੂ ਨਾਨਕ ਦਾ ਰੱਖਿਆ ਹੋਇਆ ਬੀਜ ਹੈ, ਫੈਲਿਆ ਹੋਇਆ ਬੂਟਾ ਹੈ ਗੁਰੂ ਨਾਨਕ ਦਾ। ਇਹਦੇ ਵਿਚ ਕਮਜ਼ੋਰੀ ਨਹੀਂ ਆਉਂਦੀ ਕਦੀ, ਕਮਜ਼ੋਰੀ ਆਉਂਦੀ ਹੈ, ਕਮਜ਼ੋਰ ਬੰਦੇ ਇਹਨੂੰ ਕਮਜ਼ੋਰ ਬਣਾਉਂਦੇ ਨੇ। ਇਹ ਤਾਂ ਸਾਰੀ ਦੁਨੀਆਂ ਦਾ ਸਰਦਾਰ ਸਾਜਿਆ ਹੈ, ਖਾਲਸਾ, ਉਹਦੀ ਪਰਖ ਹੋਈ। ਪਰਖ ਇਕ ਕਰਤਬ ਸੀਗਾ, ਉਹ ਕੋਈ ਡਰਾਉਣ ਵਾਲੀ ਗੱਲ ਨਹੀਂ ਸੀ।

« « « « « « «

(ਪੰਨਾ 7 ਦੀ ਬਾਕੀ)

ਸੁਆਦਾਂ ਵਿਚ ਪੈ ਕੇ ਸੌਂ ਗਈ -

***ਮਨੁ ਸੋਇਆ ਮਾਇਆ ਬਿਸਮਾਦਿ ॥ ਅੰਗ - ੧੯੨***

ਮਨ ਸੌਂ ਗਿਆ ਮਾਇਆ ਦੇ ਨਸ਼ੇ ਵਿਚ ਇਸ ਕਰਕੇ ਸਮਾਂ ਸੁੱਤੇ ਦਾ ਹੀ ਤੁਰਿਆ ਜਾਂਦਾ ਹੈ, ਕੋਈ ਜਾਗਦਾ ਨਹੀਂ ਹੈ। ਸੋ ਮਹਾਰਾਜ ਇਹ ਕਹਿੰਦੇ ਨੇ ਕਿ ਜਦੋਂ ਸਤਿਸੰਗ ਪ੍ਰਾਪਤ ਹੋਇਆ ਫੇਰ ਸਾਨੂੰ ਜਾਗ ਆ ਗਈ, ਇਸ ਜੀਵ ਨੂੰ ਜਾਗ ਆ ਗਈ, ਜਦੋਂ ਜਾਗ ਆਈ ਤਾਂ ਹੈਰਾਨ ਹੋ ਗਿਆ ਕਿ -

***ਜਹ ਦੇਖਾ ਤਹ ਪਿਰੁ ਹੈ ਭਾਈ ॥***
***ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥***
***ਅੰਗ - ੭੩੮***

ਜਿਸਨੂੰ ਮੈਂ ਮਿਲਣ ਲਈ ਰੋਂਦਾ ਕਲਪਦਾ ਸੀ। ਮੱਛੀ ਸਮੁੰਦਰ ਵਿਚ ਰਹਿੰਦੀ ਰੋਂਦੀ ਕਲਪਦੀ ਹੈ ਕਿ ਮੈਨੂੰ ਸਮੁੰਦਰ ਮਿਲ ਜਾਵੇ ਕਿਸੇ ਮਹਾਂਪੁਰਸ਼ ਨੂੰ ਦਇਆ ਆਏ ਉਨ੍ਹਾਂ ਨੇ ਕਿਹਾ, ਕੀ ਗੱਲ ਤੂੰ ਰੋਂਦੀ ਹੈਂ?

ਕਹਿੰਦੀ, ਮੈਂ ਸਮੁੰਦਰ ਨੂੰ ਮਿਲਣਾ ਹੈ, ਮੈਂ ਪਾਣੀ ਨੂੰ ਮਿਲਣਾ ਹੈ।

ਕਹਿੰਦੇ, ਲਿਆ ਮੈਂ ਮਿਲਾ ਦਿੰਦਾ ਹਾਂ। ਇੱਥੇ ਆ ਕੰਢੇ ਤੇ।

ਜਦੋਂ ਕੰਢੇ ਤੇ ਆਈ ਤਾਂ ਉਨ੍ਹਾਂ ਨੇ ਚੁੱਕ ਕੇ ਬਰੇਤੀ ਤੇ ਰੱਖ ਦਿਤੀ।

ਕਹਿੰਦੀ, ਮੈਂ ਤਾਂ ਮਰੀ, ਮੈਂ ਤਾਂ ਮਰੀ।

ਉਨ੍ਹਾਂ ਨੇ ਚੁੱਕ ਕੇ ਫੇਰ ਪਾਣੀ ਵਿਚ ਪਾ ਦਿਤੀ।

ਕਹਿੰਦੇ, ਇਹੀ ਪਾਣੀ ਹੈ ਜਿਸ ਦੇ ਵਿਚ ਤੂੰ ਰਹਿੰਦੀ ਹੈ। ਸੋ ਪ੍ਰਮੇਸ਼ਰ ਇਹੀ ਹੈ ਜਿਸ ਦੇ ਆਧਾਰ ਤੇ ਸਾਡੀ ਜ਼ਿੰਦਗੀ ਕਾਇਮ ਹੈ। ਜੇ ਵਾਹਿਗੁਰੂ ਨਾ ਹੋਵੇ ਪਰੀਪੂਰਨ, ਘਟ-ਘਟ ਵਿਚ ਵਿਆਪਕ..., ਸਾਡੇ ਸਰੀਰ ਨੂੰ 2 ਖਰਬ 15 ਅਰਬ ਸੈਲ ਲੱਗੇ ਹੋਏ ਨੇ। ਇਸ ਛੋਟੇ ਤੋਂ ਛੋਟੇ ਸੈਲ ਦਾ ਜੇ ਕਰੋੜ ਟੁਕੜਾ ਵੀ ਕਰ ਦੇਈਏ ਕੋਈ ਹੋਵੇ ਤਰੀਕਾ ਤਾਂ ਵੀ ਸੈਲ ਦੇ ਹਰ ਟੁਕੜੇ ਵਿਚ ਪ੍ਰਮੇਸ਼ਰ ਹੈ ਯਾਨੀ ਪ੍ਰਮੇਸ਼ਰ ਨੂੰ ਕਿਸੇ ਥਾਂ ਤੇ ਵੱਖਰਾ ਨਹੀਂ ਕੀਤਾ ਜਾ ਸਕਦਾ ਕੇਵਲ ਸੁਰਤ ਵੱਖਰਾ ਕਰਦੀ ਹੈ ਉਸਨੂੰ, ਹੁੰਦੇ ਹੋਏ ਨੂੰ ਭੁੱਲਦੀ ਹੈ। ਸੋ ਭੁੱਲ ਹੀ ਵੱਡਾ ਪਰਦਾ ਹੈ। ਜਦੋਂ ਤੱਕ ਭੁੱਲ ਦੂਰ ਨਹੀਂ ਹੁੰਦੀ ਉਦੋਂ ਤੱਕ ਮਿਲਾਪ ਨਹੀਂ ਹੁੰਦਾ। ਜਦੋਂ ਤਕ ਸੰਗਤ ਵਿਚ ਨਹੀਂ ਆਉਂਦਾ ਓਨਾਂ ਚਿਰ ਭੁੱਲ ਦੂਰ ਨਹੀਂ ਹੁੰਦੀ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

« « « « « « «


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ ਫੀ | ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................
ਪਤਾ/Address ..........................................
..........................................
..........................................
..........................................Pin Code..........................................
Phone.......................... E-mail :..........................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 01, 08, 15, 22, 29 ਅਪ੍ਰੈਲ

**ਸੰਗਰਾਂਦ** – 14 ਅਪ੍ਰੈਲ, ਦਿਨ ਸ਼ਨੀਵਾਰ।

**ਪੂਰਨਮਾਸ਼ੀ** – 2 ਅਪ੍ਰੈਲ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 28 ਅਪ੍ਰੈਲ 2007, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI 61816/95

Postal Regd. No. CHD/0081/2006
PP/CHD-3/0003

# GURU GOBIND SINGH VIDYA MANDIR RATWARA SAHIB

Ph - 0160-2255003



## Registration And Admission Open For Classes Nursery to X

**School will be upgraded by one class every year up to XII**

**(Affiliated to C.B.S.E., New Delhi) (Affiliation No. -1630370)**

**Hostel Facility available.**



**Limited Seats** ਸੀਮਤ ਸੀਟਾਂ

**Co-Educational** ਸਹਿ-ਸਿਖਿਅਕ

**English Medium** ਅੰਗਰੇਜ਼ੀ ਮਾਧਿਅਮ



ਸਕੂਲ ਬਿਲਡਿੰਗ

"ਦੇਗ ਤੇਗ ਜਗ ਮੈ ਦੋਊ ਚਲੈ।" ਪਰੀਪੂਰਨ ਸੰਤ, ਬ੍ਰਹਮਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਕਰ-ਕਮਲਾਂ ਨਾਲ ਸਥਾਪਿਤ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ' ਉਹ ਸੰਸਥਾ ਹੈ ਜੋ ਸਾਇੰਸ ਦੇ ਯੁੱਗ ਵਿੱਚ ਆਧੁਨਿਕ ਵਿਗਿਆਨਿਕ ਤਕਨੀਕਾਂ ਰਾਹੀਂ ਵਿਦਿਆ ਪ੍ਰਦਾਨ ਕਰਨ ਦੇ ਨਾਲ-ਨਾਲ ਬੱਚਿਆਂ ਨੂੰ ਸਿਖਰ ਦੇ ਅਧਿਆਤਮਿਕ ਜੀਵਨ ਦੇ ਆਤਮ-ਮਾਰਗ ਦੇ ਪਾਂਧੀ ਬਣਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਨੂੰ ਸਮਰਪਿਤ ਹੁੰਦੇ ਹੋਏ ਬਾਬਾ ਜੀ ਮਹਾਰਾਜ ਦੇ ਉਪਰੋਕਤ ਮਹਾਂਵਾਕ ਅਨੁਸਾਰ ਉਹ ਸੁਪਨਾ ਸਾਕਾਰ ਕਰਨ ਲਈ ਇਹ ਸੰਸਥਾ ਕੁਦਰਤ ਦੀ ਗੋਦ ਵਿੱਚ ਵਸਾਈ ਕਿ ਇੱਥੋਂ ਤਾਲੀਮ ਲੈਣ ਵਾਲੇ ਮੇਰੇ ਬੱਚੇ ਉਹ ਸੱਚੇ ਸੰਤ-ਸਿਪਾਹੀ ਬਣਨ ਜੋ ਮਨੁੱਖਾ ਜੀਵਨ ਦੇ ਪਰਮ ਮਨੋਰਥ ਵੱਲ ਕਦਮ ਪੁੱਟਦੇ ਹੋਏ ਦੇਸ਼- ਕੌਮ ਤੇ ਪੂਰੀ ਖਲਕਤ ਦੀ ਤਨ ਮਨ ਧਨ ਨਾਲ ਰਾਖੀ ਕਰ ਸਕਣ। ਸੋ ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਬੀ ਦੇ ਅਸ਼ੀਰਵਾਦ ਸਦਕਾ ਅੱਜ ਸਾਡਾ ਸਕੂਲ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ ਤੇ ਅੱਵਲ ਨੰਬਰ ਤੇ ਆ ਰਿਹਾ ਹੈ-



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨਾਲ ਫੋਟੋ ਕਰਵਾਉਂਦੇ ਸਕੂਲ ਦੇ ਵਿਦਿਆਰਥੀ, ਪ੍ਰਿੰਸੀਪਲ ਅਤੇ ਡਾਇਰੈਕਟਰ।



ਸਲਾਨਾ ਸਮਾਰੋਹ ਮੌਕੇ ਵਿੱਚ ਲੜਕੀਆਂ ਗਿੱਧਾ ਪਾ ਰਹੀਆਂ ਹਨ।



ਸਕੂਲ ਦਾ ਆਰਟ ਅਤੇ ਕਰਾਫਟ ਰੂਮ



ਸਕੂਲ ਦੀ ਸਾਇੰਸ ਲੈਬ ਵਿੱਚ ਪ੍ਰਯੋਗ ਕਰਦੇ ਹੋਏ ਵਿਦਿਆਰਥੀ।

**Salient Features**

1. Spacious school building in the lap of nature., 2. No building fund is charged., 3. Admission charges only once during admission of the child in the school., 4. Medium of instruction - English.., 5. Ideal Teacher Student Ratio 1:25., 6. Activity Based learning, 7. Lays emphasis on English speaking., 8. Hobby classes and summer camp a routine feature of the school., 9. Music, Dance & Yoga classes.

**- Best students sent to UK for 14 day education trip by NRI's**

10. Emphasis on extra curricular activities (literary, religious, sports, cultural etc.), 11. Well stocked library catering to the needs of different age groups., 12. Well equipped computer labs with internet., 13. Art & craft room., 14. Well furnished science lab., 15. Playway rooms with latest educational toys for kids., 16. Medical facilities - First aid and dispensary available. 17. School bus facility available, 18.Hostal Facilit available..

- Syllabus - C.B.S.E., - Registration & Admission open for Classes Nursery to IX

ਸਹੂਲਤਾਂ

1. ਕੁਦਰਤ ਦੀ ਗੋਦ ਵਿੱਚ ਸਥਿਤ ਖੁੱਲ੍ਹੀ-ਡੁੱਲ੍ਹੀ ਇਮਾਰਤ।, 2. ਧਰਮ ਅਤੇ ਜੀਵਨ ਪ੍ਰਤੀ ਵਿਗਿਆਨਿਕ ਸੋਚ ਅਧਾਰਿਤ ਵਾਲਾ ਮਾਹੌਲ, 3. ਵਿਸ਼ੇਸ਼ ਸਹੂਲਤਾਂ ਨਾਲ ਲੈਸ ਕਲਾਸ ਰੂਮਜ਼ ਅਤੇ ਖੇਡ ਦੇ ਮੈਦਾਨ, ਅੰਗਰੇਜ਼ੀ ਮਾਧਿਅਮ।

4. ਤਜਰਬੇਕਾਰ, ਉੱਚ-ਯੋਗਤਾ ਪ੍ਰਾਪਤ ਅਧਿਆਪਕ, ਅਧਿਆਪਕ ਵਿਦਿਆਰਥੀ ਅਨੁਪਾਤ 1:25, 5. ਵਾਜਬ ਫ਼ੀਸ, ਦੂਜੇ ਬੱਚੇ ਲਈ ਫ਼ੀਸ ਅੱਧੀ, ਰੋਜ਼ਾਨਾ ਗੁਰਬਾਣੀ ਪੀਰੀਅਡ।, 6. ਵਿਸ਼ਾਲ ਕੰਪਿਊਟਰ ਲੈਬ ਜਿੱਥੇ ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਕੰਪਿਊਟਰ ਵਿਸ਼ੇ ਦੀ ਜਾਣਕਾਰੀ ਦਿੱਤੀ ਜਾਂਦੀ ਹੈ।, 7. ਪੜ੍ਹਾਈ ਦੇ ਨਾਲ-ਨਾਲ ਸਿੱਖਿਆਦਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਰਾਹੀਂ ਬੱਚਿਆਂ ਦੀ ਅੰਦਰਲੀ ਕਲਾ ਨੂੰ ਜਾਗਰੂਕ ਕੀਤਾ ਜਾਂਦਾ ਹੈ।

- ਵਿਦੇਸ਼ੀ ਭਾਰਤੀਆਂ ਦੁਆਰਾ ਹਰ ਸਾਲ ਸਕੂਲ ਦੇ ਪੰਜ ਬੱਚੇ 14 ਦਿਨਾਂ ਲਈ ਇੰਗਲੈਂਡ ਵਿੱਚ ਵਿਦਿਅਕ ਦੌਰੇ ਤੇ ਲਿਜਾਏ ਜਾਂਦੇ ਹਨ।

8. ਵਿਸ਼ਾਲ ਖੇਡ ਦੇ ਮੈਦਾਨ, ਖੇਡ ਸਹੂਲਤਾਂ।, 9. ਵਾਧੂ ਰੁਚੀਆਂ ਤੇ ਵਿਸ਼ੇਸ਼ ਜ਼ੋਰ (ਸਾਹਿਤਕ, ਧਾਰਮਿਕ, ਖੇਡਾਂ ਅਤੇ ਸੱਭਿਆਚਾਰਕ ਆਦਿ)।, 10. ਉੱਚ ਪੱਧਰੀ ਅਧਿਆਤਮਿਕ ਸਾਹਿਤ ਸਮੇਤ ਹਰ ਵਿਸ਼ੇ ਤੇ ਉਪਲਬਧ ਸਾਹਿਤ ਦੀ ਲਾਇਬ੍ਰੇਰੀ।

11. ਕੰਪਿਊਟਰ ਲੈਬ ਵਿੱਚ ਇੰਟਰਨੈੱਟ ਦੀ ਸਹੂਲਤ ਹੈ।, 12. ਆਰਟ ਤੇ ਕਰਾਫਟ ਰੂਮਜ਼, ਆਧੁਨਿਕ ਸਾਇੰਸ ਲੈਬ , ਡਾਕਟਰੀ ਸਹੂਲਤਾਂ ਉਪਲਬਧ ਹਨ।, 13. ਹਰ ਸਾਲ ਸ਼ਾਨਦਾਰ 'ਸਪੋਰਟਸ ਡੇ' ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਕ੍ਰਿਕਟ ਮੈਚ, ਅਥਲੈਟਿਕਸ ਅਤੇ ਕਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।, 14. ਟਰਾਂਸਪੋਰਟ ਸਹੂਲਤ ਉਪਲਬਧ।, ੧੫. ਹੋਸਟਲ ਸਹੂਲਤ ਉਪਲਬਧ।

- ਸੀ. ਬੀ. ਐਸ. ਈ. ਵੱਲੋਂ ਮਾਨਤਾ ਪ੍ਰਾਪਤ।
- +2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ



ਕੰਪਿਊਟਰ ਲੈਬ ਵਿੱਚ ਵਿਦਿਆਰਥੀ ਪ੍ਰੈਕਟੀਕਲ ਕਰਦੇ ਹੋਏ।

**GURU GOBIND SINGH VIDYA MANDIR**

**P.O. Mullanpur Garibdas, Distt. Mohali- 140901,**

**Tel. : (160) 2255003, Fax. : 2255009, Email**

**atammarg@glide.net.in**